# ਦੇਸ਼ ਦੁਆਬਾ

VOL -2 ISSUE - 8
July 16-31, 2013
www.deshdoaba.com
www.ambedkartimes.com




**ਡਾ: ਅੰਬੇਦਕਰ ਜੀ ਦੀ ਪੋਤੀ, ਰਮਾ ਜੀ ਦੀ ਯੂ.ਕੇ. ਫੇਰੀ**

ਰਿਪੋਰਟ ਸਫਾ 3 ਤੇ.


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 510-219-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


# ਸੂਫੀ ਗਾਇਕੀ ਦੇ ਨਾਮ ਇਕ ਸ਼ਾਮ ਨੂੰ ਡਾ: ਮਮਤਾ ਜੋਸ਼ੀ ਨੇ ਯਾਦਗਾਰੀ ਬਣਾਇਆ





ਸੈਕਰਾਮੈਂਟੋ (ਡੀ ਡੀ ਬੀ)- ਅੰਤਰ ਰਾਸ਼ਟਰੀ ਪ੍ਰਮੋਟਰਜ਼ ਬੀਟਸ ਆਫ ਲਾਇਫ ਇੰਟਰਟੇਨਮੈਂਟ (ਐਲ. ਐਲ. ਸੀ.) ਦੀ ਪੇਸ਼ਕਸ਼ ਇਸ ਸੂਫੀ ਗਾਇਕੀ ਦੀ ਸ਼ਾਮ ਵਿਚ ਡਾਕਟਰ ਮਮਤਾ ਜੋਸ਼ੀ ਦੇ ਸੂਫ਼ੀਆਨਾ ਕਲਾਮਾਂ ਦੇ ਰੰਗਾਂ ਦੀ ਰੌਸ਼ਨੀ ਐਸੀ ਰੰਗਤ ਦੇ ਗਈ ਕਿ ਪਲ-ਪਲ ਪਲ ਯਾਦਾਂ 'ਚ ਵੱਸ ਗਿਆ। ਬੀਟਸ ਆਫ ਲਾਇਫ ਦੇ ਪ੍ਰਬੰਧਕ ਡਾ. ਹਰਮੇਸ ਕੁਮਾਰ ਅਤੇ ਇਸ ਮਹਿਫਲ ਦੇ ਸਪਾਂਸਰ ਮਾਸਟਰ ਦੀਪਕ, ਇੰਡੀਆ ਕੈਸ਼ ਐਂਡ ਕਰੀ, ਵਿਨੋਦ ਸ਼ਰਮਾ, ਹਰਜਿੰਦਰ ਧਾਮੀ, ਡਾ. ਜਨਕ ਮਹਿਤਾਨੀ, ਬਲਵਿੰਦਰ ਡੁੱਲਕੂ, ਧੀਰਾ ਨਿੱਝਰ ਹੋਰਾਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਇਹ ਸਮਾਗਮ ਸ਼ੁਰੂ ਹੋਇਆ। ਡਾ. ਹਰਮੇਸ਼ ਕੁਮਾਰ ਡਾਕਟਰੀ ਪੇਸ਼ੇ ਦੇ ਨਾਲ ਨਾਲ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਕਾਰਜਾਂ ਵਿਚ ਵੀ ਬਰੋ-ਬਰੋਬਰ ਨਿਭਦੇ ਹਨ। ਬਹੁਪੱਖੀ ਸ਼ਖਸੀਅਤ ਡਾ. ਹਰਮੇਸ਼ ਕੁਮਾਰ ਦੀ ਉਸਾਰੂ ਸੋਚਣੀ ਦਾ ਨਤੀਜਾ ਹੈ ਕਿ ਉਹਨਾਂ ਵੱਲੋਂ ਪੰਜਾਬੀ ਰਵਾਇਤੀ ਲੋਕ ਰੰਗਾਂ ਦੀ ਵਿਰਾਸਤ ਅਤੇ ਸੰਗੀਤ ਨੂੰ ਦਰਸ਼ਕਾਂ ਦੇ ਰੂਬਰੂ ਕਰਨ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਇਸ ਸਮਾਗਮ ਤੋਂ ਪਹਿਲਾਂ ਉਹਨਾਂ ਨੇ ਸੂਫੀ ਸੰਗੀਤ ਦੇ ਵਿਲੱਖਣ ਹਸਤਾਖਰ ਡਾ. ਸਤਿੰਦਰ ਸਰਤਾਜ ਨੂੰ ਵੀ ਅਮਰੀਕਾ ਬੁਲਾ ਕੇ ਲੋਕਾਂ ਦੇ ਰੂਬਰੂ ਕਰਵਾਇਆ ਸੀ।

ਇਸ ਵਾਰ ਦੇ ਸੂਫੀ ਸਮਾਗਮ ਵਾਸਤੇ ਉਹਨਾਂ ਨੇ ਬੀਟਸ ਆਫ ਲਾਇਫ ਵੱਲੋਂ ਸੂਫੀ ਗਾਇਕਾ ਡਾ. ਮਮਤਾ ਜੋਸ਼ੀ ਨੂੰ ਸੱਦਾ ਦੇ ਕੇ ਦਰਸ਼ਕਾਂ ਦੇ ਰੂਬਰੂ ਕਰਨ ਦਾ ਸਾਰਥਕ ਉਪਰਾਲਾ ਕੀਤਾ। ਡਾ. ਜੋਸ਼ੀ ਇਸ ਸਮੇਂ ਆਪਣੇ ਗਰੁੱਪ ਨਾਲ ਅਮਰੀਕਾ ਫੇਰੀ 'ਤੇ ਹਨ। ਉਹਨਾਂ ਵੱਲੋਂ ਪਹਿਲਾਂ ਪ੍ਰੋਗਰਾਮ ਸੰਨੀਵੇਲ ਹਿੰਦੂ ਟੈਂਪਲ ਵਿਚ ਪੇਸ਼ ਕੀਤਾ ਗਿਆ। ਉਸ ਤੋਂ ਬਾਅਦ ਇਹ ਪ੍ਰੋਗਰਾਮ ਸੰਨੀਵੇਲ ਹਿੰਦੂ ਟੈਂਪਲ ਵਿਚ ਪੇਸ਼ ਕੀਤਾ ਗਿਆ।

(ਬਾਕੀ ਸਫਾ 2 ਤੇ ਦੇਖੋ)

# ਅਮਿੱਟ ਪੈੜਾਂ ਛੱਡ ਗਈ ਗਦਰ ਮੈਮੋਰੀਅਲ ਫਾਊਂਡੇਸ਼ਨ ਦੀ ਦੋ ਰੋਜ਼ਾ ਕਾਨਫਰੰਸ





ਗਦਰ ਲਹਿਰ ਨਾਲ ਸਬੰਧਤ ਖੋਜ ਭਰਪੂਰ ਪੁਸਤਕ ਗਦਰ ਮੂਵਮੈਂਟ: ਬੈਕ-ਗਰਾਊਂਡ ਆਇਡੀਆਲੋਜੀ, ਐਕਸ਼ਨ ਐਂਡ ਲੈਗੇਸੀਜ਼ ਰਲੀਜ਼ ਕਰਦੇ ਹੋਏ।

ਸੈਕਰਾਮੈਂਟੋ (ਬਿਊਰੋ): ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਵਲੋਂ ਗਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ 13 ਅਤੇ 14 ਜੁਲਾਈ ਨੂੰ ਕਰਵਾਈ ਗਈ ਦੋ ਰੋਜ਼ਾ ਕਾਨਫਰੰਸ ਆਪਣੇ ਮਕਸਦ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ। ਕਾਨਫਰੰਸ ਦੇ ਪਹਿਲੇ ਹਿੱਸੇ ਵਜੋਂ ਸੈਨ ਫਰਾਂਸਿਸਕੋ ਸ਼ਹਿਰ ਵਿਚ ਗਦਰ ਮੈਮੋਰੀਅਲ ਹਾਲ (ਯੁਗਾਂਤਰ ਆਸ਼ਰਮ) ਵਿਚ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਭਾਰਤ, ਅਮਰੀਕਾ ਅਤੇ ਹੋਰਨਾਂ ਮੁਲਕਾਂ ਤੋਂ ਆਏ ਚੋਟੀ ਦੇ ਵਿਦਵਾਨਾਂ ਨੇ ਗਦਰ ਲਹਿਰ ਦੇ ਮਕਸਦ ਅਤੇ ਇਸ ਲਈ ਜੂਝ ਮਰੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਉਤੇ ਚਾਨਣਾ ਪਾਇਆ। ਯੁਗਾਂਤਰ ਆਸ਼ਰਮ ਉਹ ਸਥਾਨ ਹੈ ਜਿਥੇ ਇਕ ਸਦੀ ਪਹਿਲਾਂ ਗਦਰੀ ਬਾਬਿਆਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਦੇ ਮਨੋਰਥ ਨਾਲ 'ਗਦਰ' ਨਾਂ ਦਾ ਅਖਬਾਰ ਅਰੰਭ ਕੀਤਾ ਸੀ ਜਿਸ ਨੇ ਆਜ਼ਾਦੀ ਦੀ ਲਹਿਰ ਨੂੰ ਵੱਡਾ ਹਲੂਣਾ ਦਿੱਤਾ। ਇਸ ਮੌਕੇ ਪੰਜਾਬੀ

(ਬਾਕੀ ਸਫਾ 8 ਤੇ ਦੇਖੋ)



ਸੀਤਾ ਰਾਮ ਯੇਚੁਰੀ 'ਅੰਬਦਕਰ ਟਾਈਮਜ਼ ਅਤੇ ਦੇਸ਼ ਦੁਆਬਾ' ਅਖਬਾਰਾਂ ਨਾਲ। ਮਾਸਟਰ ਮਲਕੀਤ ਸਿੰਘ ਸੰਧੂ, ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ, ਕੇਵਲ ਬੋਲੀਨਾ ਆਦਿ ਨਾਲ ਖੜ੍ਹੇ ਦਿਖਾਈ ਦੇ ਰਹੇ ਹਨ।





**ਸੈਕਰਾਮੈਂਟੋ/ਐਲਕਗਰੋਵ ਵਿਖੇ 11 ਅਗਸਤ ਨੂੰ ਹੋ ਰਹੇ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ**

(ਖਬਰ ਦੇਖੋ ਸਫਾ 4 ਤੇ)




**MAJESTIC HOMES**

RAMESH SUMAN
Broker Realtor
RCS-D™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**Amrik Chand (CPA)**



Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

905 Corporate Way, Fremont, CA. 94539

**SAROAY INVESTMENT REALTY**




39039 Paseo
Padre Parkway
Suite # 205
Fremont, CA 94538

Ram Saroay
Broker

Office: (510) 742-8120, Fax: (510) 742-8121
ramsaroay@hotmail.com

# ਸੂਫੀ ਗਾਇਕੀ ਦੇ ਨਾਮ ਇਕ ਸ਼ਾਮ ਨੂੰ ਡਾਕਟਰ ਮਮਤਾ ਜੋਸ਼ੀ ਨੇ ਯਾਦਗਾਰੀ ਬਣਾਇਆ









ਉਸ ਤੋਂ ਬਾਅਦ ਇਹ ਪ੍ਰੋਗਰਾਮ Red Lion Woodlake & Conference Center, 500 Leisure Ln., Sacramento ਵਿਖੇ ਕਰਵਾਇਆ ਗਿਆ। ਇਹ ਸੰਗੀਤਕ ਸਮਾਗਮ ਮਿੱਥੇ ਸਮੇਂ ਤੋਂ ਥੋੜ੍ਹਾ ਪੱਛੜ ਕੇ ਸ਼ੁਰੂ ਹੋਇਆ ਕਿਉਂਕਿ ਆਪੋ ਆਪਣੇ ਕੰਮਾਂ ਤੋਂ ਫਾਰਗ ਹੋ ਕੇ ਦੂਰ ਦੁਰਾਡੇ ਤੋਂ ਦਰਸ਼ਕਾਂ ਨੇ ਪੁੱਜਣਾ ਹੁੰਦਾ ਹੈ।

ਸਮਾਗਮ ਦੇ ਸ਼ੁਰੂ ਵਿਚ ਡਾ. ਮਮਤਾ ਜੋਸ਼ੀ ਦੇ ਪਤੀ ਡਾ. ਚੇਤਨ ਜੋਸ਼ੀ ਨੇ ਡਾ. ਮਮਤਾ ਦੇ ਸੂਫ਼ੀ ਸਫ਼ਰ ਬਾਰੇ ਸੰਖੇਪ ਚਾਨਣਾ ਪਾਉਂਦੇ ਦੱਸਿਆ ਕਿ ਪੜ੍ਹਾਈ ਦੌਰਾਨ ਮਮਤਾ ਦੇ ਬਾਬਾ ਬੁੱਲ੍ਹੇ ਸ਼ਾਹ ਦੇ ਕਲਾਮ ਵਿਚ ਡੂੰਘੀ ਰੁਚੀ ਹੋਣ ਕਰਕੇ ਇਸ ਸੂਫੀ ਰੰਗ ਵਿਚ ਹੀ ਆਪਣੀ ਸੰਗੀਤ ਤਾਲੀਮ ਅਤੇ ਮੁਹਾਰਤ ਹਾਸਲ ਕੀਤੀ।

ਆਪਣੀ ਯੂਨੀਵਰਸਿਟੀ ਦੀ ਪੜ੍ਹਾਈ ਦੌਰਾਨ 'ਗੋਲਡਨ ਗਰਲ' ਦੇ ਨਾਮ ਨਾ ਜਾਣੀ ਜਾਂਦੀ ਮਮਤਾ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਅਤੇ ਹੋਰ ਰਾਸ਼ਟਰੀ ਮੁਕਾ ਬਲਿਆਂ ਵਿਚ ਸੋਨੇ ਚਾਂਦੀ ਦੇ ਛੇ ਮੈਡਲ ਜਿੱਤੇ। ਮਮਤਾ ਜੋਸ਼ੀ ਨੇ ਭਾਰਤ ਸਰਕਾਰ ਦੀ ਹਿਊਮਨ ਰਿਸੋਰਸ ਡਿਵੈਲਪਮੈਂਟ ਮਨਿਸਟਰੀ ਤੋਂ ਪੰਜਾਹ ਹਜ਼ਾਰ ਦਾ ਸਕਾਲਰਸ਼ਿਪ ਵੀ ਪ੍ਰਾਪਤ ਕੀਤਾ। ਉਸਨੇ ਸੰਗੀਤ ਦੀ ਐਮ. ਏ. ਗੋਲਡ ਮੈਡਲ ਨਾਲ ਕੀਤੀ ਅਤੇ ਕੱਥਕ ਨਾਚ ਵਿਚ ਸਿਲਵਰ ਮੈਡਲ ਨਾਲ ਐਮ. ਏ. ਕੀਤੀ। ਸੰਗੀਤ ਖੇਤਰ ਵਿਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਉਂਦਿਆਂ ਆਪਣੀ ਪੇਸ਼ਕਾਰੀ ਦੀ ਬਦੌਲਤ ਅਨੇਕਾਂ ਐਵਾਰਡ ਅਤੇ ਹੋਰ ਸਨਮਾਨ ਵੀ ਪ੍ਰਾਪਤ ਕੀਤੇ ਹਨ, ਜਿਹਨਾਂ ਵਿਚ ਸ਼ਿਵ ਕੁਮਾਰ ਬਟਾਲਵੀ ਐਵਾਰਡ, ਲਾਲ ਚੰਦ ਯਮਲਾ ਜੱਟ ਐਵਾਰਡ, ਸਰਸਵਤੀ ਐਵਾਰਡ, ਇੰਟਰਨੈਸ਼ਨਲ ਐਵਾਰਡ ਹਾਈ ਕਮਿਸ਼ਨ ਯੂ. ਕੇ. (ਸਕਾਟਲੈਂਡ) ਅਤੇ ਕਨੇਡਾ। ਪਹਿਲੇ ਵਰਲਡ ਕਬੱਡੀ ਕੱਪ ਵਿਚ ਪੇਸ਼ਕਾਰੀ ਤੇ ਮਾਣ ਸਨਮਾਨ, ਐਕਸਕਲੂਸਿਵ ਮਿਊਜ਼ੀਕਲ ਈਵਨਿੰਗ ਇੰਨ ਬਾਲੀਵੁੱਡ ਸੈਲੀਬ੍ਰਿਟੀ ਐਵਾਰਡ ਸੈਰੇਮਨੀ, ਵਿਰਸਾ 2011 ਮੁੰਬਈ ਸ਼ਾਮਲ ਹਨ। ਇਹ ਉਹ ਪਹਿਲੀ ਪੰਜਾਬੀ ਕਲਾਕਾਰ ਹੈ, ਜਿਸ ਨੇ ਰਵਿੰਦਰ ਨਾਥ ਟੈਗੋਰ ਦੀ ਕਵਿਤਾ ਨੂੰ ਗਾਇਆ ਹੈ। ਮਮਤਾ ਜੋਸ਼ੀ ਭਾਰਤੀ ਕਲਾਸੀਕਲ ਅਤੇ ਵੋਕਲ ਵਿਚ ਡਾਕਟਰੇਟ ਡਿਗਰੀ ਪ੍ਰਾਪਤ ਕਰਕੇ ਡਾ. ਮਮਤਾ ਜੋਸ਼ੀ ਬਣੀ ਹੈ। ਸੂਫੀ ਗਾਇਕੀ ਵਿਚ ਉਸਨੇ ਬਾਬਾ ਬੁੱਲ੍ਹੇ ਸ਼ਾਹ, ਬਾਬਾ ਫਰੀਦ, ਵਾਰਸ ਸ਼ਾਹ ਅਤੇ ਹੋਰ ਸੂਫੀ ਕਵੀਆਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਕੇ ਗਾਇਆ ਹੈ।

ਸੂਫੀ ਗਾਇਕੀ ਵਿਚ ਇਕ ਵੱਖਰਾ ਪਹਿਰਾਵਾ, ਅੰਦਾਜ਼ ਅਤੇ ਵਿਲੱਖਣ ਪਹਿਚਾਣ ਕਰਨ ਵਾਲੀ ਮਮਤਾ ਨੇ ਇੰਦੌਰ ਦੇ ਸੰਗੀਤਕ ਘਰਾਣੇ ਦੇ ਪੰਡਤ ਮਨੋਹਰ ਲਾਲ ਮਿਸ਼ਰਾ ਤੋਂ ਵੀ ਬਕਾਇਦਾ ਸੰਗੀਤ ਦੀ ਤਾਲੀਮ ਪ੍ਰਾਪਤ ਕੀਤੀ ਹੈ। ਇਸ ਮੁਢਲੀ ਜਾਣ ਪਹਿਚਾਣ ਤੋਂ ਬਾਅਦ ਸ਼ੁਰੂ ਹੋਇਆ ਸੂਫੀ ਗਾਇਕੀ ਦਾ ਸਫਰ ਰਾਤ ਬਾਰਾਂ ਵਜੇ ਤੱਕ ਚੱਲਿਆ ਅਤੇ ਦਰਸ਼ਕਾਂ ਦੀ ਭਰਵੀਂ ਹਾਜ਼ਰੀ ਨੂੰ ਉਸ ਨੇ ਆਪਣੀ ਵਿਲੱਖਣ ਸ਼ੈਲੀ, ਆਵਾਜ਼ ਅਤੇ ਚੋਣਵੇਂ ਕਲਮਾਂ ਅਤੇ ਚੋਣਵੀਂ ਸ਼ਾਇਰੀ ਨਾਲ ਕੀਲ ਕੇ ਰੱਖਿਆ। ਇਸ ਮਹਿਫਲ ਵਿਚ ਡਾ. ਜੋਸ਼ੀ ਨੇ ਬਾਬਾ ਫਰੀਦ, ਸਾਈਂ ਬੁੱਲ੍ਹੇ ਸ਼ਾਹ, ਵਾਰਸ ਸ਼ਾਹ, ਸ਼ਿਵ ਕੁਮਾਰ ਬਟਾਲਵੀ, ਗੁਰਭਜਨ ਗਿੱਲ, ਦੇਬੀ ਮਖਸੂਸਪੁਰੀ ਦੀ ਸ਼ਾਇਰੀ ਨੂੰ ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤਾ। 'ਦਿਲ ਦੇਣਾ ਤੇ ਦਿਲ ਮੰਗਣਾ ਸੌਦਾ ਇਕੋ ਜਿਹਾ, ਚੰਗੇ ਆਂ ਕਿ ਮੰਦੇ ਆਂ ਨਿਭਾਈ ਰੱਖੀਂ ਸੋਹਣਿਆ' ਆਦਿ ਗੀਤਾਂ ਨਾਲ ਇਹ ਮਹਿਫਲ ਯਾਦਗਾਰੀ ਹੋ ਨਿੱਬੜੀ।


ਇਸ ਮਹਿਫਲ ਦੌਰਾਨ ਸ. ਦੀਦਾਰ ਸਿੰਘ ਬੈਂਸ ਨੇ ਸਭ ਨੂੰ ਸੂਫੀ ਗਾਇਕੀ ਸੁਣਨ, ਮਾਨਣ ਲਈ ਪ੍ਰੇਰਿਤ ਕੀਤਾ ਅਤੇ ਇਸ ਵਿਰਸੇ ਨੂੰ ਜਿਊਂਦਾ ਰੱਖਣ ਲਈ ਕੀਤੇ ਜਾਂਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਸੂਫੀ ਸ਼ਾਮ ਦੀ ਮਹਿਫਲ ਵਿਚ ਡਾ. ਹਰਮੇਸ਼ ਕੁਮਾਰ, ਡਾ. ਮਹਿਤਾਨੀ, ਵਿਨੋਦ ਸ਼ਰਮਾ, ਬਲਵਿੰਦਰ ਡੁੱਲਕੂ, ਨਵਤੇਜ ਰਿਆੜ ਹੋਰਾਂ ਨੇ ਸਨਮਾਨ ਦੀਆਂ ਰਸਮਾਂ ਨਿਭਾਈਆਂ। ਸਮਾਗਮ ਵਿਚ ਹਾਜ਼ਰ ਸ਼ਖਸੀਅਤਾਂ ਵਿਚ ਇੰਡੀਆ ਮਾਰਕੀਟ ਦੇ ਮਾਲਕ ਕਸ਼ਮੀਰ ਸਿੰਘ ਹੀਰਾ, ਵਰਿੰਦਰ ਬੰਗੜ, ਹੰਸ ਰਾਜ ਕਾਜਲਾ, ਰਕੇਸ਼ ਚੰਦੜ ਅਤੇ ਦਲਵੀਰ (ਦਿੱਲ) ਨਿੱਝਰ, ਕਮੇਡੀਅਨ ਜੱਗੀ ਨੇ ਪਰਿਵਾਰਕ ਮੈਂਬਰਾਂ ਸਮੇਤ ਸ਼ਿਰਕਤ ਕੀਤੀ। ਹੁਸਨ ਲੜੋਆ ਬੰਗਾ (ਅਜੀਤ ਜਲੰਧਰ), ਪ੍ਰੇਮ ਕੁਮਾਰ ਚੁੰਬਰ ('ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼'), ਜਸਵੰਤ ਸਿੰਘ ਸੈਦੋਕੇ (ਪੰਜਾਬ ਨਿਊਜ਼ ਐਕਸਪ੍ਰੈਸ), ਜਗਦੇਵ ਸਿੰਘ ਭੰਡਾਲ (ਪੰਜ ਦਰਿਆ), ਬੂਟਾ ਬਾਸੀ (ਸਾਂਝੀ ਸੋਚ) ਆਦਿ ਵੀ ਹਾਜ਼ਰ ਹੋਏ। ਸਮੁੱਚੇ ਰੂਪ ਵਿਚ ਇਸ ਸੂਫੀ ਸ਼ਾਮ ਦਾ ਸਮਾਗਮ ਜੋ ਬੀਟਸ ਆਫ ਲਾਇਫ ਵੱਲੋਂ ਕਰਵਾਇਆ ਗਿਆ, ਸਫਲ ਅਤੇ ਯਾਦਗਾਰੀ ਹੋ ਨਿੱਬੜਿਆ। ਪ੍ਰਬੰਧਕਾਂ ਵੱਲੋਂ ਡਾ. ਮਮਤਾ ਜੋਸ਼ੀ ਦੀ ਸਮੁੱਚੀ ਟੀਮ, ਵਲੰਟੀਆਰਾਂ ਅਤੇ ਆਏ ਹੋਏ ਦਰਸ਼ਕਾਂ ਦਾ ਧੰਨਵਾਦ ਕੀਤਾ ਗਿਆ।

# ਡੇਰਾ ਸ਼ੇਰਪੁਰ ਕੱਲਰਾਂ 'ਚ ਸੰਤ ਅਮਰਦਾਸ ਦੀ ਸਲਾਨਾ ਬਰਸੀ ਸ਼ਰਧਾ ਨਾਲ ਮਨਾਈ

(ਸ਼ਿਵ ਕੁਮਾਰ ਬਾਵਾ)

ਮਾਹਿਲਪੁਰ- ਇਥੋਂ ਲਾਗਲੇ ਪਿੰਡ ਢੱਕੋਂ ਸ਼ੇਰਪੁਰ ਦੇ ਡੇਰਾ ਕੱਲਰਾਂ ਵਿਖੇ ਸੰਤ ਰਾਮ ਕਿਸ਼ਨ, ਸੰਤ ਰਮੇਸ਼ ਦਾਸ ਅਤੇ ਬੀਬੀ ਨੰਤੀ ਦੀ ਅਗਵਾਈ ਹੇਠ ਇਲਾਕੇ ਦੀਆਂ ਸੰਗਤਾ ਦੇ ਸਹਿਯੋਗ ਨਾਲ ਸੰਤ ਅਮਰਦਾਸ ਜੀ ਦੀ ਚੌਥੀ ਸਲਾਨਾ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਲੜੀਵਾਰ ਭੋਗ ਉਪਰੰਤ ਸਜਾਏ ਗਏ ਦੀਵਾਨ ਮੌਕੇ ਸੰਤ ਸ਼ੀਤਲ ਦਾਸ ਕਾਲੇਵਾਲ ਭਗਤਾਂ, ਸੰਤ ਦੇਸ ਰਾਜ ਡੇਰਾ ਬਾਬਾ ਗੋਬਿੰਦਪੁਰ ਫਗਵਾੜਾ, ਸੰਤ ਮਹਾਂਵੀਰ ਸਿੰਘ ਤਾਜੇਵਾਲ, ਸੰਤ ਹੁਸਨ ਦਾਸ ਲਾਚੋਵਾਲ, ਸੰਤ ਪ੍ਰੇਮ ਦਾਸ, ਸੰਤ ਸਤਨਾਮ ਦਾਸ ਬੰਬੇਲੀ, ਸੰਤ ਸੁੱਚ ਸਿੰਘ ਠੱਕਰਵਾਲ, ਸੰਤ ਜਸਵੰਤ ਸਿੰਘ ਖੇੜਾ, ਸੰਤ ਹਰੀ ਓਮ ਮਾਹਿਲਪੁਰ, ਸੰਤ ਨਰੰਜਣਾ ਨੰਦ ਝਬਾਲਾ, ਸੰਤ ਗੁਰਮੁਖਾ ਨੰਦ ਨੰਦਪੁਰ, ਸੰਤ ਜਗਤਾਰ ਸਿੰਘ ਬਾਹੋਵਾਲ, ਸੰਤ ਹਰਮੀਤ ਸਿੰਘ ਬਣਾ ਸਾਹਿਬ, ਸੰਤ ਸਤਨਾਮ ਦਾਸ ਖੰਨੀ, ਸੰਤ ਬੀਬੀ ਰਾਧਾ ਜੀ ਊਨਾ, ਸੰਤ ਬੀਬੀ ਕੁਲਦੀਪ ਕੌਰ ਮੈਹਨਾ, ਸੰਤ ਅਜੈਬ ਸਿੰਘ





ਡੇਰਾ ਪਦਮਨੀ, ਸੰਤ ਗੋਪਾਲਾ ਨੰਦ ਪੋਸੀ, ਚਰਨਦਾਸ ਸ਼ੇਰਗੜ੍ਹ ਅਤੇ ਸੰਤ ਚਮਨਦਾਸ



ਬਜਵਾੜਾ ਵਾਲਿਆਂ ਨੇ ਸੰਤ ਅਮਰਦਾਸ ਜੀ ਦੇ ਜੀਵਨ ਸਬੰਧੀ ਵਿਸਥਾਰ ਪੂਰਵਕ ਚਾਨਣਾ ਪਾਇਆ ਅਤੇ ਆਪਣੇ ਉਪਦੇਸ਼ ਰਾਹੀਂ ਸੰਗਤਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਗੁਰਬਾਣੀ ਦੁਆਰਾ ਦੱਸੇ ਮਾਰਗ ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਗਿਆਨੀ ਚੰਨਣ ਸਿੰਘ ਹਜ਼ੂਰੀ ਰਾਗੀ ਜਥਾ ਕੇਸਗੜ੍ਹ ਅਨੰਦਪੁਰ ਸਾਹਿਬ, ਭਾਈ ਜਸਵੰਤ ਸਿੰਘ ਕਪੂਰਥਲਾ, ਬੀਬੀ ਬਲਵਿੰਦਰ ਕੌਰ ਖਾਲਸਾ, ਭਾਈ ਸੁਰਜੀਤ ਸਿੰਘ ਫੁੱਲ ਹੁਸ਼ਿਆਰਪੁਰ, ਭਾਈ ਪ੍ਰੇਮ ਚੰਦ ਮਹਿਮਦੋਵਾਲ, ਭਾਈ ਮੰਗਲ ਸਿੰਘ ਵਿਰਦੀ ਕਰਾਵਰ, ਭਾਈ ਰਣਧੀਰ ਸਿੰਘ ਰਾਮਪੁਰ, ਭਾਈ ਲਹਿੰਬਰ ਸਿੰਘ ਜੈਤਪੁਰ ਅਤੇ ਢਾਡੀ ਜਥਾ ਭਾਈ ਹੁਸਨ ਸਿੰਘ ਜੈਨਪੁਰ ਦੇ ਜਥਿਆਂ ਨੇ ਰਸਭਿੰਨੇ ਕੀਰਤਨ ਅਤੇ ਵਾਰਾਂ ਪੇਸ਼ ਕਰਕੇ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ।

ਇਸ ਮੌਕੇ ਪਸਿੱਧ ਗਾਇਕ ਮੁਹੰਮਦ ਬੂਟਾ ਖਾਨ ਅਤੇ ਹਰਨਾਮ ਸਿੰਘ ਬਹਿਲਪੁਰੀ ਨੇ ਧਾਰਮਿਕ ਗੀਤਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ਼ ਦੀ ਸੇਵਾ ਪਰਵਾਸੀ ਭਾਰਤੀ ਦੁਰਯੋਧਨ ਸਿੰਘ ਇੰਗਲੈਂਡ ਅਤੇ ਸੰਤ ਜੋਗਾ ਸਿੰਘ ਸ਼ੇਰਗੜ੍ਹ ਵਾਲਿਆਂ ਨੇ ਨਿਭਾਈ। ਜੋੜਿਆਂ ਦੀ ਸੇਵਾ ਨੌਜਵਾਨ ਸਭਾ ਚੰਦੇਲੀ ਵਲੋਂ ਨਿਭਾਈ ਗਈ। ਪਹੁੰਚੇ ਹੋਏ ਸੰਤ ਮਹਾਂਪੁਰਸ਼ਾਂ ਅਤੇ ਸੰਗਤਾਂ ਦਾ ਧੰਨਵਾਦ ਸੰਤ ਰਮੇਸ਼ ਦਾਸ ਵਲੋਂ ਕੀਤਾ ਗਿਆ।

# ਡਾ: ਅੰਬੇਦਕਰ ਜੀ ਦੀ ਪੋਤੀ, ਰਮਾ ਦੀ ਯੂ ਕੇ ਫੇਰੀ


ਹਰਬੰਸ ਵਿਰਦੀ, ਲੰਡਨ

ਵਿਸ਼ਵ ਰਤਨ ਬਾਬਾ ਸਾਹਿਬ ਡਾ: ਅੰਬੇਦਕਰ ਜਿਨ੍ਹਾਂ ਨੂੰ ਭਾਰਤ ਦੀ ਆਜ਼ਾਦੀ ਤੋਂ ਬਾਦ ਭਾਰਤ ਦਾ ਸਭ ਤੋਂ ਵੱਡਾ ਮਹਾਨ ਪੁਰਸ਼ ਮੰਨਿਆ ਗਿਆ ਹੈ। ਅੱਜ ਤੱਕ ਬਹੁਤ ਲੋਕ ਬਾਬਾ ਸਾਹਿਬ ਨੂੰ ਕੇਵਲ ਅਛੂਤਾਂ ਦਾ ਮੁਕਤੀ ਦਾਤਾ ਤੱਕ ਹੀ ਸੀਮਿਤ ਰੱਖਦੇ ਸਨ ਪਰ ਹੁਣ ਬਹੁਮੱਤ ਜਾਣਦਾ ਹੈ ਕਿ ਬਾਬਾ ਸਾਹਿਬ ਨੇ ਅਛੂਤਾਂ ਲਈ ਹੀ ਨਹੀਂ ਬਲਕਿ ਭਾਰਤ ਦੇ ਹਰ ਨਾਗਰਿਕ ਦੀ ਭਲਾਈ ਲਈ ਸੰਘਰਸ਼ ਕੀਤਾ, ਖਾਸ ਕਰਕੇ ਹਿੰਦੂ ਕੋਡ ਬਿੱਲ ਬਣਾਕੇ ਔਰਤ ਨੂੰ ਹਰ ਇਨਸਾਨੀ ਹੱਕ ਲੈ ਕੇ ਦਿੱਤਾ ਜੋ ਕਿ ਉਸਨੂੰ ਪਹਿਲਾਂ ਨਹੀਂ ਸੀ। ਅਗਰ ਬਾਬਾ ਸਾਹਿਬ ਦੇ ਸਭ ਤੋਂ ਬੜੇ ਪੋਤੇ ਪ੍ਰਕਾਸ਼ ਅੰਬੇਡਕਰ ਨੇ ਮੈਨੂੰ ਟੈਲੀਫੋਨ ਕੀਤਾ ਕਿ ਮਾਈ ਸਾਹਿਬ ਜੀ ਦੀ ਸ਼ੋਕ ਸਭਾ ਰੱਖੀ ਹੈ, ਆਪ ਵੀ ਆ ਜਾਓ, ਮੈਂ ਇਸ ਸ਼ੋਕ ਸਭਾ ਵਿੱਚ ਸ਼ਾਮਲ ਹੋਇਆ ਅਤੇ ਚੰਦ ਲਫ਼ਜ਼ਾਂ ਵਿਚ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਬਾਬਾ ਸਾਹਿਬ ਜੀ ਨੇ ਆਪਣੇ ਚਾਰ ਲਾਲ ਸਾਡੇ ਤੋਂ ਵਾਰ ਦਿੱਤੇ ਬੇਟੀ ਅੰਜੂ (ਅੰਜੂ ਦੀ ਮੌਤ ਤੋਂ ਬਾਦ ਬਾਬਾ ਸਾਹਿਬ ਉਸ ਨੂੰ ਬਹੁਤ ਸਮਾਂ ਆਪਣੀ ਗੋਦ ਵਿੱਚ ਲੈਕੇ ਰੋਂਦੇ ਰਹੇ), ਬੇਟਾ ਰਾਮੇਸ਼, ਬੇਟਾ ਗੰਗਾਧਰ ਅਤੇ ਬੇਟਾ ਰਾਜ ਕਲੇਰ ਆਦਿ ਨੇ ਬੜੇ ਮਾਣ-ਸਨਮਾਨ ਨਾਲ ਕਿਹਾ ਕਿ ਇਨ੍ਹਾਂ ਨੂੰ 27 ਜੂਨ ਵੀਰਵਾਰ ਨੂੰ ਵੀਨਸ ਟੀ ਵੀ ਦੇ ਲੰਡਨ ਵਾਲੇ ਸਟੂਡੀਓ ਵਿੱਚ ਸਾਰੇ ਯੋਰਪ ਦੇ ਲੋਕਾਂ ਨੂੰ ਦੇਖਣ ਦਾ ਮੌਕਾ ਦਿਓ। ਸ਼ਾਮ ਨੂੰ 7 ਵਜੇ ਤੋਂ ਲੈ ਕੇ 8 ਵਜੇ ਤੱਕ ਇੱਕ ਘੰਟੇ ਦਾ ਪ੍ਰੋਗਰਾਮ ਕਾਂਸ਼ੀ ਟੀ ਵੀ ਵਲੋਂ ਪੇਸ਼ ਕੀਤਾ ਗਿਆ। ਜਿਸ ਵਿੱਚ ਰਾਮੇਸ਼ ਕਲੇਰ ਜੀ ਅਤੇ ਘੀਰਾ ਚੱਕਰਬਰਟੀ ਨੇ ਰਮਾ ਜੀ ਤੋਂ ਬਾਬਾ ਸਾਹਿਬ ਜੀ ਦੇ ਸਾਰੇ ਪ੍ਰੀਵਾਰ ਵਾਰੇ ਕਈ ਸਵਾਲ ਕੀਤੇ ਗਏ। ਇੰਟਰਵਲ ਤੋਂ ਬਾਦ ਅੱਧਾ ਘੰਟਾ, ਮੈਂ ਵੀ ਸਵਾਲ ਜਵਾਬ ਕਰਨ ਲਈ ਦਰਸ਼ਕਾਂ ਦੇ ਸ੍ਹਾਮਣੇ ਆਇਆ। ਸਮਾਂ ਕੀਤੀ ਕਿ ਵੁਲਵਰਹੈਂਮਟਨ, ਮਮੋਰੀਅਲ ਕਮੇਟੀ ਦੇ ਮੈਂਬਰ ਇਨ੍ਹਾਂ ਦੇ ਸਵਾਗਤ ਲਈ ਤਿਆਰ ਹਨ, ਆਪਾਂ ਬਹੁਤ ਥੋੜੇ ਜਿਹੇ ਸਮੇਂ ਲਈ ਉੱਥੇ ਵੀ ਜਾ ਆਈਏ। ਨੇਕੀ ਔਰ ਪੂਛ-ਪੂਛ, ਅਸੀਂ ਵੁਲਵਰਹੈਮਟਨ ਪਹੁੰਚ ਗਏ ਜਿੱਥੇ ਵੁਲਵਰਹੈਮਟਨ ਦੀ ਕਮੇਟੀ ਵਲੋਂ ਇਨ੍ਹਾਂ ਦਾ ਬਹੁਤ ਹੀ ਸਨਮਾਨ ਕੀਤਾ ਗਿਆ।




ਅੰਬੇਦਕਰ ਹਾਲ, ਸਾਊਥਹਾਲ, ਵੈਸਟ ਲੰਡਨ ਵਿਖੇ ਸੱਜੇ ਹਰਬੰਸ ਵਿਰਦੀ, ਅਨੰਦ ਤੇਲਤੁੰਬਰੇ, ਡਾ.ਅੰਬੇਦਕਰ ਦੀ ਪੋਤੀ ਰਮਾ ਅੰਬੇਦਕਰ ਅਤੇ ਸੁਨੀਤਾ ਵਿਰਦੀ

ਸਾਹਿਬ ਦੇ ਇਨਸਾਨੀਅਤ ਉੱਤੇ ਕੀਤੇ ਉਪਕਾਰ ਲਿਖਣ ਲੱਗਾਂ ਤਾਂ ਇੱਕ ਬਹੁਤ ਮੋਟੀ ਕਿਤਾਬ ਲਿਖੀ ਜਾ ਸਕਦੀ ਹੈ। ਮੈਨੂੰ ਮਾਣ ਹੈ ਕਿ ਮੈਂ 20-21 ਸਾਲ ਦੀ ਉਮਰ ਵਿੱਚ ਹੀ ਬਾਬਾ ਸਾਹਿਬ ਦੇ ਮਿਸ਼ਨ, ਬੁੱਧ ਧੰਮ ਦੀ ਅਗਲੀ ਕਤਾਰ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ। 1982 ਵਿੱਚ ਜਦੋਂ ਮੈਂ ਪਹਿਲੀ ਵਾਰ ਬੰਬਈ ਗਿਆ ਤਾਂ ਮੈਂ ਆਪਣੀ ਧੰਮ ਪਤਨੀ ਸੁਮਿੱਤਰਾ ਅਤੇ ਬੇਟੇ ਰਾਕੇਸ਼ ਨਾਲ ਆਪਣੇ ਰਹਿਬਰ ਨਾਲ ਸੰਬੰਧਤ ਬੰਬਈ ਵਿੱਚ ਸਾਰੇ ਅਸਥਾਨ ਦੇਖੇ। ਬਾਬਾ ਸਾਹਿਬ ਦਾ ਘਰ, ਦਾਦਰ ਵਿੱਚ ਹਿੰਦੂ ਕਾਲੋਨੀ ਵਿਖੇ ਰਾਜਗ੍ਰਿਹ ਹੈ, ਅਸੀਂ ਦੇਖਣ ਗਏ ਤਾਂ ਬਾਬਾ ਸਾਹਿਬ ਦੀ ਨੂੰਹ ਮੀਰਾਂ ਤਾਈ ਅੰਬੇਡਕਰ ਅਤੇ ਬਾਬਾ ਸਾਹਿਬ ਦੇ ਸਭ ਤੋਂ ਛੋਟੇ ਪੋਤੇ ਆਨੰਦ ਰਾਓ ਨੇ ਸਾਡਾ ਨਿੱਘਾ ਸਵਾਗਤ ਕੀਤਾ ਅਤੇ ਬਾਬਾ ਸਾਹਿਬ ਦੀਆਂ ਵਸਤੂਆਂ ਸਾਨੂੰ ਦਿਖਾਈਆਂ। ਮੇਰੀ ਜਿੰਦਗੀ ਵਿੱਚ ਇਹ ਇੱਕ ਬੜਾ ਹੀ ਸੁਨਹਿਰੀ ਮੌਕਾ ਸੀ ਕਿ ਮੈਂ ਦੁਨੀਆਂ ਦੀ ਇਤਨੀ ਬੜੀ ਸਖਸ਼ੀਅਤ ਅਤੇ ਮੇਰੇ ਮੁਕਤੀ ਦਾਤਾ ਦੇ ਕਦਮ ਨਿਸ਼ਾਨਾਂ ਉੱਤੇ ਘੁੰਮ ਰਿਹਾ ਹਾਂ। ਇਸ ਤੋਂ ਬਾਦ ਮੈਂ ਤਕਰੀਬਨ ਹਰ ਵਾਰ ਬਾਬਾ ਸਾਹਿਬ ਦੇ ਪ੍ਰੀਵਾਰ ਨੂੰ ਮਿਲਣ ਜਾਂਦਾ ਰਿਹਾ। 1998 ਵਿੱਚ ਜਦੋਂ ਮਾਈ ਸਾਹਿਬ ਸਵਿਤਾ ਅੰਬੇਡਕਰ ਜੀ ਦਾ ਸਦੀਵੀ ਵਿਛੋੜਾ ਹੋਇਆ ਤਾਂ ਮੈ ਬੰਬਈ ਵਿੱਚ ਹੀ ਸੀ। ਰਤਨ। ਉਨ੍ਹਾਂ ਦਾ ਬੇਟਾ ਜਸ਼ਵੰਤ ਰਾਓ ਹੀ ਉਨ੍ਹਾਂ ਦਾ ਸਭ ਕੁਝ ਸੀ। ਜਸ਼ਵੰਤ ਜੀ ਦੇ ਸਭ ਤੋਂ ਬੜੇ ਬੇਟੇ ਪ੍ਰਕਾਸ਼ ਹਨ ਜਿਨ੍ਹਾਂ ਦੇ ਇੱਕ ਬੇਟਾ ਹੈ। ਉਸ ਤੋਂ ਛੋਟੀ, ਪੋਤੀ ਰਮਾ ਅੰਬੇਡਕਰ ਜਿਨ੍ਹਾਂ ਦੀ ਸ਼ਾਦੀ ਆਨੰਦ ਤੇਲਤੁਬੜੇ ਜੀ ਨਾਲ ਹੋਈ ਅਤੇ ਉਨ੍ਹਾਂ ਦੀਆਂ ਦੋ ਬੇਟੀਆਂ ਹਨ, ਰਮਾ ਤੋਂ ਛੋਟੇ ਭੀਮ ਰਾਓ ਜਿਨ੍ਹਾਂ ਦੀ ਇੱਕ ਹੀ ਲੜਕੀ ਹੈ ਅਤੇ ਸਭ ਤੋਂ ਛੋਟੇ ਆਨੰਦ ਰਾਓ ਜਿਨ੍ਹਾਂ ਦੇ ਦੋ ਬੇਟੇ ਹਨ। ਮੈਂ ਬੰਬਈ ਹੀ ਸੀ ਕਿ ਆਨੰਦ ਰਾਓ ਦੇ ਬੜੇ ਬੇਟੇ ਦੇ ਪਹਿਲੇ ਜਨਮ ਦਿਨ ਉੱਤੇ ਮੈਂ ਰਾਜਗ੍ਰਿਹ ਵਿੱਚ ਇਸ ਪਾਰਟੀ ਉੱਤੇ ਗਿਆ ਸੀ।

ਰਮਾ ਅੰਬੇਦਕਰ ਜੀ ਦੀ ਛੋਟੀ ਬੇਟੀ ਅਮਰੀਕਾ ਵਿੱਚ ਪੜ੍ਹਦੀ ਹੈ, ਰਮਾ ਜੀ ਅਤੇ ਪ੍ਰੋਫੈਸਰ ਆਨੰਦ ਜੀ ਉਸ ਨੂੰ ਮਿਲਣ ਲਈ ਯੂ ਐਸ ਏ ਗਏ ਤਾਂ ਅਸੀ ਕਿਹਾ ਕਿ ਆਉਂਦੇ ਸਮੇਂ ਲੰਡਨ ਠਹਿਰ ਜਾਣਾ, ਉਨ੍ਹਾਂ ਨੇ ਇਸ ਨੂੰ ਮੰਨ ਲਿਆ। 25 ਜੂਨ 2013 ਨੂੰ ਦੋਨੋਂ ਲੰਡਨ ਏਅਰ ਪੋਰਟ ਪਹੁੰਚੇ ਤਾਂ ਅੰਬੇਡਕਰ ਮਿਸ਼ਨ ਦੇ ਦਿਲ, ਸੀ ਗੌਤਮ ਉਨ੍ਹਾਂ ਨੂੰ ਲੈਣ ਗਏ ਅਤੇ ਉਨ੍ਹਾਂ ਦੇ ਘਰ ਹੀ ਠਹਿਰੇ। ਦੂਜੇ ਦਿਨ 26 ਜੂਨ ਨੂੰ ਪ੍ਰੋਫੈਸਰ ਆਨੰਦ ਜੀ ਦਾ ਲੰਡਨ ਸਕੂਲ ਔਫ ਇਕਨੌਮਿਕ ਵਿੱਚ ਲੈਕਚਰ ਸੀ। ਕਾਂਸ਼ੀ ਟੀ ਵੀ ਦੇ ਟ੍ਰਸਟੀ ਹੰਸ ਰਾਜ ਬੰਗਾ, ਬਲਬੀਰ ਕਲੇਰ, ਭੋਲੀ ਰੰਧਾਵਾ, ਰਾਮੇਸ਼ ਬਹੁਤ ਘੱਟ ਹੋਣ ਕਰਕੇ ਸਾਰੇ ਲੋਕਾਂ ਦੇ ਟੈਲੀਫੋਨ ਕਾਲ ਨਹੀਂ ਲਏ ਗਏ। ਲੋਕਾਂ ਦੀ ਖੁਸ਼ੀ ਦੀ ਹੱਦ ਨਹੀਂ ਸੀ, 28 ਜੂਨ ਨੂੰ ਫਿਰ ਸੀ ਗੌਤਮ ਇਨ੍ਹਾਂ ਨੂੰ ਲੰਡਨ ਦਿਖਾਉਣ ਲਈ ਲੈ ਗਏ। ਇੱਕ ਵਾਰ ਫਿਰ ਕਾਂਸ਼ੀ ਟੀ ਵੀ ਦੇ ਟਰੱਸਟੀਆਂ ਨੇ ਕਿਹਾ ਕਿ ਜੋ ਸਾਡਾ ਸਟੁਡੀਓ ਬ੍ਰਮੀਗਮ ਵਿੱਚ ਹੈ (ਲੰਡਨ ਤੋਂ 130 ਮੀਲ ਦੂਰ ਹੈ) ਜਿੱਥੇ ਅੰਮ੍ਰਿਤ ਬਾਣੀ ਦਾ ਪ੍ਰਕਾਸ਼ ਵੀ ਹੈ। ਰਮਾ ਅਤੇ ਆਨੰਦ ਜੀ ਨੂੰ ਸਨਿਚਰਵਾਰ 29 ਜੂਨ ਨੂੰ ਲੈਕੇ ਆਵੋ। ਇਸ ਹੀ ਦਿਨ ਸਾਉਥਾਲ ਦੀ ਬੁੱਧਾ ਧੰਮਾ ਅਸੋਸੀਏਸ਼ ਅਤੇ ਡਾ: ਅੰਬੇਡਕਰ ਮਮੋਰੀਅਲ ਟਰੱਸਟ ਵਲੋਂ ਭਿੱਖੂ ਸੰਘ ਨੂੰ ਭੋਜਨ ਦਾਨ ਸੀ ਅਤੇ ਭੋਜਨ ਦਾਨ ਤੋਂ ਬਾਦ ਰਮਾ ਅਤੇ ਆਨੰਦ ਜੀ ਦਾ ਪ੍ਰੋਗਰਾਮ ਸੀ।

ਇਸ ਪ੍ਰੋਗਰਾਮ ਤੋਂ ਬਾਦ ਅਸੀਂ ਬੁੱਧ ਧੰਮ ਅਤੇ ਬਾਬਾ ਸਾਹਿਬ ਦੇ ਯੂਕੇ ਵਿੱਚ ਬਹੁਤ ਪੁਰਾਣੇ ਅਤੇ ਸੱਚੇ ਸ਼ਰਧਾਵਾਨ ਦੀਸ਼ ਜੱਸਲ ਜਿਨ੍ਹਾਂ ਨੇ 28 ਜੂਨ ਨੂੰ ਹੀ ਬਹੁਤ ਕੀਮਤੀ ਜੈਗੂਅਰ ਕਾਰ ਨਵੀਂ ਕਢਾਈ ਸੀ ਇਸ ਨਵੀਂ ਕਾਰ ਵਿੱਚ ਦੀਸ਼ ਜੱਸਲ ਜੀ ਰਮਾ ਅਤੇ ਆਨੰਦ ਜੀ ਨੂੰ ਬੜੀ ਸ਼ਰਧਾ, ਅਤੇ ਮਾਣ-ਸਨਮਾਨ ਨਾਲ ਬ੍ਰਮੀਗਮ ਦੇ ਸਟੁਡੀਓ ਵਿੱਚ ਲੈ ਕੇ ਗਏ। ਜਿਉਂ ਹੀ ਅਸੀਂ ਸਟੁਡੀਓ ਪਹੁੰਚੇ, ਕਾਂਸ਼ੀ ਟੀ ਵੀ ਦੇ ਟਰੱਸਟੀ ਬਲਬੀਰ ਕਲੇਰ ਜੀ ਨੇ ਮੈਨੂੰ ਬੇਨਤੀ

ਸ਼ਾਮ ਨੂੰ 7 ਵਜੇ ਕਾਂਸ਼ੀ ਟੀ ਵੀ ਉੱਤੇ ਪ੍ਰੋਗਰਾਮ ਸ਼ੁਰੂ ਹੋਇਆ ਜਿਸਨੂੰ ਸੁਰਿੰਦਰ ਝੱਲੀ ਜੀ ਨੇ ਐਂਕਰ ਕੀਤਾ। ਇਸ ਇੱਕ ਘੰਟੇ ਦੇ ਪ੍ਰੋਗਰਾਮ ਵਿੱਚ ਕੋਈ ਟੈਲੀਫੋਨ ਕਾਲ ਨਹੀਂ ਲਈ ਗਈ ਤਾਂ ਕਿ ਵੱਧ ਤੋਂ ਵੱਧ ਆਨੰਦ ਜੀ ਅਤੇ ਰਮਾ ਕੋਲੋਂ ਬਾਬਾ ਸਾਹਿਬ ਵਾਰੇ ਲੋਕਾਂ ਨੂੰ ਜਾਣਕਾਰੀ ਦਿੱਤੀ ਜਾਵੇ। ਪ੍ਰੋਗਰਾਮ 8 ਵਜੇ ਖ਼ਤਮ ਹੋਣ ਤੋਂ ਬਾਦ ਸਾਰੇ ਆਏ ਹੋਏ ਅੰਬੇਡਕਰੀ ਸਮਾਜ ਨੂੰ ਬਾਬਾ ਸਾਹਿਬ ਦੇ ਇਸ ਚਿਰਾਗ ਨਾਲ ਫੋਟੋ ਲੈਣ ਲਈ ਅੱਧੇ ਘੰਟੇ ਦਾ ਸਮਾਂ ਦਿੱਤਾ। ਮੈਂ ਆਪਣੀ ਕਾਰ ਵਿੱਚ ਇਨ੍ਹਾਂ ਨੂੰ ਬ੍ਰਮੀਗਮ ਤੋਂ ਲੰਡਨ ਲੈ ਆਇਆ ਕਿਉਂਕਿ ਦੂਜੇ ਦਿਨ ਸਵੇਰੇ 5 ਵਜੇ ਇਨ੍ਹਾਂ ਨੇ ਲੰਡਨ ਏਅਰ ਪੋਰਟ ਤੋਂ ਸਵਿੱਟਜ਼ਰਲੈਂਡ ਜਾਣਾ ਸੀ।

ਇਹ ਇੱਕ ਬਹੁਤ ਥੋੜੇ ਸਮੇਂ ਲਈ ਰਮਾ ਜੀ ਦੀ ਪਹਿਲੀ ਵਿਜ਼ਿਟ ਸੀ, ਆਨੰਦ ਜੀ ਤਾਂ ਪਹਿਲਾਂ ਕਈ ਵਾਰ ਯੂ ਕੇ ਆ ਚੁੱਕੇ ਹਨ । ਅਸੀ ਪ੍ਰੋਫੈਸਰ ਆਨੰਦ ਅਤੇ ਰਮਾ ਜੀ ਨੂੰ ਬੇਨਤੀ ਕੀਤੀ ਕਿ ਅਗਲੀ ਵਾਰ ਜ਼ਿਆਦਾ ਸਮੇਂ ਲਈ ਯੂ ਕੇ ਵਿੱਚ ਆਉਣਾ ਤਾਂ ਕਿ ਯੂ ਕੇ ਦੇ ਬਾਕੀ ਸ਼ਹਿਰਾਂ ਵਿੱਚ ਵੀ ਲੋਕ ਆਪ ਜੀ ਦੇ ਦਰਸ਼ਣ ਕਰ ਸਕਣ, ਹੋ ਸਕੇ ਤਾਂ ਸਾਰੇ ਯੌਰਪ ਵਿੱਚ ਵਸਦੇ ਅੰਬੇਦਕਰੀਆਂ ਨੂੰ ਮਿਲਣ ਲਈ ਆਉਣਾ।

# ਸੈਕਰਾਮੈਂਟੋ ਦੇ 'ਅਣਖੀਲੇ ਗੱਭਰੂ' ਭੰਗੜਾ ਟੀਮ ਨੇ ਪਹਿਲਾ ਸਥਾਨ ਹਾਸਲ ਕੀਤਾ



ਸੈਕਰਾਮੈਂਟੋ (ਬਿਊਰੋ) ਸੈਕਰਾਮੈਂਟੋ ਦੀ ਭੰਗੜਾ ਟੀਮ (ਅਣਖੀਲੇ ਗੱਭਰੂ) ਨੇ 20 ਜੁਲਾਈ ਨੂੰ ਨਟੋਰੀਅਸ ਭੰਗੜਾ ਕਲੱਬ ਵੱਲੋਂ ਕਰਵਾਏ ਗਏ ਇੰਟਰਨੈਸ਼ਨਲ ਮੁਕਾਬਲਿਆਂ ਵਿਚ ਪਹਿਲਾ ਸਥਾਨ ਹਾਸਲ ਕੀਤਾ। ਇਸ ਮੁਕਾਬਲੇ ਵਿਚ ਵੈਨਕੂਵਰ, ਨਿਊਯਾਰਕ, ਟਰਾਂਟੋ, ਕੈਲਗਰੀ, ਮਿਸ਼ੀਗਨ, ਬੇ-ਏਰੀਆ, ਲਾਸ ਏਂਜਲਸ ਤੇ ਬਾਕੀ ਲੋਕਲ ਟੀਮਾਂ ਨੇ ਹਿੱਸਾ ਲਿਆ, ਜਿਹਨਾਂ ਦੀ ਗਿਣਤੀ 17 ਸੀ। 11 ਟੀਮਾਂ ਨੇ ਮੁਕਾਬਲੇ ਵਿਚ ਭਾਗ ਲਿਆ, ਜਿਹਨਾਂ ਵਿਚੋਂ ਦੂਜੇ ਨੰਬਰ ਤੇ ਬੀ. ਕੇ. ਬੇ-ਏਰੀਆ ਦੀ ਟੀਮ ਆਈ। ਤੀਜੇ ਨੰਬਰ ਦੀ ਜਿੱਤ ਨੌਰਥ ਕਰਲੋਨਾ ਨੇ ਪ੍ਰਾਪਤ ਕੀਤੀ। ਹਰੇਕ ਟੀਮ ਨੇ ਇਕ ਦੂਜੇ ਤੋਂ ਵੱਧ ਚੜ੍ਹ ਕੇ ਆਈਟਮਾਂ ਪੇਸ਼ ਕੀਤੀਆਂ। ਦਰਸ਼ਕਾਂ ਨੇ ਇਸ ਮੁਕਾਬਲੇ ਦਾ ਬਹੁਤ ਹੀ ਆਨੰਦ ਮਾਣਿਆ, ਜਿਸਦਾ ਸਿਹਰਾ ਪ੍ਰਬੰਧਕਾਂ ਨੂੰ ਜਾਂਦਾ ਹੈ, ਜਿਹਨਾਂ ਨੇ ਦਿਨ ਰਾਤ ਇਕ ਕਰਕੇ ਇਹ ਮੁਕਾਬਲੇ ਕਰਵਾਏ। ਅਣਖੀਲੇ ਗੱਭਰੂਆਂ ਵਿਚ ਸਨੀ ਗਿੱਲ, ਬਲਜੋਤ ਗਿੱਲ, ਰਵੀ ਪਰਹਾਰ, ਜਗਦੀਪ ਬੂਰਾ, ਜੇ. ਕੇ. ਪਾਵਲਾ, ਜਸਦੀਪ ਬੂਰਾ, ਰਣਜੀਤ ਮਾਨ, ਅੰਮ੍ਰਿਤ ਫਰਵਾਲਾ, ਰੋਸ਼ਨ ਦੁਸਾਂਝ, ਗੁਰਪ੍ਰੀਤ ਧਾਲੀਵਾਲ ਆਦਿ ਸ਼ਾਮਲ ਸਨ। ਹੋਰ ਜਾਣਕਾਰੀ ਲਈ 916-212-1826 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਰਾਮਗੜ੍ਹੀਆ ਨਰਸਿੰਗ ਕਾਲਜ ਦੀਆਂ ਵਿਦਿਆਰਥਣਾਂ ਨੇ ਜ਼ਿਲ੍ਹੇ ਵਿੱਚੋਂ ਪਹਿਲੀਆਂ 10 ਪੁਜ਼ੀਸ਼ਨਾਂ ਹਾਸਲ ਕੀਤੀਆਂ

ਫਗਵਾੜਾ 25 ਜੁਲਾਈ ( ਬੀ. ਕੇ. ਰੱਤੂ ) ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਫਗਵਾੜਾ ਵਲੋਂ ਚਲਾਏ ਜਾ ਰਹੇ ਰਾਮਗੜ੍ਹੀਆ ਨਰਸਿੰਗ ਕਾਲਜ ਦੇ ਜੀ.ਐਨ. ਐਮ. (ਭਾਗ ਦੂਜਾ) ਦੀਆਂ ਵਿਦਿਆਰਥਣਾਂ ਨੇ ਵਧੀਆ ਪ੍ਰਦਰਸ਼ਨ ਕਰਦਿਆਂ ਜ਼ਿਲ੍ਹਾ ਕਪੂਰਥਲਾ ਵਿੱਚੋਂ ਪਹਿਲੀਆਂ 10 ਪੁਜ਼ੀਸ਼ਨਾਂ ਤੇ ਕਬਜ਼ਾ ਕੀਤਾ। ਜੀ.ਐਨ.ਐਮ. ਦੇ ਐਲਾਨੇ ਨਤੀਜਿਆਂ 'ਚ ਤਨਵੀਰ ਨੇ 500/442 ਅੰਕ ਲੈ ਕੇ ਪਹਿਲੀ ਪੁਜ਼ੀਸ਼ਨ, ਮੁਨੀਸ਼ਾ ਨੇ 500/419 ਅੰਕ ਲੈ ਕੇ ਦੂਸਰੀ ਅਤੇ ਜਸਪ੍ਰੀਤ ਕੌਰ ਨੇ 500/417 ਅੰਕ ਪ੍ਰਾਪਤ ਕਰ ਤੀਸਰੀ ਪੁਜ਼ੀਸ਼ਨ ਹਾਸਲ ਕੀਤੀ, ਜਦਕਿ ਬਹੁਤ ਸਾਰੇ ਵਿਦਿਆਰਥੀਆਂ ਨੇ 80% ਪ੍ਰਤੀਸ਼ਤ ਤੋਂ ਵੱਧ ਨੰਬਰ ਅਤੇ ਬਾਕੀ ਵਿਦਿਆਰਥੀਆਂ ਨੂੰ 70ਗ਼ ਪ੍ਰਤੀਸ਼ਤ ਨੰਬਰ ਪ੍ਰਾਪਤ ਕਰ ਕੇ ਕਾਲਜ ਦਾ ਨਾਂ ਰੌਸ਼ਨ ਕੀਤਾ। ਇਸ ਮੌਕੇ ਤੇ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਮੈਨ ਭਰਪੂਰ ਸਿੰਘ ਭੋਗਲ ਤੇ ਡਾਇਰੈਕਟਰ ਵਿਊਮਾ ਭੋਗਲ ਢੱਟ ਨੇ ਇਸ ਸ਼ਾਨਦਾਰ ਉਪਲੱਬਧੀ ਤੇ ਖ਼ੁਸ਼ੀ ਜ਼ਾਹਰ ਕਰਦਿਆਂ ਇਸ ਸ਼ਫਲਤਾ ਦਾ ਸਿਹਰਾ ਪ੍ਰਿੰਸੀਪਲ ਮੋਨਿਕਾ ਸ਼ਰਮਾ ਤੇ ਕਾਲਜ ਸਟਾਫ਼ ਨੂੰ ਦਿੱਤਾ। ਇਸ ਮੌਕੇ ਪ੍ਰਿੰਸੀਪਲ ਮੋਨਿਕਾ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।



ਮੈਡਮ ਸ਼ਰਮਾ ਨੇ ਕਿਹਾ ਕਿ ਚੇਅਰਮੈਨ ਭਰਪੂਰ ਸਿੰਘ ਭੋਗਲ ਤੇ ਡਾਇਰੈਕਟਰ ਵਿਊਮਾ ਭੋਗਲ ਢੱਟ ਦੀ ਯੋਗ ਅਗਵਾਈ ਹੇਠ ਰਾਮਗੜ੍ਹੀਆ ਨਰਸਿੰਗ ਕਾਲਜ ਨਵੇਂ ਕੀਰਤੀਮਾਨ ਸਥਾਪਿਤ ਕਰ ਰਿਹਾ ਹੈ। ਇਸ ਮੌਕੇ ਕਾਲਜ ਦੀ ਵਿਦਿਆਰਥਣ ਤਨਵੀਰ ਜਿਸ ਨੇ ਪੰਜਾਬ ਵਿੱਚੋਂ ਪੰਜਵਾਂ ਸਥਾਨ ਪ੍ਰਾਪਤ ਕਰਨ ਦਾ ਮਾਣ ਹਾਸਲ ਕੀਤਾ ਨੇ ਕਿਹਾ ਕਿ ਮੇਰੀ ਸਫ਼ਲਤਾ ਦਾ ਸਿਹਰਾ ਕਾਲਜ ਮੈਨੇਜਮੈਂਟ, ਪ੍ਰਿੰਸੀਪਲ ਮੋਨਿਕਾ ਸ਼ਰਮਾ ਤੇ ਸਮੁੱਚੇ ਸਟਾਫ਼ ਨੂੰ ਜਾਂਦਾ ਹੈ ਜਿਨ੍ਹਾਂ ਦੀ ਸਖ਼ਤ ਮਿਹਨਤ ਸਦਕਾ ਮੈਂ ਇਹ ਮੁਕਾਮ ਹਾਸਲ ਕੀਤਾ ਹੈ।

# ਸੈਕਰਾਮੈਂਟੋ/ਐਲਕਗਰੋਵ ਵਿਖੇ 11 ਅਗਸਤ ਨੂੰ ਹੋ ਰਹੇ ਤੀਆਂ ਦੇ ਮੇਲੇ ਦੀਆਂ ਤਿਆਰੀਆਂ ਮੁਕੰਮਲ

ਸੈਕਰਾਮੈਂਟੋ (ਬਿਊਰੋ) ਪੀ. ਸੀ. ਐਸ. ਸੈਕਰਾਮੈਂਟੋ ਦੀ ਇਸਤਰੀ ਵਿੰਗ ਦੀ ਮੀਟਿੰਗ ਬਲਦੇਵ ਕੌਰ, ਰਸ਼ਪਾਲ ਪਰਹਾਰ ਦੀ ਪ੍ਰਧਾਨਗੀ ਹੇਠ ਫਰਵਾਲਾ ਦੇ ਗ੍ਰਹਿ ਵਿਖੇ ਬੀਤੇ ਐਤਵਾਰ ਨੂੰ 2 ਵਜੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿਚ 11 ਅਗਸਤ ਦੇ ਤੀਆਂ ਦੇ ਮੇਲੇ ਬਾਰੇ ਖੁੱਲ੍ਹ ਕੇ ਵਿਚਾਰਾਂ ਹੋਈਆਂ। ਇਸ ਸੁਸਾਇਟੀ ਦੀ ਮੁੱਖ ਸੇਵਾਦਾਰ ਮਨਦੀਪ ਫਰਵਾਲਾ ਨੇ ਕਿਹਾ ਕਿ ਸਾਨੂੰ ਬੜਾ ਹੀ ਮਾਣ ਮਹਿਸੂਸ ਹੁੰਦਾ ਹੈ ਜਦੋਂ ਕਿਧਰੇ ਵੀ ਸਭਿਆਚਾਰਕ ਮੇਲਾ ਹੁੰਦਾ ਹੈ, ਕਿਉਂਕਿ ਅੱਜ ਤੋਂ 25 ਸਾਲ ਪਹਿਲਾਂ ਵਿਸਾਖੀ ਮੇਲੇ ਨੂੰ ਸ਼ੁਰੂ ਕਰਨ ਵਾਲੀ ਪੀ. ਸੀ. ਐਸ. ਜਥੇਬੰਦੀ ਹੀ ਹੈ ਤੇ ਇਹ ਤੀਆਂ ਦਾ ਮੇਲਾ 12ਵਾਂ ਮੇਲਾ ਹੈ। ਇਸ ਮੇਲੇ ਦੀ ਰੂਪਰੇਖਾ ਨੂੰ ਅੰਤਿਮ ਰੂਪ ਦੇਣ ਲਈ ਭੈਣਾਂ ਦੇ ਸੁਝਾਅ ਲਏ ਗਏ ਤੇ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ। ਉਹਨਾਂ ਦੱਸਿਆ ਕਿ ਮੇਲੇ ਵਿਚ 150 ਤੋਂ ਵੱਧ ਪਾਰਟੀਸਪੇਟ ਹਿੱਸਾ ਲੈ ਰਹੇ ਹਨ ਤੇ ਬਾਹਰ ਸਟਾਲ ਵੀ ਲਗਾਏ ਜਾਣਗੇ। ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਹਰ ਇਕ ਉਮਰ ਦੀਆਂ ਔਰਤਾਂ ਭਾਗ ਲੈ ਸਕਦੀਆਂ ਹਨ।

ਇਹ ਮੇਲਾ 11 ਅਗਸਤ ਦਿਨ ਐਤਵਾਰ ਨੂੰ 1 ਵਜੇ ਦੁਪਹਿਰ ਐਸ. ਈ. ਐਸ. ਹਾਲ, 10427 ਈਸਟ ਸਟੋਕਟਨ ਬੁਲਾਵਰਡ ਐਲਕ ਗਰੋਵ ਵਿਖੇ ਹੋ ਰਿਹਾ ਹੈ। ਇਸ ਮੇਲੇ ਵਿਚ ਗੀਤ ਸੰਗੀਤ, ਸਟੇਜ ਪ੍ਰੋਗਰਾਮ, ਸਕਿੱਟਾਂ, ਲਾਈਵ ਬੋਲੀਆਂ ਤੇ ਡੀ. ਜੀ. ਡਾਂਸ ਕੀਤਾ ਜਾਵੇਗਾ। ਪੀ. ਸੀ. ਐਸ. ਦੇ ਸਰਗਰਮ ਮੈਂਬਰ ਪਰਮਜੀਤ ਔਲਖ, ਪਰਦੀਪ ਪੂਨੀ ਨੇ ਕਿਹਾ ਕਿ ਇਸ ਮੇਲੇ ਨੂੰ ਕਰਵਾਉਣ ਦਾ ਇਹੀ ਮਕਸਦ ਹੈ ਕਿ ਆਪਣੇ ਬੱਚਿਆਂ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਸਾਨੂੰ ਸਾਰਿਆ ਨੂੰ ਵੱਧ ਚੜ੍ਹ ਕੇ ਸੇਵਾ ਕਰਨੀ ਚਾਹੀਦੀ ਹੈ ਤਾਂ ਜੋ ਸੁਸਾਇਟੀ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇ।

ਸਾਰਿਆਂ ਪਰਿਵਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਹੁੰਮ ਹੁੰਮਾ ਕੇ ਪਹੁੰਚੋ ਤੇ ਵਿਰਸੇ ਦਾ ਅਨੰਦ ਮਾਣੋ। ਸਟੇਜ ਦੀ ਕਾਰਵਾਈ ਮਨਦੀਪ ਫਰਵਾਲਾ ਕਰਨਗੇ। ਸਾਊਂਡ, ਵੀਡੀਓ ਜਗਤਾਰ ਮਿਊਜ਼ਿਕ ਬੇ-ਏਰੀਆ ਦਾ ਹੋਵੇਗਾ। ਮੀਟਿੰਗ ਵਿਚ ਹਾਜ਼ਰ ਮੈਂਬਰ ਰਾਜਵਿੰਦਰ ਪੂਨੀ, ਕਮਲ ਢਿੱਲੋਂ, ਬਲਦੇਵ ਕੌਰ, ਰਸ਼ਪਾਲ ਪਰਹਾਰ, ਅਮਨ ਰੰਗੀ, ਬਲਵੀਰ ਕੌਰ, ਭਵਨਦੀਪ ਕੌਰ, ਜਸਮੀਨ ਕੌਰ, ਪਰਦੀਪ ਪੂਨੀ, ਪਰਮਜੀਤ ਕੌਰ, ਇੰਦਰਪਾਲ ਕਾਹਲੋਂ, ਪਰਮਜੀਤ ਔਲਖ, ਅਮਨ ਗਰੇਵਾਲ, ਦਲਜੀਤ ਗਿੱਲ, ਰਾਜਵੀਰ ਕੌਰ, ਰਾਣੀ ਸਰਹੱਦੀ, ਮੀਨਾ ਸਿਮਰਨ, ਮਨਜੀਤ ਗਰੇਵਾਲ, ਰਾਜਵੀਰ ਰੇਹਲ, ਰੌਜ਼ੀ ਸਿੱਧੂ ਤੇ ਮਨਦੀਪ ਫਰਵਾਲਾ ਆਦਿ ਸ਼ਾਮਲ ਸਨ। ਹੋਰ ਜਾਣਕਾਰੀ ਲਈ ਕਾਲ ਕਰੋ- 916-682-7321

# ਬੀ.ਏ.ਅਤੇ ਬੀ.ਐੱਸ. ਸੀ. ਭਾਗ ਦੂਜਾ ਦਾ ਨਤੀਜਾ ਸ਼੍ਰੀ ਗੁਰੂ ਅੰਗਦ ਦੇਵ ਕਾਲਜ ਦੇ ਤਿੰਨ ਵਿਦਿਆਰਥੀ ਮੈਰਿਟ ਵਿਚ

ਖਡੂਰ ਸਾਹਿਬ- ਕਾਰ ਸੇਵਾ ਖਡੂਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸੇਵਾ ਸਿੰਘ ਦੀ ਯੋਗ ਸਰਪ੍ਰਸਤੀ ਹੇਠ ਚੱਲ ਰਹੇ ਸ਼੍ਰੀ ਗੁਰੂ ਅੰਗਦ ਦੇਵ ਕਾਲਜ ਦੀ ਬੀ.ਏ. ਅਤੇ ਬੀ.ਐੱਸ.ਸੀ. ਭਾਗ ਦੂਜਾ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ ਤੇ ਬੀ.ਏ. ਭਾਗ ਦੂਜਾ ਦੇ ਨਤੀਜੇ ਵਿਚ ਤਿੰਨ ਵਿਦਿਆਰਥੀਆਂ ਨੇ ਯੂਨੀਵਰਸਿਟੀ ਮੈਰਿਟ ਵਿਚ ਥਾਂ ਬਣਾ ਕੇ ਇਕ ਵੱਡੀ ਪ੍ਰਾਪਤੀ ਕੀਤੀ ਹੈ। ਮੈਰਿਟ ਵਿਚ ਥਾਂ ਬਣਾਉਣ ਵਾਲੇ ਵਿਦਿਆਰਥੀਆਂ ਜਗਦੀਪ ਸਿੰਘ ਸਪੁੱਤਰ ਸ. ਕਾਬਲ ਸਿੰਘ ਨੇ 71.25 ਫ਼ੀਸਦੀ, ਸੁਖਬੀਰ ਸਿੰਘ ਸਪੁੱਤਰ ਸ. ਬਲਵਿੰਦਰ ਸਿੰਘ ਨੇ 69.75 ਫ਼ੀਸਦ ਅਤੇ ਜਗਰੂਪ ਕੌਰ ਸਪੁੱਤਰੀ ਸ. ਹਰਪਾਲ ਸਿੰਘ ਨੇ 69.12 ਫ਼ੀਸਦ ਅੰਕ ਹਾਸਲ ਕੀਤੇ ਹਨ। ਇਸ ਕਲਾਸ ਦੇ 26 ਵਿਦਿਆਰਥੀ ਪਹਿਲੇ ਦਰਜੇ ਵਿਚ ਅਤੇ 57 ਵਿਦਿਆਰਥੀ ਦੂਜੇ ਦਰਜੇ ਵਿਚ ਪਾਸ ਹੋਏ ਹਨ। ਉਧਰ ਬੀ.ਐੱਸ.ਸੀ. ਭਾਗ ਦੂਜਾ ਦੇ ਵਿਦਿਆਰਥੀਆਂ ਨੇ ਵੀ ਬੇਹੱਦ ਚੰਗੀ ਕਾਰਗੁਜ਼ਾਰੀ ਦਿਖਾਈ ਹੈ। ਇਸ ਦੀਆਂ ਵਿਦਿਆਰਥਣਾਂ ਰੁਪਿੰਦਰ ਕੌਰ ਨੇ 74.75 ਫ਼ੀਸਦੀ, ਸੁਖਮਨਪ੍ਰੀਤ ਕੌਰ ਨੇ 73.12 ਫ਼ੀਸਦ ਅਤੇ ਸੁਖਦੀਪ ਕੌਰ ਨੇ 66.62 ਫ਼ੀਸਦ ਅੰਕ ਹਾਸਲ ਕਰਕੇ ਕਾਲਜ ਵਿਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ ਹੈ। ਬਾਬਾ ਸੇਵਾ ਸਿੰਘ ਨੇ ਇਸ ਪ੍ਰਾਪਤੀ ਲਈ ਕਾਮਯਾਬ ਵਿਦਿਆਰਥੀਆਂ ਅਤੇ ਉਹਨਾਂ ਦੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਵੀ ਕਾਲਜ ਦੀ ਇਸ ਗੌਰਵਮਈ ਪਰੰਪਰਾ ਦੇ ਜਾਰੀ ਰਹਿਣ ਦੀ ਕਾਮਨਾ ਕੀਤੀ।







ਕਾਲਜ ਦੇ ਪ੍ਰਿੰਸੀਪਲ ਡਾ. ਸੁਰਿੰਦਰ ਬੰਗੜ ਨੇ ਇਸ ਪ੍ਰਾਪਤੀ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੀ.ਏ. ਦੇ ਉਕਤ ਵਿਦਿਆਰਥੀਆਂ ਨੇ ਮੈਰਿਟ ਵਿਚ ਥਾਂ ਬਣਾ ਕੇ ਅਤੇ ਬੀ.ਐਸ.ਸੀ. ਦੇ ਵਿਦਿਆਰਥੀਆਂ ਨੇ ਵੀ ਸ਼ਾਨਦਾਰ ਕਾਰਗੁਜ਼ਾਰੀ ਦਿਖਾ ਕੇ ਇਸ ਕਾਲਜ, ਆਪਣੇ ਮਾਪਿਆਂ ਅਤੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ ਹੈ। ਯੂਨੀਵਰਸਿਟੀ ਮੈਰਿਟ ਵਿਚ ਉਚੇਰੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨੀਆਂ ਕਾਲਜ ਦੀ ਗੌਰਵਮਈ ਪਰੰਪਰਾ ਹੈ, ਜਿਸ ਨੂੰ ਉਕਤ ਵਿਦਿਆਰਥਣਾਂ ਨੇ ਬਾਖੂਬੀ ਕਾਇਮ ਰੱਖਿਆ ਹੈ।

# ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ 'ਕੁਕਨਸ ਦਾ ਸਫ਼ਰ' ਤੇ ਗੋਸ਼ਟੀ

ਹੁਸ਼ਿਆਰਪੁਰ- ਪੰਜਾਬੀ ਸਾਹਿਤ ਸਭਾ ਹੁਸ਼ਿਆਰਪੁਰ (ਰਜਿ.) ਵਲੋਂ ਪ੍ਰਿੰ. ਦਾਸ ਭਾਰਤੀ ਦਾ ਤੀਸਰਾ ਕਾਵਿ ਸੰਗ੍ਰਹਿ 'ਕੁਕਨਸ ਦਾ ਸਫ਼ਰ' ਤੇ ਗੋਸ਼ਟੀ ਕਰਵਾਈ ਗਈ। ਸਮਾਗਮ ਦੀ ਪ੍ਰਧਾਨਗੀ ਲੈਕ. ਸਤਵੰਤ ਕਲੋਟੀ ਅਤੇ ਡਾ. ਸੁਖਦੇਵ ਸਿੰਘ ਢਿੱਲੋਂ ਵਲੋਂ ਸਾਂਝੇ ਤੌਰ ਤੇ ਕੀਤੀ ਗਈ।ਕਾਵਿ ਪੁਸਤਕ ਤੇ ਚਾਰ ਪਰਚੇ ਡਾ. ਮਨਮੋਹਨ ਸਿੰਘ ਤੀਰ, ਕੁਲਤਾਰ ਸਿੰਘ 'ਕੁਲਤਾਰ', ਲੈਕ. ਸਤਵੰਤ ਕਲੋਟੀ ਅਤੇ ਡਾ. ਜਸਵੰਤ ਰਾਏ ਵਲੋਂ ਪੜ੍ਹੇ ਗਏ। ਆਲੋਚਕਾਂ ਵਲੋਂ ਉਠਾਏ ਮੁਦਿਆਂ ਤੋਂ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਭਾਰਤੀ ਇੱਕ ਮਾਨਵਵਾਦੀ ਕਵੀ ਹੈ।ਉਸਦੀ ਕਾਵਿਧਾਰਾ ਨਪੀੜੇ ਵਰਗ ਦੇ ਦੁਖਾਂਤ ਦੀ ਬਾਤ ਪਾਉਂਦੀ ਹੈ। ਔਰਤ ਅਤੇ ਦਲਿਤ ਦੀ ਸਮਾਜ ਵਿਚ ਹੋ ਰਹੀ ਦੁਰਗਤ ਦੀ ਅਸਲੀਅਤ ਨੂੰ ਬਿਆਨ ਕਰਦੀ ਕਵਿਤਾ ਸੰਘਰਸ਼ਮਈ ਹੋ ਨਿਬੜਦੀ ਹੈ।ਕਲਾ ਪੱਖ ਤੋਂ ਥੋੜ੍ਹੀ ਅਸਾਵੀਂ ਹੋਣ ਦੇ ਬਾਵਜੂਦ ਭਾਰਤੀ ਦੀ ਕਵਿਤਾ ਵਿਚਾਰਧਾਰਾ ਪੱਖੋਂ ਪ੍ਰਵੀਨ ਹੈ।



ਆਲੋਚਨਾ ਪਰਚਿਆਂ ਅਤੇ ਭਾਰਤੀ ਦੇ ਕਾਵਿ ਭਾਵਾਂ ਤੇ ਟਿਪਣੀ ਕਰਦਿਆਂ ਸਮਰੱਥ ਸ਼ਾਇਰ ਮਦਨਵੀਰਾ ਨੇ ਆਖਿਆ ਕਿ ਭਾਰਤੀ ਦੀ ਕਵਿਤਾ ਵਿਚ ਪਹਿਲੇ ਸੰਗ੍ਰਹਿਆਂ ਦੇ ਮੁਕਾਬਲਤਨ ਪਕਿਆਈ ਆਈ ਹੈ। ਡਾ. ਪਰਮਜੀਤ ਕੌਰ ਨੇ ਆਪਣੀ ਸਟੀਕ ਟਿੱਪਣੀ ਵਿਚ ਭਾਰਤੀ ਦੀ ਕਵਿਤਾ 'ਚ ਔਰਤ ਦੀ ਹੂਕ ਨੂੰ ਬਿੰਬਾਂ ਰਾਹੀਂ ਪ੍ਰਗਟਾਉਣ ਤੇ ਸਰਾਹਿਆ ਹੈ। ਲੈਕ. ਬਲਵਿੰਦਰ ਕੌਰ ਨੇ ਆਖਿਆ ਕਿ ਭਾਰਤੀ ਦਾ ਕਾਵਿ ਸਫ਼ਰ ਵੱਖਰਾ ਹੈ। ਅਜੇ ਤਾਂ ਕੁਕਨਸ ਦੇ ਸਫ਼ਰ ਦੀ ਸਿਰਫ ਸ਼ੁਰੂਆਤ ਹੋਈ ਹੈ। ਡਾ. ਸਰਦੂਲ ਸਿੰਘ, ਅਵਤਾਰ ਲੰਗੇਰੀ, ਗੁਰਦਿਆਲ ਸਿੰਘ ਫੁੱਲ, ਕਹਾਣੀਕਾਰਾ ਕੇ. ਤ੍ਰਿਪਤਾ ਸਿੰਘ ਨੇ ਵੀ ਚਰਚਾ 'ਚ ਹਿੱਸਾ ਲਿਆ।


ਡਾ. ਕਰਮਜੀਤ ਸਿੰਘ ਨੇ ਗੋਸ਼ਟੀ ਸਮਾਗਮ ਨੂੰ ਸਮੇਟਦਿਆਂ ਕਿਹਾ ਕਿ ਭਾਰਤੀ ਚੇਤੰਨ ਕਵੀ ਹੈ। ਸੋਹਜ ਪੱਖੋਂ ਵੀ 'ਕੁਕਨਸ ਦਾ ਸਫ਼ਰ' ਇੱਕ ਉਤਮ ਰਚਨਾ ਹੈ। ਕਵਿਤਾ ਵਿਚ ਅੰਬੇਡਕਰਵਾਦੀ ਅਤੇ ਮਾਰਕਸਵਾਦੀ ਵਿਚਾਰਧਾਰਾ ਨੂੰ ਅਪਣਾਇਆ ਜਰੂਰ ਗਿਆ ਹੈ ਪਰ ਅਸਿੱਧੇ ਢੰਗ ਨਾਲ।ਇਹੀ ਕਵੀ ਦੀ ਕਾਵਿ ਰਚਨਾ ਦੀ ਖੂਬਸੂਰਤੀ ਹੈ।ਆਲੋਚਕਾਂ ਨੇ ਆਪਣੇ ਪਰਚਿਆਂ ਵਿਚ ਭਾਰਤੀ ਦੇ ਕਾਵਿ ਪੱਖ ਦੀ ਨਿੱਠ ਕੇ ਚਰਚਾ ਕੀਤੀ ਹੈ ਅਤੇ ਹਾਜ਼ਰ ਵਿਦਵਾਨਾਂ ਨੇ ਵੀ ਭਾਵਪੂਰਨ ਟਿਪਣੀਆਂ ਕੀਤੀਆਂ ਹਨ।

ਸਮਾਗਮ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਡਾ. ਜਸਵੰਤ ਰਾਏ ਨੇ ਬਾਖੂਬੀ ਨਿਭਾਈ।ਡਾ. ਸੁਖਦੇਵ ਢਿੱਲੋਂ ਅਤੇ ਲੈਕ. ਸਤਵੰਤ ਕਲੋਟੀ ਵਲੋਂ ਹਾਜ਼ਰ ਵਿਦਵਾਨ ਦੋਸਤਾਂ ਦਾ ਧੰਨਵਾਦ ਕੀਤਾ ਗਿਆ।ਸਮਾਗਮ ਵਿਚ ਕਹਾਣੀਕਾਰ ਸਤੀਸ਼ ਕੁਮਾਰ, ਪ੍ਰੀਤ ਨੀਤ ਪੁਰ, ਅਵਤਾਰ ਹੋਠੀ, ਪ੍ਰਿੰ. ਗੁਰਦਿਆਲ ਸਿੰਘ ਫੁੱਲ, ਨਿਰਮਲ ਕੌਰ, ਲੈਕ. ਊਸ਼ਾ ਰਾਣੀ, ਦਵਿੰਦਰ ਕੌਰ, ਹਰਵਿੰਦਰ ਸਾਹਬੀ, ਮਦਨ ਸ਼ਰਮਾ, ਡਾ. ਅਵਤਾਰ ਸਿੰਘ, ਲਖਵਿੰਦਰ ਸਿੰਘ, ਸੁਰਿੰਦਰ ਕੰਗਵੀ, ਪ੍ਰੋ. ਕਮਲਜੀਤ ਖਲਿਸ਼, ਨਰਿੰਦਰ ਸੈਣੀ ਅਤੇ ਰਵੀ ਸ਼ਰਮਾ ਹਾਜ਼ਰ ਸਨ।

*ਰਿਪੋਰਟ: ਡਾ ਜਸਵੰਤ ਰਾਏ (9815825999)*

# ਮਾਕਪਾ ਨੇਤਾ ਸਮਰ ਮੁਖਰਜੀ ਦਾ ਦੇਹਾਂਤ

ਕੋਲਕਾਤਾ- ਮਾਕਪਾ ਨੇਤਾ ਅਤੇ ਆਜ਼ਾਦੀ ਸੈਨਾਨੀ ਸਮਰ ਮੁਖਰਜੀ ਦਾ ਵੀਰਵਾਰ ਇੱਥੇ ਉਮਰ ਸੰਬੰਧੀ ਬੀਮਾਰੀਆਂ ਦੇ ਕਾਰਨ ਦੇਹਾਂਤ ਹੋ ਗਿਆ। ਉਹ ਆਪਣੇ ਵਧੀਆ ਭਾਸ਼ਨ



ਅਤੇ ਅਗਵਾਈ ਸਮਰੱਥਾ ਲਈ ਲੋਕਪ੍ਰਿਯ ਸਨ। ਉਹ ਅਵਿਆਹੁਤਾ ਸਨ। ਪਿਛਲੇ ਸਾਲ ਨਵੰਬਰ ਵਿਚ 100ਵਾਂ ਜਨਮਦਿਨ ਮਨਾਉਣ ਵਾਲੇ ਮੁਖਰਜੀ ਮਾਕਪਾ ਦੇ ਸਭ ਤੋਂ ਬਜ਼ੁਰਗ ਮੈਂਬਰ ਸਨ। ਉਹ 1940 ਵਿਚ ਪਾਰਟੀ 'ਚ ਸ਼ਾਮਲ ਹੋਏ ਸਨ।

ਆਪਣੇ ਜੀਵਨ ਦਾ ਜ਼ਿਆਦਾਤਰ ਸਮਾਂ ਪਾਰਟੀ ਕੰਮਾਂ ਵਿਚ ਬਿਤਾਉਣ ਵਾਲੇ ਮਾਕਪਾ ਨੇਤਾ ਦਾ ਜਨਮ ਰੂਸ ਵਿਚ ਗ੍ਰੇਟ ਅਕਤੂਬਰ ਕ੍ਰਾਂਤੀਕਾਰੀ ਤੋਂ ਮਹਜ ਚਾਰ ਸਾਲ ਪਹਿਲੇ ਹੋਇਆ ਸੀ ਅਤੇ ਉਨ੍ਹਾਂ ਨੇ 1991 ਵਿਚ ਸੋਵੀਅਤ ਸੰਘ ਦਾ ਵਿਘਟਨ ਵੀ ਦੇਖਿਆ। ਕਮਿਊਨਿਸਟ ਪਾਰਟੀ ਦੀ ਪੁਰਾਣੀ ਅਤੇ ਨਵੀਂ, ਦੋਵੇਂ ਪੀੜ੍ਹੀਆਂ ਦੇ ਲੋਕ ਮੁਖਰਜੀ ਦਾ ਬਹੁਤ ਸਨਮਾਨ ਕਰਦੇ ਸਨ। ਉਨ੍ਹਾਂ ਨੇ ਹਾਵੜਾ ਵਿਚ ਪਾਰਟੀ ਦਾ ਕੰਮਕਾਜ ਦੇਖਣ ਲਈ 1940 ਵਿਚ ਆਪਣੇ ਪਰਿਵਾਰ ਨੂੰ ਛੱਡ ਦਿੱਤਾ ਸੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ ਸਨ। ਮੁਖਰਜੀ 1957 ਤੋਂ 1971 ਤੱਕ ਪੱਛਮੀ ਬੰਗਾਲ ਵਿਧਾਨ ਸਭਾ ਦੇ ਮੈਂਬਰ ਰਹੇ ਸਨ। ਉਨ੍ਹਾਂ ਦਾ ਜਨਮ 7 ਨਵੰਬਰ 1913 ਨੂੰ ਹਾਵੜਾ ਜ਼ਿਲੇ ਦੇ ਆਮਟਾ ਵਿਚ ਹੋਇਆ ਸੀ।

# ਭਲਾ ਕਰ ਦੂਜਿਆਂ ਦਾ



ਹਰੀ ਕਾਲੀਆ
530- 671-9065

ਭਲਾ ਕਰ ਦੂਜਿਆਂ ਦਾ,
ਬੰਦਗੀ ਖੁਦਾ ਵਾਲੀ,
ਦੇਖੀਂ ਫਿਰ ਕਿਵੇਂ ਤੇਰੇ,
ਪਾਪ ਮੁੱਕੀ ਜਾਂਦੇ ਨੇ।
ਜਿਹੜੇ ਕਹਿੰਦੇ ਮਾਇਆ
ਕੋਲੋਂ ਦੂਰ ਰਹੋ ਸੱਜਣੋ
ਜੱਫੇ ਪਾ ਕੇ ਮਾਇਆ ਨੂੰ ਉਹ ਆਪ ਮੁੱਕੀ ਜਾਂਦੇ ਨੇ।

ਮਾੜੇ ਪ੍ਰਚਾਰ ਗੀਤ ਲੱਚਰਾਂ ਦਾ ਬੋਲਬਾਲਾ
ਚੰਗੇ ਸੰਗੀਤ ਤੇ ਅਲਾਪ ਮੁੱਕੀ ਜਾਂਦੇ ਨੇ।
ਭੈਣ ਤੇ ਭਰਾ ਦਾ ਸਨੇਹ ਬਦਨਾਮ ਹੋਇਆ
ਰਿਸ਼ਤੇ ਤਾਂ ਇੱਥੋਂ ਸਾਰੇ ਪਾਕ ਮੁੱਕੀ ਜਾਂਦੇ ਨੇ।

ਮੈਲ ਅਤੇ ਖੋਟ ਸਾਡੇ ਦਿਲਾਂ ਵਿਚ ਦੂਜਿਆਂ ਲਈ,
ਅੰਦਰੋਂ ਇਰਾਦੇ ਸਾਰੇ ਸਾਫ ਮੁੱਕੀ ਜਾਂਦੇ ਨੇ।
ਨਿੱਤ ਪੁੱਤ ਦੇਣ ਦੇ ਬਾਬੇ ਜੋ ਕਰਨ ਵਾਅਦੇ,
ਉਹ ਆਪ ਭੋਗ ਔਤਾਂ ਦਾ ਸੰਤਾਪ ਮੁੱਕੀ ਜਾਂਦੇ ਨੇ।

ਦੂਜਿਆਂ ਨੂੰ ਦੇਣ ਜੋ ਤਸੱਲੀ ਲੰਮਾ ਜਿਉਣ ਵਾਲੀ,
ਜੂਨ ਥੋੜ੍ਹੀ ਭੋਗ ਕੇ ਉਹ ਆਪ ਮੁੱਕੀ ਜਾਂਦੇ ਨੇ।
ਮਾੜੇ ਬੰਦਿਆਂ ਨੂੰ ਇੱਥੇ ਮੌਤ ਵੀ ਨਹੀਂ ਆਉਂਦੀ ਛੇਤੀ,
ਰੱਖਦੇ ਇਰਾਦੇ ਜਿਹੜੇ ਸਾਫ ਮੁੱਕੀ ਜਾਂਦੇ ਨੇ।

ਮਾਪਿਆਂ ਦੇ ਸਾਹਵੇਂ ਬੱਚੇ ਜੰਮਦੇ ਹੀ ਮੁੱਕ ਜਾਂਦੇ,
ਬੱਚਿਆਂ ਨੂੰ ਛੱਡ ਮਾਈ ਬਾਪ ਮੁੱਕੀ ਜਾਂਦੇ ਨੇ।
ਹੀਰਿਆਂ ਨੂੰ ਛੱਡ ਬੰਦਾ ਕੌਡੀਆਂ ਦੇ ਪਿੱਛੇ ਪਿਆ,
ਪਾਰਖੀ ਉਹ ਜੌਹਰੀ ਤੇ ਸ਼ਰਾਫ ਮੁੱਕੀ ਜਾਂਦੇ ਨੇ।

ਦੇਣ ਤਕਲੀਫਾਂ ਟੋਏ ਪੁੱਟਦੇ ਜੋ ਦੂਜਿਆਂ ਲਈ,
ਉਹਨਾਂ ਟੋਇਆਂ ਵਿਚ ਡਿੱਗ ਆਪ ਮੁੱਕੀ ਜਾਂਦੇ ਨੇ।
ਦਿੱਤਾ ਜੋ ਭੰਡਾਰ ਤੈਨੂੰ ਸਾਹਾਂ ਵਾਲਾ ਮੁੱਕ ਜਾਣਾ,
ਇਕ ਇਕ ਕਰ ਦਿਨ ਰਾਤ ਮੁੱਕੀ ਜਾਂਦੇ ਨੇ।

ਮਾਇਆ ਦੀ ਖਾਤਰ ਬੰਦਾ ਕੀ ਨਹੀਉਂ ਕਰਦਾ,
ਅਣਖ, ਸ਼ਰਮ ਤੇ ਔਕਾਤ ਮੁੱਕੀ ਜਾਂਦੇ ਨੇ।
ਰੋਟੀ ਬੇਟੀ ਵਾਲਾ ਹੋਇਆ ਰਿਸ਼ਤਾ ਜਦੋਂ ਵੀ ਸਾਂਝਾ,
ਜਾਣਿਉਂ ਫਿਰ ਇੱਥੋਂ ਜਾਤ, ਪਾਤ ਮੁੱਕੀ ਜਾਂਦੇ ਨੇ।

ਇਕ ਭਾਂਡੇ ਵਿਚ ਜਦੋਂ ਖਾਣਾ ਖਾਧਾ ਸਾਰਿਆਂ ਨੇ,
ਗੱਲ ਕੀ ਸੀ ਫਿਰ ਛੂਆ ਛਾਤ ਮੁੱਕੀ ਜਾਂਦੇ ਨੇ।
ਪੁੱਤਰਾਂ ਬਗੈਰ ਕਿਸ ਕੰਮ ਦੀਆਂ ਦੌਲਤਾਂ,
ਬਿਨਾਂ ਮਿਲੇ ਲਾਲਾਂ ਦੀ ਸੌਗਾਤ ਮੁੱਕੀ ਜਾਂਦੇ ਨੇ।

ਪੁੱਤਰਾਂ ਨੂੰ ਪਾਉਣ ਲਈ ਜੋ ਖਾਂਦੇ ਥਾਂ ਥਾਂ ਠੋਕਰਾਂ,
ਰੋ, ਰੋ ਕੇ ਕਰਦੇ ਵਿਰਲਾਪ ਮੁੱਕੀ ਜਾਂਦੇ ਨੇ।
ਪੀਰ ਤੇ ਫਕੀਰ ਮੰਨੇ ਬਹੁਤਿਆ ਨਹੀਂ ਕੋਈ ਵੀ,
ਚਿਰਾਗ ਬੁਝੇ ਸਾਡੇ ਸਾਡੇ ਆਸ ਮੁੱਕੀ ਜਾਂਦੇ ਨੇ!

ਅੱਖਾਂ ਵਿਚੋਂ ਪਾਣੀ ਮੁੱਕ ਸੁੱਕ ਗਈਆਂ ਪਲਕਾਂ,
ਨੀਂਦਰ ਨਹੀਂ ਆਉਂਦੀ ਤੇ ਧਰਾਸ ਮੁੱਕੀ ਜਾਂਦੇ ਨੇ!
'ਕਾਲੀਆ' ਮਿੱਟੀ ਦੀ ਮੁੱਠ ਤੂੰ ਇਕ ਦਿਨ ਮੁੱਕ ਜਾਣਾ,
ਵਾਰੀ ਵਾਰੀ ਬਣ ਇੱਥੋਂ ਰਾਖ ਮੁੱਕੀ ਜਾਂਦੇ ਨੇ।

# 'ਕੁਲਫੀ ਗਰਮਾ ਗਰਮ 2' ਵਿੱਚ ਪੰਜਾਬੀਆਂ ਲਈ ਭਰਪੂਰ ਮਨੋਰੰਜਨ-ਜਗਤਾਰ ਜੱਗੀ



ਮੋਡੈਸਟੋ- ਪਿਛਲੇ ਵੀਹ ਕੁ ਸਾਲਾਂ ਤੋਂ ਕੈਸਟਾਂ,ਫਿਲਮਾਂ ਅਤੇ ਟੈਲੀਵੀਜਨ ਰਾਹੀਂ ਸਮ-ਾਜਿਕ ਬੁਰਾਈਆਂ ਨੂੰ ਆਪਣੇ ਨਿਵੇਕਲੇ ਅੰਦਾਜ ਵਿੱਚ ਜੜੋਂ ਪੱਟਣ ਦੀ ਕੋਸ਼ਿਸ਼ ਵਿੱਚ ਲੱਗੀ ਕਮੇਡੀ ਜੋੜੀ ਭਗਵੰਤ ਮਾਨ ਅਤੇ ਜਗਤਾਰ ਜੱਗੀ ਇੱਕ ਵਾਰ ਫੇਰ ਪੂਰੀ ਦੁਨੀਆ ਵਿੱਚ ਬੈਠੇ ਪੰਜਾਬੀਆਂ ਦੇ ਮਨੋਰੰਜਨ ਲਈ ਕਮੇਡੀ ਐਲਬਮ 'ਕੁਲਫੀ ਗਰਮਾ ਗਰਮ 2' ਲੈ ਕੇ ਹਾਜ਼ਰ ਹੋ ਰਹੇ ਹਨ।ਇਸ ਸਬੰਧੀ ਗਲਬਾਤ ਕਰਦਿਆਂ ਭਗਵੰਤ ਮਾਨ ਦੇ ਸਾਥੀ ਕਲਾਕਾਰ ਜਗਤਾਰ ਜੱਗੀ ਨੇ ਦੱਸਿਆ ਕਿ ਕੁਲਫੀ ਗਰਮਾ ਗਰਮ 2 ਵਿੱਚ ਵੀ ਪਹਿਲਾਂ ਦੀ ਤਰਾਂ ਫੁਲ ਕਮੇਡੀ ਅਤੇ ਵਿਅੰਗ ਦਾ ਸੁਮੇਲ ਹੋਵੇਗਾ।ਬੀਬੋ ਭੂਆ, ਭਾਨ ਕਾ ਮੰਗਾ ਅਤੇ ਭੰਡਾ ਅਮਲੀ ਇੱਕ ਵਾਰ ਫਿਰ ਪੂਰੇ ਕਮਰਕੱਸੇ ਕੱਸ ਕੇ ਆ ਰਹੇ ਹਨ। ਇਸ ਦੇ ਲੇਖਕ ਭਗਵੰਤ ਮਾਨ ਖੁਦ ਹਨ, ਇਸ ਦਾ ਸੰਗੀਤ ਦਿਲਖੁਸ਼ ਥਿੰਦ ਨੇ ਤਿਆਰ ਕੀਤਾ ਹੈ ਅਤੇ ਇਹ ਐਲਬਮ ਅਮਰ ਆਡਿਓ ਵਿਚ ਰਿਲੀਜ਼ ਨਿਰਮਾਤਾ ਪਿੰਕੀ ਧਾਲੀਵਾਲ ਵਲੋਂ ਅਗਸਤ ਦੇ ਪਹਿਲੇ ਹਫਤੇ ਰਿਲੀਜ਼ ਕੀਤੀ ਜਾਵੇਗੀ। ਜਗਤਾਰ ਜੱਗੀ ਨੇ ਆਸ ਪ੍ਰਗਟ ਕੀਤੀ ਹੈ ਕਿ 'ਕੁਲਫੀ ਗਰਮਾ ਗਰਮ 2 ਨੂੰ ਵੀ ਪੂਰੀ ਦੁਨੀਆ ਵਿੱਚ ਬੈਠੇ ਪੰਜਾਬੀ ਸਾਡੀ ਪਹਿਲੀ ਕੈਸੇਟ 'ਕੁਲਫੀ ਗਰਮਾ ਗਰਮ' ਜਿੰਨਾਂ ਪਿਆਰ ਦੇਣਗੇ ਅਤੇ ਇਹ ਐਲਬਮ ਵੀ ਰਿਕਾਰਡ ਤੋੜ ਸਫਲਤਾ ਹਾਸਲ ਕਰੇਗੀ।



## ਸੰਪਾਦਕੀ

### – ਤਰਸੇਮ ਜਲੰਧਰੀ

# ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ (ਕੈਲੇਫੋਰਨੀਆ) ਨੇ ਸੁਨਹਿਰੀ ਇਤਿਹਾਸ ਰਚਿਆ

ਭਾਰਤ ਦੀ ਸਰਜ਼ਮੀ ਤੇ ਜਿਹਨਾਂ ਲੋਕਾਂ ਦਾ ਵਿਦੇਸ਼ੀ ਆਰੀਅਨ ਲੋਕਾਂ ਦੇ ਭਾਰਤ ਵਿਚ ਆਉਣ ਤੋਂ ਪਹਿਲਾਂ ਵਸੇਬਾ ਸੀ, ਉਹਨਾਂ ਦਾ ਵਿਰਸਾ ਬਹੁਤ ਹੀ ਰੋਚਕ ਅਤੇ ਹਰ ਪੱਖੋਂ ਅਮੀਰ ਰਿਹਾ ਹੈ, ਪ੍ਰੰਤੂ ਵਿਦੇਸ਼ੀ ਆਰੀਅਨ ਲੋਕਾਂ ਨੇ ਇਹਨਾਂ ਭਾਰਤੀ ਮੂਲ ਨਿਵਾਸੀ ਲੋਕਾਂ ਦੀ ਸਭਿਅਤਾ ਨੂੰ ਜਿੱਥੇ ਤਹਿਸ ਨਹਿਸ ਕੀਤਾ, ਉਥੇ ਉਹਨਾਂ ਨੇ ਇਹਨਾਂ ਦੇ ਇਤਿਹਾਸ ਨੂੰ ਵਿਗੜਨ ਅਤੇ ਨਸ਼ਟ ਕਰਨ ਦੀ ਵੀ ਕਿਸੇ ਪ੍ਰਕਾਰ ਦੀ ਢਿੱਲ ਨਹੀਂ ਕੀਤੀ। ਦੂਸਰੀ ਤਰਫ ਦੁਨੀਆਂ ਦਾ ਇਤਿਹਾਸ ਦੱਸਦਾ ਹੈ ਕਿ ਮਨੁੱਖ ਹੱਥੋਂ ਮਨੁੱਖ ਦਾ ਜਾਂ ਕੁਦਰਤ ਦੀ ਕਰੋਪੀ ਜਾਂ ਫਿਰ ਹੋਰ ਕਿਸੇ ਵੀ ਕਿਸੇ ਤਰ੍ਹਾਂ ਦਾ ਵਿਨਾਸ਼ਕਾਰੀ ਦੁਖਾਂਤ ਕਿਸੇ ਵੀ ਚੀਜ਼ ਦਾ ਮੁਕੰਮਲ ਸਫਾਇਆ ਨਹੀਂ ਕਰ ਸਕਿਆ। ਜੇਕਰ ਕਰ ਵੀ ਸਕਿਆ ਤਾਂ ਉਸ ਦੇ ਵਿਨਾਸ਼ਕਾਰੀ ਚਿੰਨ੍ਹ ਮਨੁੱਖ ਨੂੰ ਵਿਨਾਸ਼ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਸਚਾਈ ਦੀ ਤਹਿ ਤੱਕ ਜਾਣ ਲਈ ਉਪਲਬਧ ਰਹੇ ਹਨ। ਅਜਿਹੇ ਮੌਕਿਆਂ ਤੇ ਇਸ ਪਲੈਨਿਟ (ਧਰਤੀ) ਤੇ ਅਲੱਗ ਅਲੱਗ ਦੇਸ਼ਾਂ ਦੀਆਂ ਧਾਰਮਿਕ, ਸਮਾਜਿਕ, ਆਰਥਿਕ, ਰਾਜਨੀਤਿਕ ਤੇ ਭੂਗੋਲਿਕ ਪ੍ਰਸਥਿਤੀਆਂ ਕਦੇ ਸਮਾਨ ਨਹੀਂ ਰਹੀਆਂ। ਪ੍ਰੰਤੂ ਭਾਰਤ ਦੀ ਸਥਿਤੀ ਪੂਰੇ ਵਿਸ਼ਵ ਤੋਂ ਇਸ ਕਰਕੇ ਅਲੱਗ ਹੈ ਕਿ ਜੋ ਇੱਥੇ ਅਣਮਨੁੱਖੀ ਵਰਤਾਰਾ ਆਰੀਅਨ ਲੋਕਾਂ ਨੇ ਭਾਰਤੀ ਮੂਲ ਨਿਵਾਸੀਆਂ ਨਾਲ ਕੀਤਾ, ਉਸ ਦੀ ਵਿਸ਼ਵ ਪੱਧਰ ਤੇ ਕਿਤੇ ਵੀ ਇਕ ਵੀ ਉਦਾਹਰਣ ਨਹੀਂ ਮਿਲਦੀ। ਹੋਰ ਤਾਂ ਹੋਰ ਉਹਨਾਂ ਲੋਕਾਂ ਨੇ ਆਪਣੇ ਹੀ ਸਮੂਹ ਔਰਤ ਵਰਗ ਨੂੰ ਇਨਸਾਨੀ ਹੱਕ ਹਕੂਕ ਤੋਂ ਸੱਖਣਾ ਰੱਖਿਆ। ਭਾਵ ਉਸ ਨੂੰ ਮਰਦ ਬਰਾਬਰ ਬਰਾਬਰਤਾ ਨਹੀਂ ਦਿੱਤੀ।

ਸਮੇਂ ਨੇ ਕਰਵਟ ਲਈ, ਮਾਨਵਤਾ ਦੇ ਹੱਕ ਵਿਚ ਆਵਾਜ਼ ਉਠੀ ਤੇ ਮਾਨਵਤਾਵਾਦੀ ਨਵੇਂ ਧਰਮਾਂ ਦਾ ਆਗਾਜ਼ ਹੋਇਆ, ਜਿਹਨਾਂ ਵਿਚ ਬੁੱਧ, ਜੈਨ, ਸਿੱਖ ਅਤੇ ਆਦਿ-ਧਰਮ ਜਿੱਥੇ ਹੋਂਦ ਵਿਚ ਆਏ, ਉਥੇ ਇਸਾਈ ਅਤੇ ਇਸਲਾਮ ਨੇ ਵੀ ਮਾਨਵਤਾ ਦੇ ਹੱਕ ਵਿਚ ਜ਼ਬਰਦਸਤ ਹਾਅ ਦਾ ਨਾਅਰਾ ਮਾਰਿਆ। ਭਾਰਤ ਵਿਚ ਮਹਾਂਰਿਸ਼ੀ ਸ਼ੰਭੂਕ, ਤਥਾਗਤ ਬੁੱਧ, ਮਹਾਂਵੀਰ ਜੈਨ, ਸਤਿਗੁਰੂ ਨਾਮਦੇਵ ਜੀ, ਸਤਿਗੁਰੂ ਕਬੀਰ ਸਾਹਿਬ, ਸਤਿਗੁਰੂ ਰਵਿਦਾਸ ਜੀ ਤੇ ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਆਦਿ ਅਨੇਕਾਂ ਮਹਾਂਪੁਰਸ਼ਾਂ ਨੇ ਇਨਸਾਨ ਨੂੰ ਇਨਸਾਨ ਸਮਝਣ ਤੇ ਸਮੂਹ ਔਰਤ ਵਰਗ ਨੂੰ ਮਰਦ ਬਰਾਬਰ ਸਮਝਣ ਦਾ ਸੰਦੇਸ਼ ਦਿੱਤਾ। ਇਸ ਉਪਰੰਤ ਇਹਨਾਂ ਧਰਮਾਂ ਦੀ ਦੇਖ ਰੇਖ ਹਿੰਦੂ ਧਰਮ ਵਿਚੋਂ ਵੀ ਕੁਝ ਸਮਾਜਿਕ ਲਹਿਰਾਂ ਨੇ ਜਨਮ ਲਿਆ। ਇਹਨਾਂ ਦੇ ਸੰਚਾਲਕਾਂ ਨੇ ਵੀ ਇਹ ਦੱਸਣ ਦੀ ਵੀ ਕੁਝ ਹਿੰਮਤ ਕੀਤੀ ਕਿ ਇਨਸਾਨ ਇਨਸਾਨ ਹੈ, ਇਸ ਦੀ ਕੋਈ ਜਾਤ ਨਹੀਂ। ਉਹਨਾਂ ਆਪਣੇ ਪੂਰਵਜ਼ਾਂ ਦੀਆਂ ਕੀਤੀਆਂ ਜ਼ਿਆਦਤੀਆਂ ਵਿਰੁੱਧ ਕੁਝ ਕਹਿਣ ਦੀ ਹੋਰ ਹਿੰਮਤ ਕੀਤੀ ਜੋ ਇਕ ਚੰਗਾ ਸੰਕੇਤ ਕਿਹਾ ਜਾ ਸਕਦਾ ਹੈ।

ਪ੍ਰੰਤੂ ਇੰਨਾ ਕੁਝ ਹੋਣ ਦੇ ਬਾਵਜੂਦ ਜਾਤ ਪਾਤ, ਊਚ ਨੀਚ, ਛੂਆਛਾਤ ਤੇ ਔਰਤਾਂ ਉਪਰ ਹੋ ਰਹੇ ਅੱਤਿਆਚਾਰਾਂ ਨੂੰ ਇੰਨੀ ਜ਼ਿਆਦਾ ਠੱਲ੍ਹ ਨਹੀਂ ਪਈ ਕਿਉਂਕਿ ਉਸ ਦੀ ਵਜ੍ਹਾ ਹੈ ਕਿ ਇਹ ਸਭ ਗੱਲਾਂ ਇਕ ਧਾਰਮਿਕ ਨਜ਼ਰੀਏ ਤੋਂ ਪ੍ਰਮਾਤਮਾ ਦੇ ਘਰ ਸਭ ਬਰਾਬਰ ਹਨ, ਬਾਰੇ ਇਰਦ ਗਿਰਦ ਸਨ। ਡਾਕਟਰ ਅੰਬੇਦਕਰ ਇਸ ਗੱਲ ਨੂੰ ਪੂਰੀ ਦ੍ਰਿੜ੍ਹਤਾ ਨਾਲ ਕਹਿੰਦੇ ਸਨ ਕਿ ਅਸੀਂ ਪ੍ਰਮਾਤਮਾ ਦੇ ਘਰ ਤੋਂ ਪਹਿਲਾਂ ਇਸ ਧਰਤੀ 'ਤੇ ਬਰਾਬਰਤਾ ਚਾਹੁੰਦੇ ਹਾਂ। ਅਜਿਹੀ ਧਾਰਨਾ ਦੀ ਝਲਕ ਗਦਰੀ ਬਾਬਿਆਂ ਤੋਂ ਵੀ ਮਿਲਦੀ ਸੀ। ਗ਼ਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਨੇ ਤਾਂ ਅਜਿਹੀ ਧਾਰਨਾ 11-12 ਜੂਨ 1925 ਨੂੰ ਆਪਣੇ ਮਨ ਵਿਚ ਹੀ ਨਹੀਂ ਬਲਕਿ ਲੋਕਾਂ ਦੇ ਮਨਾਂ ਵਿਚ ਵਸਾ ਦਿੱਤੀ ਸੀ। ਬਾਬਾ ਸਾਹਿਬ ਡਾ: ਅੰਬੇਦਕਰ ਜੀ ਨੇ ਇਸ ਬਿਮਾਰੀ ਨੂੰ ਦੂਰ ਕਰਨ ਲਈ ਹਰੇਕ ਧਰਮ, ਵਰਗ, ਜਾਤ ਦੇ ਔਰਤ/ਮਰਦ ਨੂੰ ਸੰਵਿਧਾਨਕ ਬਰਾਬਰਤਾ ਦੇ ਹੱਕ ਦਿਵਾਉਣ ਨਾਲ ਭਾਰਤੀ ਸਮਾਜਿਕ ਢਾਂਚੇ 'ਚ ਇਕ ਨਵਾਂ ਪਰਿਵਰਤਨ ਆਇਆ, ਖਾਸ ਕਰਕੇ ਦਲਿਤ ਵਰਗ ਅਤੇ ਸਮੂਹ ਔਰਤ ਵਰਗ ਨੂੰ ਸਵੈਮਾਣ ਦਾ ਜੀਵਨ ਜਿਊਣ ਦੇ ਮੌਕੇ ਉਪਲਬਧ ਹੋਣ ਲੱਗੇ।

ਗੱਲ ਨੂੰ ਹੋਰ ਨੇੜੇ ਕਰਦੇ ਹਾਂ। ਭਾਰਤ ਤੋਂ ਬਾਹਰ ਪਹਿਲੀ ਵਾਰ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੇ ਫਿਜ਼ੀ ਦੇਸ਼ ਅੰਦਰ ਧਾਰਮਿਕ ਸਥਾਨ ਸਥਾਪਤ ਕੀਤਾ। ਫਿਰ ਉਸ ਉਪਰੰਤ ਹੋਰਨਾਂ ਦੇਸ਼ਾਂ ਅੰਦਰ ਗੁਰੂ ਘਰ ਬਣਨੇ ਸ਼ੁਰੂ ਹੋਏ। ਇਸ ਤਰ੍ਹਾਂ ਉਤਰੀ ਅਮਰੀਕਾ ਅੰਦਰ ਪਹਿਲਾ ਗੁਰੂ ਘਰ ਪਿਟਸਬਰਗ (ਕੈਲੇਫੋਰਨੀਆ) ਵਿਚ ਸਾਲ 1985 ਵਿਚ ਸਥਾਪਤ ਹੋਇਆ। ਜਿੱਥੇ ਇਸ ਗੁਰੂ ਘਰ ਜਾਂ ਸੰਗਤਾਂ ਨੂੰ ਇਹ ਮਾਣ ਪ੍ਰਾਪਤ ਹੈ ਕਿ ਇਹ ਉਤਰ ਅਮਰੀਕਾ ਵਿਚ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਪਹਿਲਾ ਹੈ, ਉਥੇ ਇਸੇ ਹੀ ਗੁਰੂ ਦੀ ਸੰਗਤ ਨੇ 21 ਜੁਲਾਈ 2013 ਨੂੰ ਪਹਿਲੀ ਵਾਰ ਕਿਸੇ ਔਰਤ ਭਾਵ ਸ੍ਰੀਮਤੀ ਦੇਬੋ ਬੈਂਸ ਨੂੰ ਗੁਰੂ ਘਰ ਦੀ ਕਮੇਟੀ ਦੀ ਚੇਅਰਪਰਸਨ ਬਣਾ ਕੇ ਇਕ ਹੋਰ ਨਵਾਂ ਇਤਿਹਾਸ ਰਚ ਦਿੱਤਾ। ਉਤਰੀ ਅਮਰੀਕਾ ਵਿਚ ਤਾਂ ਹੈ ਪਰ ਹੋ ਸਕਦਾ ਹੈ ਭਾਰਤ ਤੋਂ ਬਾਹਰ ਸ਼ਾਇਦ ਇਹ ਪਹਿਲੀ ਔਰਤ ਹੋਵੇਗੀ ਜੋ ਪਹਿਲੀ ਵਾਰ ਕਿਸੇ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀ ਚੇਅਰਪਰਸਨ ਚੁਣੀ ਗਈ ਹੋਵੇ, ਉਹ ਵੀ ਸਰਬਸੰਮਤੀ ਨਾਲ।



ਚੇਅਰਪਰਸਨ ਸ੍ਰੀਮਤੀ ਦੇਬੋ ਬੈਂਸ

ਸ੍ਰੀਮਤੀ ਦੇਬੋ ਬੈਂਸ ਅਤੇ ਉਹਨਾਂ ਦੇ ਪਤੀ ਸ੍ਰੀ ਅਵਤਾਰ ਸਿੰਘ ਬੈਂਸ ਦੀ ਜਦੋਂ 'ਦੇਸ਼ ਦੁਆਬਾ' ਨਾਲ ਗੱਲਬਾਤ ਹੋਈ ਤਾਂ ਉਹਨਾਂ ਨੇ ਬੜੀ ਪ੍ਰਸੰਨਤਾ ਪਰ ਨਿਮਰਤਾ ਸਹਿਤ ਕਿਹਾ ਕਿ ਇਹ ਸਭ ਪ੍ਰਤਾਪ ਉਸ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦਾ ਹੈ, ਜਿਹਨਾਂ ਦੇ ਨਾਂ ਤੇ ਗੁਰੂ ਘਰ ਹੈ। ਸਾਰੇ ਗੁਰੂ ਸਾਹਿਬਾਨ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੀ ਸਮੂਹ ਸਾਧ ਸੰਗਤ ਤੇ ਸਮੂਹ ਬੋਰਡ ਆਫ ਡਾਇਰੈਕਟਰਜ਼ ਨੇ ਜੋ ਮੈਨੂੰ ਨਿਮਾਣੀ ਨੂੰ ਇਹ ਸੇਵਾ ਦਾ ਮੌਕਾ ਬਖਸ਼ਿਆ ਹੈ, ਮੈਂ ਉਸ ਲਈ ਸਭ ਦੀ ਸ਼ੁਕਰਗੁਜ਼ਾਰ ਹਾਂ। ਉਹਨਾਂ ਅੱਗੇ ਕਿਹਾ ਕਿ ਇਹ ਮਾਣ ਸਿਰਫ ਮੈਨੂੰ ਹੀ ਨਹੀਂ ਬਲਕਿ ਸਮੂਹ ਔਰਤ ਵਰਗ ਨੂੰ ਤੇ ਸਮੂਹ ਸਮਾਜ ਨੂੰ ਹੈ। ਮੈਂ ਸਾਰੇ ਗੁਰੂ ਸਾਹਿਬਾਨ ਤੇ ਉਹਨਾਂ ਸਾਰੇ ਸਮਾਜਿਕ ਰਹਿਬਰਾਂ ਨੂੰ ਕੋਟਿਨ ਕੋਟਿ ਪ੍ਰਣਾਮ ਕਰਦੀ ਹਾਂ, ਜਿਹਨਾਂ ਦੇ ਸੰਘਰਸ਼ ਦਾ ਇਹ ਸਿੱਟਾ ਹੈ, ਭਾਵ ਮਰਦ ਵਰਗ ਨੇ ਔਰਤ ਵਰਗ ਨੂੰ ਆਪਣੇ ਬਰਾਬਰ ਚੱਲਣ ਦੇ ਮੌਕੇ ਪ੍ਰਦਾਨ ਕੀਤੇ। ਅਜਿਹੇ ਖੁਸ਼ਗਵਾਰ ਮਾਹੌਲ, ਬਰਾਬਰਤਾ ਵਾਲਾ ਭਾਈਚਾਰਾ ਤੇ ਆਪਸੀ ਇਤਫਾਕ ਨਾਲ ਸਾਡਾ ਸਮਾਜ ਹੋਰ ਤਰੱਕੀ ਕਰੇਗਾ।

ਉਹਨਾਂ ਅੱਗੇ ਦੱਸਿਆ ਕਿ ਮੈਂ ਆਪਣੀ ਤਰਫੋਂ ਪੂਰੀ ਕੋਸ਼ਿਸ਼ ਕਰਾਂਗੀ ਕਿ ਇਸ ਗੁਰੂ ਘਰ ਨਾਲ ਜੁੜੀ ਸਮੂਹ ਸੰਗਤ ਦੇ ਹਰ ਵਿਅਕਤੀ ਨੂੰ ਨਾਲ ਲੈ ਕੇ ਚੱਲਾਂ, ਉਹਨਾਂ ਨੂੰ ਬੇਨਤੀ ਕਰਾਂਗੀ ਤੁਹਾਡੇ ਸੰਪੂਰਨ ਸਹਿਯੋਗ ਦੀ ਅਤੀ ਜ਼ਰੂਰਤ ਹੈ, ਉਹ ਇਸ ਕਰਕੇ ਵੀ ਹੈ ਕਿ ਗੁਰੂ ਘਰ ਸਭ ਦਾ ਹੈ, ਸਾਂਝਾ ਹੈ ਅਤੇ ਸਾਂਝੇ ਕਾਰਜ, ਆਪਸੀ ਸਾਂਝ ਤੇ ਸੂਝ ਬੂਝ ਨਾਲ ਹੀ ਨੇਪਰੇ ਚੜ੍ਹਦੇ ਹਨ। ਆਪਣੇ ਕਾਰਜਕਾਲ ਦੌਰਾਨ ਜੇਕਰ ਕੋਈ ਅਣਜਾਣੇ ਗਲਤੀ ਕਰ ਬੈਠਾਂ, ਸੰਗਤ ਮੈਨੂੰ ਜਾਣੂ ਕਰਵਾ ਦੇਵੇ ਤਾਂ ਮੈਂ ਗਲਤੀ ਮੰਨਣ ਨੂੰ ਕਦੇ ਦੇਰ ਨਹੀਂ ਕਰਾਂਗੀ। ਸੰਗਤ ਬਖਸ਼ਣਹਾਰ ਹੈ। ਗੁਰੂ ਮਹਾਰਾਜ ਤੋਂ ਬਾਅਦ ਸੰਗਤ ਹੈ ਤੇ ਸੰਗਤ ਤੋਂ ਵੱਡਾ ਹੋਰ ਕੋਈ ਨਹੀਂ।

ਸ੍ਰੀਮਤੀ ਦੇਬੋ ਬੈਂਸ ਦਾ ਇਹ ਵੀ ਕਹਿਣਾ ਹੈ ਕਿ ਉਹ ਹਰ ਸੰਭਵ ਕੋਸ਼ਿਸ਼ ਕਰੇਗੀ ਕਿ ਹਰ ਕਦਮ ਸੰਭਲ ਕੇ, ਸੋਚ ਵਿਚਾਰ ਕੇ, ਸਭਨਾਂ ਦੀ ਰਾਏ ਨਾਲ ਅਗਾਂਹ ਵਧਣ ਵਾਲਾ ਹੀ ਕਦਮ ਪੁੱਟੇਗੀ। ਜਿਸ ਨਾਲ ਸਮਾਜ ਦੀਆਂ ਮੇਰੀਆਂ ਹੋਰ ਭੈਣਾਂ ਤੇ ਬੱਚੀਆਂ ਨੂੰ ਅਜਿਹੇ ਮੌਕੇ ਮਿਲਣ ਕਿ ਉਹ ਵੀ ਇਹ ਸਿੱਧ ਕਰ ਸਕਣ ਕਿ ਔਰਤਾਂ ਵੀ ਮਰਦਾਂ ਬਰਾਬਰ ਸਮਾਜ ਦੀ ਤਰੱਕੀ ਵਿਚ ਆਪਣਾ ਸੰਪੂਰਨ ਯੋਗਦਾਨ ਪਾ ਸਕਦੀਆਂ ਹਨ। ਇਸ ਸਮੇਂ ਇਸ ਕਮੇਟੀ ਵਿਚ ਔਰਤਾਂ ਵੱਲੋਂ ਜ਼ੀਨਾ ਭਾਟੀਆ, ਗਿਆਨ ਰੱਤੂ, ਨਿਰਮਲ ਰੱਤੂ, ਬਖਸ਼ੋ ਜੱਗੀ, ਗਿਆਨ ਸੁਮਨ, ਕੁਲਵੰਤ ਕੌਰ ਬੰਗਾ, ਰਾਣੀ ਨਰਬਟ ਅਤੇ ਵਿਜੇ ਪਾਲ ਨੁਮਾਇੰਦਗੀ ਕਰ ਰਹੀਆਂ ਹਨ।

ਨਵੀਂ ਚੇਅਰਪਰਸਨ ਸ੍ਰੀਮਤੀ ਦੇਬੋ ਬੈਂਸ ਕਿੱਤੇ ਵਜੋਂ ਇਕ ਹਸਪਤਾਲ ਵਿਚ ਬਤੌਰ ਨਰਸਿੰਗ ਦੀ ਸੇਵਾ ਨਿਭਾਅ ਰਹੀ ਹੈ। ਉਹ ਫਿਜ਼ੀ ਦੇਸ਼ ਦੀ ਜੰਮਪਲ ਹੈ ਤੇ 1981 ਵਿਚ ਅਮਰੀਕਾ ਆ ਵੱਸੀ। ਉਸ ਦਾ ਪਤੀ ਸ੍ਰੀ ਅਵਤਾਰ ਸਿੰਘ ਬੈਂਸ ਇਕ ਅਗਾਂਹਵਧੂ ਵਿਚਾਰਾਂ ਦਾ ਹਾਮੀ ਅਤੇ ਕਿੱਤੇ ਵਜੋਂ ਗੋਲਡਨ ਗੇਟ ਬਰਿਜ ਵਿਖੇ ਬਤੌਰ ਬਰਿਜ਼ ਅਫਸਰ ਕੋਈ 17 ਸਾਲ ਦੀ ਸੇਵਾ ਨਿਭਾਅ ਚੁੱਕੇ ਹਨ। ਉਹਨਾਂ ਦਾ ਕਹਿਣਾ ਹੈ ਕਿ ਉਹ ਪਹਿਲਾ ਪੰਜਾਬੀ ਹੈ, ਜੋ ਇਸ ਪੁਜ਼ੀਸ਼ਨ ਤੇ ਹੈ। ਸ੍ਰੀ ਬੈਂਸ ਖੁਦ ਵੀ ਗੁਰੂ ਘਰ ਵਿਚ 1992 ਤੋਂ 1998 ਤੱਕ ਕੈਸ਼ੀਅਰ ਦੀ ਸੇਵਾ ਨਿਭਾਅ ਚੁੱਕੇ ਹਨ ਅਤੇ ਅੱਜ ਵੀ ਸੇਵਾ ਭਾਵਨਾ ਨਾਲ ਸਮੂਹ ਪਰਿਵਾਰ ਸਮੇਤ ਗੁਰੂ ਘਰ ਨਾਲ ਜੁੜੇ ਹਨ। ਬੈਂਸ ਪਰਿਵਾਰ ਵਿਚ ਵੱਡੀ ਲੜਕੀ ਡੋਰੀਨ ਬੈਂਸ ਤੇ ਛੋਟੇ ਲੜਕੇ ਡੇਵ ਬੈਂਸ ਅਤੇ ਡੈਨੀ ਬੈਂਸ ਹਨ। ਦੇਬੋ ਬੈਂਸ ਦਾ ਪੇਕੇ ਪਿੰਡ ਹੱਪੋਵਾਲ ਜ਼ਿਲ੍ਹਾ ਹੁਸ਼ਿਆਰਪੁਰ ਹੈ ਅਤੇ ਮਾਤਾ ਸਵਰਨ ਕੌਰ ਅਤੇ ਪਿਤਾ ਕਾਬਲ ਰਾਮ ਸ਼ੀਹਮਾਰ ਜੋ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਚੁੱਕੇ ਹਨ। ਦੇਬੋ ਬੈਂਸ ਦੀ ਇਕ ਭੈਣ ਤੇ ਪੰਜ ਭਰਾ ਹਨ ਜੋ ਸਾਰੇ ਅਮਰੀਕਾ ਵਿਚ ਹੀ ਰਹਿ ਰਹੇ ਹਨ। ਮੈਡਮ ਦੇਬੋ ਬੈਂਸ ਦਾ ਸਹੁਰੇ ਘਰ ਪਿੱਛੋਂ ਪਿੰਡ ਢੱਕੋਵਾਲ, ਜ਼ਿਲ੍ਹਾ ਹੁਸ਼ਿਆਰਪੁਰ ਹੈ।

ਗੁਰੂ ਘਰ ਦੀ ਪੰਜ ਮੈਂਬਰੀ ਸਲਾਹਕਾਰ ਕਮੇਟੀ ਵੀ ਬਣਾਈ ਗਈ, ਜਿਸ ਵਿਚ ਸਰਬ ਸ੍ਰੀ ਓ. ਪੀ.ਬਾਲੀ, ਸ਼ਸ਼ੀ ਕਾਂਤ ਪਾਲ, ਸੋਹਣ ਸਿੰਘ ਦਾਮੜੀਆ, ਹੇਮ ਚੰਦ ਰੱਤੂ ਅਤੇ ਸ੍ਰੀਮਤੀ ਜ਼ੀਨਾ ਭਾਟੀਆ ਜੀ ਹਨ। ਇਹਨਾਂ ਵਿਚ ਮਾਣਯੋਗ ਸ੍ਰੀਮਾਨ ਓ. ਪੀ. ਬਾਲੀ ਸਾਹਿਬ ਇਕ ਅਜਿਹੀ ਸ਼ਖਸੀਅਤ ਹਨ ਜਿਹਨਾਂ ਨੂੰ ਬਾਬਾ ਸਾਹਿਬ ਡਾ: ਅੰਬੇਦਕਰ ਅਤੇ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਜੀ ਦੇ ਦਰਸ਼ਨ ਕਰਨ ਦੇ ਸੁਭਾਗ ਹੀ ਪ੍ਰਾਪਤ ਨਹੀਂ ਬਲਕਿ ਉਹਨਾਂ ਨਾਲ ਗੱਲਬਾਤ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਕਮੇਟੀ ਉਹਨਾਂ ਦੇ ਵਡਮੁੱਲੇ ਤਜਰਬੇ ਦਾ ਭਰਪੂਰ ਫਾਇਦਾ ਉਠਾ ਸਕਦੀ ਹੈ। ਬਾਲੀ ਸਾਹਿਬ ਗੁਰੂ ਘਰ ਦੇ ਮੁੱਢਲੇ ਯਾਨਿ ਫਾਊਂਡਰ ਮੈਂਬਰ ਤੋਂ ਲੈ ਕੇ ਚੇਅਰਮੈਨ ਤੱਕ ਦੀਆਂ ਸੇਵਾਵਾਂ ਬਾਖੂਬੀ ਨਿਭਾ ਚੁੱਕੇ ਹਨ। ਸ਼ਸ਼ੀਪਾਲ ਜੀ ਨੂੰ ਪਰਿਵਾਰਕ ਅੰਬੇਦਕਰਾਈਟ ਗੁੜਤੀ ਆਪਣੇ ਪਿਤਾ ਮਾਣਯੋਗ ਰਿਟਾਇਰਡ ਜੱਜ ਸ੍ਰੀ ਆਰ. ਸੀ. ਪਾਲ ਤੋਂ ਮਿਲੀ, ਦਾ ਫਾਇਦਾ ਸਮਾਜ ਨੂੰ ਜੁਟਾ ਸਕਦੇ ਹਨ। ਸਲਾਹਕਾਰ ਵਜੋਂ ਉਹ ਪਹਿਲੀ ਵਾਰ ਸ਼ਾਮਲ ਹੋਏ ਹਨ। ਸ੍ਰੀ ਸੋਹਣ ਸਿੰਘ ਦਾਮੜੀਆ ਜੀ ਜੋ ਪਹਿਲਾਂ ਹੀ ਗੁਰੂ ਘਰ ਦੀ ਕਮੇਟੀ ਦੇ ਚੇਅਰਮੈਨ ਰਹਿ ਚੁੱਕੇ ਹਨ, ਸਮੇਂ ਅਤੇ ਉਮਰ ਦੇ ਤਜਰਬਿਆਂ ਦਾ ਫਾਇਦਾ ਸਮਾਜ ਤੱਕ ਪਹੁੰਚਾ ਸਕਦੇ ਹਨ। ਸ੍ਰੀ ਹੇਮ ਚੰਦ ਰੱਤੂ ਵੀ ਪਹਿਲੀ ਵਾਰ ਸਲਾਹਕਾਰ ਕਮੇਟੀ ਵਿਚ ਸ਼ਾਮਲ ਹੋਏ ਹਨ। ਉਹਨਾਂ ਦੀ ਵੀ ਦਿਲੀ ਮਨਸ਼ਾ ਹੈ ਕਿ ਇਹ ਪੂਰੀ ਲਗਨ ਨਾਲ ਸੇਵਾ ਨਿਭਾਅ ਸਕਣ। ਮੈਡਮ ਜ਼ੀਨਾ ਭਾਟੀਆ ਜੀ ਜਿੱਥੇ ਗੁਰੂ ਘਰ ਵਿਚ ਕੈਸ਼ੀਅਰ ਦੀ ਸੇਵਾ ਨਿਭਾਅ ਚੁੱਕੇ ਹਨ, ਉਥੇ ਆਈ ਬੀ ਓ ਕੈਲੀਫੋਰਨੀਆ ਵਿਚ ਵੀ ਬਤੌਰ ਕੈਸ਼ੀਅਰ ਦੀ ਸੇਵਾ ਨਿਭਾਅ ਚੁੱਕੇ ਹਨ। ਮੈਡਮ ਭਾਟੀਆ ਇਕ ਪ੍ਰਬੱਲ ਇੱਛਾ ਸ਼ਕਤੀ ਰੱਖਣ ਵਾਲੀ ਹੈ। ਉਹ ਇਸੇ ਗੁਰੂ ਘਰ ਵਿਚ ਕਈ ਵਾਰ ਅਹਿਮ ਭੂਮਿਕਾ ਨਿਭਾਅ ਚੁੱਕੇ ਹਨ, ਜਿਵੇਂ ਕਮੇਟੀ ਦੀ ਬਣਤਰ ਜਾਂ ਕੋਈ ਹੋਰ ਸਮੱਸਿਆ ਦੇ ਵਕਤ ਨਾਲ ਰਹੇ ਹਨ। ਸੋ ਉਮੀਦ ਕੀਤੀ ਜਾਂਦੀ ਹੈ ਕਿ ਉਹ ਇਕ ਅਜਿਹੇ ਅਤੇ ਵੱਡੇ ਪਰਿਵਾਰ ਵਿਚੋਂ ਹੈ, ਆਪਣੀ ਭੂਮਿਕਾ ਅਹਿਮ ਨਿਭਾਉਣਗੇ।

ਦੂਜੀ ਤਰਫ ਪ੍ਰਧਾਨ ਸ਼ਲਿੰਦਰ ਸਿੰਘ ਭਾਟੀਆ ਅਤੇ ਕੈਸ਼ੀਅਰ ਮੈਡਮ ਗਿਆਨ ਸੁਮਨ ਆਪੋ ਆਪਣੀਆਂ ਪਹਿਲੀਆਂ ਪੁਜ਼ੀਸ਼ਨਾਂ ਤੇ ਬਰਕਰਾਰ ਹਨ। ਸ੍ਰੀ ਸ਼ਲਿੰਦਰ ਸਿੰਘ ਭਾਟੀਆ ਦਾ ਸਾਥ ਦੇਣ ਲਈ ਉਪ ਪ੍ਰਧਾਨ ਨਿਰਮਲ ਰੱਤੂ ਅਤੇ ਸੁਰਿੰਦਰ ਰੱਤੂ ਹਨ, ਜਦਕਿ ਮੈਡਮ ਗਿਆਨ ਸੁਮਨ ਦਾ ਸਾਥ ਦੇਣ ਲਈ ਕੁਲਵੰਤ ਕੌਰ ਬੰਗਾ ਜੀ ਹਨ। ਜਨਰਲ ਸਕੱਤਰ ਸ੍ਰੀ ਅਭੀਸ਼ੇਕ ਪਾਲ ਹਨ ਤੇ ਉਹਨਾਂ ਦਾ ਸਾਥ ਦੇਣ ਲਈ ਅੱਗੇ ਆਏ ਸ੍ਰੀ ਕੇਵਲ ਜੱਖੂ ਜੀ। ਜਦਕਿ ਚੇਅਰਪਰਸਨ ਦੇਬੋ ਬੈਂਸ ਦਾ ਸਾਥ ਦੇਣਗੇ ਉਪ ਚੇਅਰਮੈਨ ਸ੍ਰੀ ਹਰਮੇਸ਼ ਬੰਗੜ, ਪੂਰੀ ਕਮੇਟੀ, ਸਲਾਹਕਾਰ ਤੇ ਬੋਰਡ ਆਫ ਡਾਇਰੈਕਟਰਜ਼ ਦੇ ਨਾਵਾਂ ਦੀ ਸੂਚੀ ਇੰਗਲਿਸ਼ ਨਿਊਜ਼ਪੇਪਰ 'ਅੰਬੇਦਕਰ ਟਾਈਮਜ਼' ਵਿਚ ਦਿੱਤੀ ਗਈ ਹੈ।

ਇਹ ਸਭ ਮੈਂ ਆਪਣੀ ਤੁੱਛ ਬੁੱਧੀ ਤੇ ਮਿਲੀ ਜਾਣਕਾਰੀ ਅਨੁਸਾਰ ਲਿਖਣ ਦਾ ਉਪਰਾਲਾ ਕੀਤਾ ਹੈ। ਮੇਰੇ ਮਨ ਨੂੰ ਬੜੀ ਖੁਸ਼ੀ ਮਿਲੀ, ਜਿਸ ਦਿਨ ਇਹ ਪਤਾ ਲੱਗਾ ਕਿ ਪਹਿਲੀ ਵਾਰ ਕਿਸੇ ਔਰਤ ਨੂੰ ਇੰਨਾ ਵੱਡਾ ਮਾਣ ਮਿਲਿਆ ਤੇ ਸੋਚਿਆ ਕਿਉਂ ਨਾ ਇਸ ਉਪਰ ਹੀ ਸੰਪਾਦਕੀ ਲੇਖ ਲਿਖਿਆ ਜਾਵੇ। ਇਸ ਵਿਚ ਕਾਫੀ ਊਣਤਾਈਆਂ ਵੀ ਹੋ ਸਕਦੀਆਂ ਹਨ।

ਥੋੜ੍ਹੇ ਸਮੇਂ ਵਿਚ ਸਭ ਕੁਝ ਲਿਖਣਾ ਸੰਭਵ ਨਹੀਂ ਹੋ ਪਾਉਂਦਾ। ਸਮੇਂ ਸਮੇਂ ਫਿਰ ਲਿਖਦੇ ਰਹਾਂਗੇ। ਅਸੀਂ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੱਲੋਂ ਨਵੀਂ ਕਮੇਟੀ ਨੂੰ ਜਿੱਥੇ ਬਹੁਤ-ਬਹੁਤ ਵਧਾਈ ਦਿੰਦੇ ਹਾਂ, ਉਥੇ ਖਾਸ ਕਰਕੇ ਨਵੀਂ ਚੇਅਰਪਰਸਨ ਨੂੰ ਵੀ ਥੋੜ੍ਹੀ ਵੱਧ ਮੁਬਾਰਕਬਾਦ ਦਿੰਦੇ ਹਾਂ ਕਿ ਉਹ ਇਕ ਇਤਿਹਾਸ ਦੇ ਪੰਨੇ ਤੇ ਛਾ ਚੁੱਕੇ ਹਨ। ਅਖੀਰ ਵਿਚ ਮੈਂ ਆਪਣੇ ਵਿਚਾਰ ਰੱਖਣਾ ਚਾਹਾਂਗਾ ਕਿ ਸਮਾਜ ਦੇ ਹਰ ਮੈਂਬਰ ਨੂੰ ਨਾਲ ਲੈ ਕੇ ਚੱਲਣਾ, ਉਹਨਾਂ ਦੀ ਸਲਾਹ ਅਤੇ ਸਹਿਯੋਗ ਜਿੱਥੇ ਸਾਡੀ ਹਰ ਮੁਸ਼ਕਲ ਨੂੰ ਹੱਲ ਕਰ ਸਕੇਗਾ, ਉਥੇ ਹਰ ਕੰਮ ਨੂੰ ਆਸਾਨੀ ਨਾਲ ਸਫਲਤਾ ਪੂਰਵਕ ਪੂਰਾ ਕਰਨ ਵਿਚ ਸਹਾਈ ਹੋ ਸਕੇਗਾ।

# ਬਾਬਾ ਸਾਹਿਬ ਦੀ ਜੈਅੰਤੀ ਤੇ ਪਿੰਡ ਸਾਹਰੀ ਵਿਚ ਕੀਤਾ ਵਿਦਿਆਰਥੀਆਂ ਨੂੰ ਸਨਮਾਨਿਤ





ਰਿਪੋਰਟ ਤੇ ਤਸਵੀਰਾਂ ਡਾਕਟਰ ਜਸਵੰਤ ਰਾਏ



ਸ਼੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਸਾਹਰੀ ਵਲੋਂ ਡੇਰਾ ਮਹਾਨਪੁਰੀ ਵਿਖੇ ਸੰਤ ਬਾਬਾ ਮੋਹਨ ਦਾਸ ਜੀ ਦੀ ਅਗਵਾਈ ਹੇਠ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਵਸ ਸ਼੍ਰੀ ਅਸ਼ੋਕ ਕੁਮਾਰ ਅਮਰੀਕਾ ਵਾਲਿਆਂ ਦੇ ਸਹਿਯੋਗ ਨਾਲ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਸ ਮੌਕੇ ਪਿੰਡ ਦੇ ਪ੍ਰਾਇਮਰੀ ਅਤੇ ਸੈਕੰਡਰੀ ਸਕੂਲ ਦੇ ਸਲਾਨਾ ਨਤੀਜਿਆਂ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।ਸਮਾਗਮ ਦੇ ਮੁਖ ਮਹਿਮਾਨ ਸ਼੍ਰੀ ਰਾਜੇਸ਼ ਬਾਘਾ ਚੇਅਰਮੈਨ ਐੱਸ.ਸੀ./ਐੱਸ.ਟੀ. ਕਮਿਸ਼ਨ ਪੰਜਾਬ ਨੇ ਹਾਜ਼ਰ ਵਿਦਿਆਰਥੀਆ ਅਤੇ ਸੰਗਤਾਂ ਨੂੰ ਮੁਖ਼ਾਤਬ ਹੁੰਦਿਆਂ ਕਿਹਾ ਕਿ ਬਾਬਾ ਸਾਹਿਬ ਦਾ ਜੀਵਨ ਬੜਾ ਸੰਘਰਸ਼ਮਈ ਸੀ।ਉਹਨਾਂ ਨੇ ਅਤਿ ਦੇ ਕਠਿਨ ਦਿਨਾਂ ਵਿਚ ਵੀ ਪੜ੍ਹਨਾ ਨਹੀਂ ਛੱਡਿਆ। ਇਸੀ ਦ੍ਰਿੜਤਾ ਦੇ ਕਾਰਨ ਉਹ ਦੁਨੀਆਂ ਦੇ ਛੇਵੇਂ ਦਿਮਾਗ ਕਹਾਏ। ਕੋਲੰਬੀਆ ਯੂਨੀਵਰਸਿਟੀ ਨੇ ਪਿਛਲੀ ਸਦੀ ਵਿਚ ਦੁਨੀਆ ਦੇ ਸਭ ਤੋਂ ਵੱਡੇ ਵਿਦਵਾਨ ਵਜੋਂ ਬਾਬਾ ਸਾਹਿਬ ਦਾ ਨਾਂ ਪੇਸ਼ ਕਰਕੇ ਉਹਨਾਂ ਦੀ ਵਿਦਵਤਾ ਨੂੰ ਸਰਾਹਿਆ ਹੈ। ਇੱਕ ਸਿਖਿਆ ਸ਼ਾਸਤਰੀ ਦੇ ਜਨਮ ਦਿਵਸ ਤੇ ਸਿਖਿਆ ਵਿਚ ਵਧੀਆ ਪ੍ਰਪਤੀਆਂ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਨਾ ਆਪਣੇ ਆਪ 'ਚ ਹੀ ਇੱਕ ਸ਼ਲਾਘਾਯੋਗ ਕਦਮ ਹੈ। ਬਾਘਾ ਜੀ ਨੇ ਵਿਦਿਆਰਥੀਆਂ ਲਈ ਵਿਸ਼ੇਸ਼ ਸ਼ੁਰੂ ਹੋਈਆਂ ਸਰਕਾਰੀ ਸਕੀਮਾਂ ਦਾ ਵੀ ਵਰਨਣ ਕੀਤਾ। ਪ੍ਰੋ. ਗੁਰਦਿਆਲ ਸਿੰਘ ਫੁੱਲ ਨੇ ਮੁਖ ਬੁਲਾਰੇ ਵਜੋਂ ਬਾਬਾ ਸਾਹਿਬ ਦੇ ਜੀਵਨ ਬਿਰਤਾਂਤ ਨੂੰ ਆਪਣੀਆਂ ਕਾਵਿ ਟੁਕੜੀਆਂ ਰਾਹੀਂ ਪੇਸ਼ ਕਰਕੇ ਵਧੀਆ ਪ੍ਰਭਾਵ ਸਿਰਜਿਆ।

ਸੰਤ ਗੁਰਮੁਖ ਦਾਸ ਜੀ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ। ਸੰਤਾਂ ਮਹਾਂਪੁਰਸ਼ਾਂ ਨੇ ਇਸ ਮੌਕੇ ਸ਼੍ਰੀ ਰਾਜੇਸ਼ ਬਾਘਾ ਜੀ ਦਾ ਸਮਾਜਿਕ ਗਤੀਵਿਧੀਆਂ ਲਈ ਵਿਸ਼ੇਸ਼ ਸਨਮਾਨ ਕੀਤਾ। ਸ਼੍ਰੀ ਬਾਘਾ ਜੀ ਅਤੇ ਸੰਤਾਂ ਵਲੋਂ 60 ਹੁਸ਼ਿਆਰ ਵਿਦਿਆਰਥੀਆਂ, ਸ਼੍ਰੀ ਬਲਵਿੰਦਰ ਟੂਰਾ ਸਰਪੰਚ ਗਗਨੌਲੀ, ਮੈਡਮ ਦਲਜੀਤ ਕੌਰ ਸਰਪੰਚ ਖਾਨਪੁਰ ਥਿਆੜਾ ਅਤੇ ਸ਼੍ਰੀ ਪ੍ਰੇਮ ਸਿੰਘ ਸਮਾਜ ਸੇਵਕ ਨੂੰ ਸਨਮਾਨਿਤ ਕਰਵਾਇਆ ਗਿਆ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਡਾ. ਜਸਵੰਤ ਰਾਏ ਨੇ ਨਿਭਾਈ। ਇਸ ਸਮੇਂ ਸ਼੍ਰੀ ਭਾਗ ਚੰਦ, ਉਂਕਾਰ ਸਿੰਘ ਝਮਟ, ਅਮਰੀਕ ਸਿੰਘ ਨਿੱਕੂ, ਜਸਵੀਰ ਸਿੰਘ, ਰੌਸ਼ਨ ਲਾਲ,ਡਾ. ਬਲਵੀਰ ਸਿੰਘ, ਨਰਿੰਦਰ ਸਿੰਘ, ਅਮਰਜੀਤ ਸਿੰਘ, ਮੁਨੀਸ਼ ਕੁਮਾਰ, ਮਾਸਟਰ ਰੇਸ਼ਮ ਲਾਲ, ਪ੍ਰਗਟ ਸਿੰਘ, ਸੋਢੀ ਸਿੰਘ, ਹਰਪ੍ਰੀਤ ਸਿੰਘ, ਡਾ. ਜਸਵੀਰ ਸਿੰਘ ਅਤੇ ਬੇਅੰਤ ਸੰਗਤਾਂ ਹਾਜ਼ਰ ਸਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# 'ਖਾਕੂ ਜੇਡ ਨ ਕੋਈ' ਨਾਵਲ ਉਪਰ ਸਫਲ ਗੋਸ਼ਟੀ







'ਖਾਕੂ ਜੇਡ ਨ ਕੋਇ' ਨਾਵਲ ਦੀ ਗੋਸ਼ਟੀ ਵਿਚ ਹਿੱਸਾ ਲੈ ਦੇ ਹੋਏ ਡਾ ਅਨੂਪ ਸਿੰਘ ਤੇ ਹੋਰ ਸਾਹਿਤਕਾਰ

ਬਟਾਲਾ (ਬਿਊਰੋ) ਪੰਜਾਬੀ ਲੋਕ ਲਿਖਾਰੀ ਮੰਚ ਬਟਾਲਾ ਵੱਲੋ ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਸਹਿਯੋਗ ਨਾਲ ਸ਼ੀ ਬਲਦੇਵ ਸਿੰਘ 'ਸੜਕਨਾਮਾ' ਦੇ ਨਵ ਪ੍ਰਕਾਸ਼ਿਤ ਨਾਵਲ 'ਖਾਕੂ ਜੇਡ ਨ ਕੋਇ' ਉਪਰ ਇਕ ਭਰਵੀਂ ਤੇ ਸਫਲ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਇਸ ਗੋਸ਼ਟੀ ਵਿਚ ਡਾ ਸੈਮੂਅਲ ਗਿਲ, ਡਾ ਰੁਪਿੰਦਰ ਪਾਲ ਸੰਧੂ, ਡਾ ਨਰੇਸ਼ ਕੁਮਾਰ, ਡਾ ਰੁਪਿੰਦਰ ਜੀਤ ਗਿਲ ਤੇ ਡਾ ਮਨਦੀਪ ਕੌਰ ਨੇ ਆਪਣੇ ਆਪਣੇ ਵਿਦਵਤਾ ਭਰਭੂਰ ਪੇਪਰ ਪੇਸ਼ ਕੀਤੇ। ਸਮੂਹ ਪੇਪਰ ਲੇਖਕਾਂ ਨੇ ਪੰਜਾਬ ਦੀ ਕਿਸਾਨੀ ਨੂੰ ਦਰਪੇਸ਼ ਸਮੱਸਿਆਵਾਂ ਦੇ ਸਮਾਧਾਨ ਦੀ ਸਫਲ ਪੇਸ਼ਕਾਰੀ ਵਿਚ ਨਾਵਲ ਨੂੰ ਪੂਰਨ ਭਾਤ ਸਫਲ ਕੀਤਾ। ਉਨਾ ਅਨੁਸਾਰ ਇਹ ਨਾਵਲ ਕਿਸਾਨੀ ਸਮੱਸਿਆਵਾਂ ਦੇ ਹੱਲ ਦਾ ਗਲਪੀ ਰੂਪਾਂਤਰਨ ਕਰਦਾ ਹੈ ਅਤੇ ਸਫਲਤਾ ਸਾਹਿਤ ਨਾਵਲ ਅੰਨਦਾਤਾ ਦਾ ਦੂਜਾ ਭਾਗ ਬਣਦਾ ਹੈ। ਪੰਜਾਬ ਦੀ ਕਿਰਸਾਨੀ ਦੇ ਵੱਖ ਵੱਖ ਵਰਗਾਂ ਦੀ ਸਮਕਾਲੀ ਸਥਿਤੀ ਦਾ ਨਾਵਲੀ ਬਿਰਤਾਂਤ ਸਿਰਜਣ ਵਿਚ ਇਹ ਨਾਵਲ ਪੂਰਨ ਭਾਂਤ ਕੀਤਾ ਸਫਲ ਹੈ। ਨਾਵਲ ਵਿਚਲੀ ਰੌਚਿਕਤਾ ਨੂੰ ਵੀ ਪੇਪਰ ਲੇਖਕਾਂ ਨੇ ਨੋਟ ਪੰਜਾਬੀ ਸਾਹਿਤ ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ ਅਨੂਪ ਸਿੰਘ ਨੇ ਵਿਦਾਰ ਚਰਚਾ ਦਾ ਆਰੰਭ ਕਰਦਿਆਂ ਸਮੱਸਿਆਵਾਂ ਦਾ ਪਹਿਲਾ ਗਲਪੀ ਬਿਰਤਾਂਤ ਦੱਸਿਆ, ਵਿਚਾਰ ਚਰਚਾ ਨੂੰ ਸਰਵ ਸ਼੍ਰੀ ਤਲਵਿੰਦਰ ਸਿੰਘ। ਜਸਵੰਤ ਸਿੰਘ ਹਾਂਸ, ਦੇਵਿੰਦਰ ਦੀਦਾਰ, ਸੁੱਚਾ ਸਿੰਘ ਰੰਧਾਵਾ, ਸੁਰਿੰਦਰ ਸਿੰਘ ਨਿਮਾਣਾ ਅਤੇ ਵਰਗਿਸ ਸਲਾਮਤ ਆਦਿ ਨੇ ਅੱਗੇ ਤੋਰਦਿਆਂ ਕਈ ਮੁਲਵਾਨ ਨੁਕਤੇ ਉਠਾਏ ਜਿੰਨਾ ਦੇ ਪੇਪਰ ਲੇਖਕਾਂ ਨੇ ਢੁੱਕਵੇ ਉਤਰ ਦਿੱਤੇ। ਬਹੁ ਪੱਖੀ ਲੇਖਕ ਤੇ ਵਿਦਵਾਨ ਆਲੋਚਕ ਡਾ ਸੁਰਜੀਤ ਬਰਾੜ ਨੇ ਸਮੁੱਚੀ ਵਿਚਾਰ ਚਰਚਾ ਨੂੰ ਸਮੇਟਿਆ ਪੇਪਰ ਲੇਖਕਾਂ ਵੱਲੋ ਨਾਵਲ ਦੀ ਰੂਹ ਨੂੰ ਸਮਝਣ ਵਿਚ ਪ੍ਰਾਪਤ ਸਫਲਤਾ ਤੇ ਉਨਾ ਨੂੰ ਵਧਾਈ ਦਿਤੀ। ਨਾਵਲ ਕਾਰ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਰਜਿਸਟਰਡ ਸ੍ਰ ਬਲਦੇਵ ਸਿੰਘ ਸੜਕਨਾਮਾ ਨੇ ਆਪਣੀ ਸਿਰਜਣ ਪ੍ਰਕ੍ਰਿਆ ਬਾਰੇ ਸੰਖੇਪ 'ਚ ਗੱਲ ਕਰਦਿਆ ਇਸ ਸਮਾਗਮ ਦੇ ਪ੍ਰਬੰਧਕਾ ਦਾ ਧੰਨਵਾਦ ਕੀਤਾ। ਉਘੇ ਸ਼ਾਇਰ ਤ ਬਾਲ ਰੋਗਾਂ ਦੇ ਮਾਹਿਰ ਡਾ ਰਵਿੰਦਰ ਨੇ ਕਿਹਾ ਕਿ ਬਲਦੇਵ ਸਿੰਘ ਸੜਕਨਾਮਾ ਦੀ ਹਰ ਲਿਖਤ ਦਾ ਪੰਜਾਬੀ ਪਾਠਕਾਂ ਨੇ ਨੋਟਿਸ ਲਿਆ ਹੈ ਅੱਜ ਦੇ ਸਮਾਗਮ ਦੀ ਪ੍ਰਧਾਂਨਗੀ ਡਾ ਅਨੂਪ ਸਿੰਘ, ਡਾ ਰਵਿੰਦਰ ਸਿੰਘ, ਬਲਦੇਵ ਸਿੰਘ , ਤਲਵਿੰਦਰ ਸਿੰਘ, ਸੁਖਦੇਵ ਸਿੰਘ ਪ੍ਰੇਮੀ, ਜੋਗਿੰਦਰ ਸਿੰਘ ਅੱਚਲੀ ਗੇਟ, ਚੰਨ ਬੋਲੇਵਾਲੀਆ , ਡਾ ਸੁਰਜੀਤ ਸਿੰਘ ਬਰਾੜ, ਮੰਚ ਸੰਚਾਲਨ ਦਾ ਕਾਰਜ ਸੰਧੂ ਬਟਾਂਲਵੀ ਨੇ ਬਾਖੂਬੀ ਨਿਭਾਂਇਆ। ਅੱਜ ਦੇ ਇਸ ਸਮਾਗਮ ਵਿਚ ਉਕਤ ਵਿਦਵਾਨਾ ਤੋ ਇਲਾਵਾ ਸਰਵ ਸ੍ਰੀ ਬਲਵਿੰਦਰ ਸਿੰਘ ਗੰਭੀਰ, ਹਰਜਿੰਦਰ ਸਿੰਘ, ਤਲਵਿੰਦਰ ਕੌਰ, ਨਰਿੰਦਰ ਸਿੰਘ ਸੰਘਾ, ਸੁਲਤਾਨ ਭਾਰਤੀ, ਬਲਵੰਤ ਸਿੰਘ ਗੋਰਾਇਆ, ਸੁਚਾ ਸਿੰਘ ਨਾਗੀ, ਰੋਜੀ ਸਿੰਘ, ਗੁਰਪ੍ਰਤਾਪ ਸਿੰਘ ਕਾਹਲੋ , ਚਰਨਜੀਤ ਸਿੰਘ, ਮੋਹਨ ਸਿੰਘ ਸੋਹੀ, ਪ੍ਰਤਾਪ ਸਿੰਘ ਔਲਖ, ਹਰਬੰਸ ਸਿੰਘ ਔਲਖ, ਰਾਹੀ ਬਟਾਲਵੀ, ਉਮ ਪ੍ਰਕਾਸ਼ ਭਗਤ, ਗੁਰਮੇਜ ਸਿੰਘ ਦਲਬੀਰ ਸਿੰਘ ਨਠਵਾਲ, ਸੁਖਦੇਵ ਸਿੰਘ, ਬਲਦੇਵ ਸਿੰਘ ਰੰਧਾਵਾ, ਅਜੀਤ ਕਮਲ, ਨਰਿੰਦਰ ਸਿੰਘ ਬਰਨਾਲ, ਲਖਵਿੰਦਰ ਸਿੰਘ ਢਿਲੋਂ ਹਾਜ਼ਰ ਸਨ ਅੰਤ ਵਿਚ ਸ੍ਰੀ ਸੁਖਦੇਵ ਸਿੰਘ ਪ੍ਰੇਮੀ ਨੇ ਸਭਾ ਵਿਚ ਹਾਜ਼ਰ ਸਾਹਿਤਕਾਰਾਂ ਦਾ ਧੰਨਵਾਦ ਕੀਤਾ।

# ਪੰਜਾਬੀ ਲਿਖਾਰੀ ਸਭਾ ਵੱਲੋਂ ਪਰਸ਼ੋਤਮ ਲਾਲ ਸਰੋਏ ਦੀ ਪੁਸਤਕ 'ਮਾਲਾ ਦੇ ਮਣਕੇ' ਰਿਲੀਜ਼



ਸਾਹਿਤਕਾਰ ਪਰਸ਼ੋਤਮ ਲਾਲ ਸਰੋਏ ਦੀ ਪੁਸਤਕ 'ਮਾਲਾ ਦੇ ਮਣਕੇ' ਰਿਲੀਜ਼ ਕਰਦੇ ਹੋਏ ਸ: ਹਰਭਜਨ ਸਿੰਘ ਲਾਂਗਮੈਨ, ਸ: ਬੇਅੰਤ ਸਿੰਘ ਸਰਹੱਦੀ ਅਤੇ ਹੋਰ ਸ਼ਖਸੀਅਤਾਂ।

ਜਲੰਧਰ (ਬਿਊਰੋ ਪੰਜਾਬੀ ਲਿਖਾਰੀ ਸਭਾ (ਰਜਿ:) ਵੱਲੋਂ ਸਾਹਿਤਕਾਰ ਪਰਸ਼ੋਤਮ ਲਾਲ ਸਰੋਏ ਦੀ ਪੁਸਤਕ 'ਮਾਲਾ ਦੇ ਮਣਕੇ (ਲੇਖ ਅਤੇ ਵਿਅੰਗ)' ਸਭਾ ਦੇ ਦਫ਼ਤਰ ਵਿਖੇ ਰਿਲੀਜ਼ ਕੀਤੀ ਗਈ। ਇਸ ਮੌਕੇ ਹੋਏ ਪ੍ਰਭਾਵਸ਼ਾਲੀ ਸਮਾਗਮ ਵਿਚ ਸ: ਹਰਭਜਨ ਸਿੰਘ ਲਾਂਗਮੈਨ ਬਤੌਰ ਮੁੱਖ ਮਹਿਮਾਨ ਪੁੱਜੇ ਜਦਕਿ ਪ੍ਰਧਾਨਗੀ ਪ੍ਰਸਿੱਧ ਪੰਜਾਬੀ ਪ੍ਰੇਮੀ ਸ੍ਰੀ ਐਚ. ਐਸ. ਚਿਟਕਾਰਾ ਅਤੇ ਬੇਅੰਤ ਸਿੰਘ ਸਰਹੱਦੀ ਨੇ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ: ਹਰਭਜਨ ਸਿੰਘ ਲਾਂਗਮੈਨ ਨੇ ਕਿਹਾ ਕਿ ਪਰਸ਼ੋਤਮ ਲਾਲ ਸਰੋਏ ਇਕ ਉਭਰਦਾ ਅਤੇ ਨਿਧੱੜਕ ਸਾਹਿਤਕਾਰ ਹੈ ਅਤੇ ਉਸ ਦੀਆਂ ਲਿਖਤਾਂ ਅਜੋਕੇ ਸਮਾਜ 'ਚ ਫੈਲੀਆਂ ਬੁਰਾਈਆਂ 'ਤੇ ਵੱਖਰੇ ਹੀ ਅੰਦਾਜ ਨਾਲ ਤਿੱਖੀ ਚੋਟ ਕਰਦੀਆਂ ਹਨ। ਇਸ ਮੌਕੇ ਇਕ ਕਵੀ ਦਰਬਾਰ ਵੀ ਹੋਇਆ, ਜਿਸ ਵਿਚ ਮਾਸਟਰ ਅਨੇਜਾ, ਬਲਵੰਤ ਸਿੰਘ ਸਨੇਹੀ, ਬੇਅੰਤ ਸਿੰਘ ਸਰਹੱਦੀ, ਪਰਮਦਾਸ ਹੀਰ, ਚਿੰਤੀ, ਪਰਸ਼ੋਤਮ ਲਾਲ ਸਰੋਏ, ਸੰਗਤ ਰਾਮ, ਗੁਰਮੀਤ ਗਿੱਲ ਗੋਨਾ ਚੱਕ, ਇੰਜੀਨੀਅਰ ਸੰਧੂ, ਪ੍ਰਿੰਸੀਪਲ ਅਕਸ, ਆਰ. ਪੀ. ਕਾਲੀਆ ਚੀਫ ਇੰਜੀਨੀਅਰ, ਰੇਨੂ ਨਈਅਰ, ਜਗਦੀਸ਼ ਕੌਰ ਵਾਡੀਆ, ਅਮਰੀਕ ਸਿੰਘ ਗੀਤਕਾਰ, ਮੁਨੀਸ਼, ਗੁਰਦੀਪ ਸਿੰਘ ਔਲਖ, ਬਲਜੀਤ ਸੰਘਾ, ਏ. ਪੀ. ਸਿੰਘ ਭੱਲਾ, ਮੈਡਮ ਬਬੀਤਾ ਸੱਗੂ, ਪਰਮਵੀਰ ਕੌਰ ਜੀਰਾ, ਮੁਰਮਿੰਦਰ ਕੌਰ, ਪਰਮੀਤ ਕੌਰ ਘੁੰਮਣ, ਨਗੀਨਾ ਸਿੰਘ ਬਲੱਗਣ ਨੇ ਆਪੋ-ਆਪਣੀਆਂ ਰਚਨਾਵਾਂ ਪੜ੍ਹੀਆਂ। ਪਰਦੀਪ ਕੁਮਾਰ ਥਿੰਦ ਨੇ ਮਿੰਨੀ ਕਹਾਣੀ 'ਬਾਹਰਲਾ ਮੁੰਡਾ' ਪੜ੍ਹ ਕੇ ਦਾਦ ਖੱਟੀ।

ਇਸ ਮੌਕੇ ਪਰਮਜੀਤ ਸਿੰਘ ਕਾਲੜਾ, ਭੁਪਿੰਦਰ ਸਿੰਘ ਨਾਗਰਾ, ਮੋਹਨ ਸਿੰਘ ਸਹਿਗਲ, ਸੁਰਿੰਦਰ ਸਿੰਘ ਸਿਆਲ, ਚਰਨਜੀਤ ਸਿੰਘ ਲੁਬਾਣਾ, ਜੇ. ਐਸ. ਸਚਦੇਵ, ਕੈਲਾਸ਼ ਠੁਕਰਾਲ, ਵੁਜਾਗਰ ਸਿੰਘ ਸੁਪਰਡੈਂਟ, ਕੁਲਭੂਸ਼ਨ ਗੁਪਤਾ, ਰਵੀਸ਼ੇਰ ਸਿੰਘ ਨਾਹਲਾਂ, ਹਰਜਿੰਦਰ ਸਿੰਘ, ਰਾਮ ਪਰਕਾਸ਼ ਫੋਰਮੈਨ, ਮਿਸ ਕੰਵਲਜੀਤ ਕੌਰ ਕੰਬੋਜ, ਕਾਕਾ ਗੁਰਸ਼ਹਿਜ਼ਾਦ ਸਿੰਘ ਅਤੇ ਹੋਰ ਸ਼ਖਸੀਅਤਾਂ ਹਾਜ਼ਰ ਸਨ।

# ਆਦਮੀ ਦੀ ਰੂਹਾਨੀ ਮਿਰਤੂ

## (ਪ੍ਰਮੇਸ਼ਵਰ ਦਾ ਪੱਵਿਤਰ ਵਚਨ)



ਡਾਕਟਰ ਜਸਜੀਤ ਸਿੰਘ
001-916-604-0036

ਪ੍ਰਮੇਸ਼ਵਰ ਨੇ ਆਪਣੇ ਮੂੰਹ ਦੇ ਸ਼ਬਦ ਰਾਹੀਂ ਸਰਿਸ਼ਟੀ ਦੀ ਰਚਨਾ ਕਰਨ ਤੋਂ ਬਾਦ ਆਦਮੀ ਨੂੰ ਆਪਣੇ ਰੂਪ ਵਿੱਚ ਸਾਜਿਆ ਤਾ ਕਿ ਉਹ ਆਕਾਸ਼ ਦੇ ਪਰਿੰਦਿਆਂ ਉਤੇ ਧਰਤੀ ਉੱਪਰ ਸਾਰੇ ਜੀਵਾਂ ਉੱਤੇ ਅਤੇ ਜਲ ਦੀਆਂ ਮਛੀਆਂ ਉੱਤੇ ਜਾਣੀ ਸਾਰੀ ਰਚਨਾ ਉੱਤੇ ਰਾਜ ਕਰੇ ਅਤੇ ਉਸ ਦਾ ਡਿਪਟੀ ਬਣ ਕੇ ਰਹੇ। ਪ੍ਰਮੇਸ਼ਵਰ ਨੇ ਆਦਮੀ ਨੂੰ ਗਹਿਰੀ ਨੀਂਦ ਸੁਆ ਕੇ ਇੱਕ ਪਸਲੀ ਲਈ ਤੇ ਉਸ ਵਿੱਚੋਂ ਤੀਵੀਂ ਦੀ ਰਚਨਾ ਕੀਤੀ। ਉਸਨੇ ਆਦਮੀ ਅਤੇ ਤੀਵੀਂ ਨੂੰ ਅਦਨ ਦੇ ਬਾਗ ਵਿੱਚ ਛੱਡ ਦਿੱਤਾ। ਉਸਨੇ ਉਹਨਾਂ ਨੂੰ ਕਿਹਾ ਵਧੋ ਫੁੱਲੋ ਤੇ ਧਰਤੀ ਨੂੰ ਭਰ ਦਿਉ, ਆਕਾਸ਼ ਦੇ ਪਰਿੰਦਿਆਂ ਉਤੇ ਧਰਤੀ ਉੱਪਰ ਸਾਰੇ ਜੀਵਾਂ ਉੱਤੇ ਅਤੇ ਜਲ ਦੀਆਂ ਮਛੀਆਂ ਉੱਤੇ ਜਾਣੀ ਸਾਰੀ ਰਚਨਾ ਉੱਤੇ ਰਾਜ ਕਰੋ। ਪ੍ਰਮੇਸ਼ਵਰ ਨੇ ਕਿਹਾ ਤੁਸੀਂ ਬਾਗ ਦੇ ਸਾਰੇ ਫਲ ਖਾ ਸਕਦੇ ਹੋ ਪਰ ਬਾਗ ਦੇ ਮੱਧ ਵਿੱਚ ਭਲੇ ਅਤੇ ਬੁਰੇ ਦੀ ਪਹਿਚਾਣ ਵਾਲੇ ਪੇੜ ਤੋਂ ਨਾ ਖਾਣਾ ਨਹੀਂ ਤਾਂ ਤੁਸੀਂ ਮਰ ਜਾਉਗੇ।

ਹੁਣ ਸ਼ੈਤਾਨ ਜਿਹੜਾ ਸੁਰਗ ਤੋਂ ਹੀ ਪ੍ਰਮੇਸ਼ਵਰ ਅੱਗੇ ਬਗਾਵਤੀ ਸੀ ਤੀਜਾ ਹਿੱਸਾ ਉਸਦੇ ਸਾਥੀ ਸੁਰਗਦੂਤਾਂ ਦੇ ਨਾਲ ਸੁਰਗ ਤੋਂ ਕੱਢਿਆ ਗਿਆ ਸੀ, ਚਲਾਕ ਸੱਪ ਦੇ ਰੂਪ ਵਿੱਚ ਆਇਆ ਅਤੇ ਤੀਵੀਂ ਨੂ ਬੋਲਿਆ 'ਕੀ ਪ੍ਰਮੇਸ਼ਵਰ ਨੇ ਤੁਹਾਨੂੰ ਸਾਰੇ ਪੇੜਾਂ ਤੋਂ ਖਾਣ ਲਈ ਕਿਹਾ ਹੈ?' ਉਹ ਬੋਲੀ ਅਸੀਂ ਬਾਗ ਦੇ ਸਾਰੇ ਪੇੜਾਂ ਤੋਂ ਤਾਂ ਖਾ ਸਕਦੇ ਹਾਂ ਪਰ ਬਾਗ ਦੇ ਮੱਧ ਵਿੱਚ ਭਲੇ ਅਤੇ ਬੁਰੇ ਦੀ ਪਹਿਚਾਣ ਵਾਲੇ ਪੇੜ ਤੋਂ ਨਹੀ ਖਾ ਸਕਦੇ । ਪ੍ਰਮੇਸ਼ਵਰ ਨੇ ਕਿਹਾ ਹੈ ਕਿ ਜਿਸ ਦਿਨ ਉਸ ਤੋਂ ਖਾਉਗੇ ਜਾਂ ਉਸ ਨੂੰ ਛੂਵੋਗੇ ਤੁਸੀਂ ਮਰ ਜਾਉਗੇ । ਸੱਪ ਬੋਲਿਆ ਤੁਸੀਂ ਬਿਲਕੁਲ ਨਹੀਂ ਮਰੋਗੇ ਸੱਗੋਂ ਤੁਹਾਡੀਆਂ ਅੱਖਾਂ ਖੁਲ੍ਹ ਜਾਣਗੀਆਂ ਅਤੇ ਪ੍ਰਮੇਸ਼ਵਰ ਜਾਣਦਾ ਹੈ ਕਿ ਤੁਸੀਂ ਰੱਬ ਜਿਹੇ ਹੋ ਜਾਉਗੇ।

ਪ੍ਰਮੇਸ਼ਵਰ ਦਾ ਵਚਨ ਦੱਸਦਾ ਹੈ ਕਿ ਸ਼ੈਤਾਨ ਸ਼ੁਰੂ ਤੋਂ ਹੀ ਝੂਠਾ ਅਤੇ ਫਰੇਬੀ ਹੈ । ਉਸਦਾ ਕੰਮ ਹੈ ਪ੍ਰਮੇਸ਼ਵਰ ਦੇ ਵਚਨ ਨੂੰ ਉਲਝਾ ਦੇਣਾ। ਇੱਥੇ ਇਹ ਗੱਲ ਦੇਖਣ ਵਾਲੀ ਹੈ ਕਿ ਉਹ ਤਾਂ ਪਹਿਲੋਂ ਹੀ ਪ੍ਰਮੇਸ਼ਵਰ ਦੇ ਰੂਪ ਵਿੱਚ ਸਨ ਅਤੇ ਉਹਨਾ ਦੀਆਂ ਅੱਖਾਂ ਭੀ ਖੁਲ੍ਹੀਆਂ ਸਨ, ਕਿਉਂਕਿ ਉਹ ਫਲ ਨੂੰ ਅਤੇ ਸੱਪ ਨੂੰ ਦੇਖ ਰਹੇ ਸਨ। ਉਹ ਸ਼ੈਤਾਨ ਦੇ ਵਹਿਕਾਵੇ ਵਿੱਚ ਆ ਗਏ ਅਤੇ ਆਪਣੇ ਵਾਰੇ ਸਚਾਈ ਨੂੰ ਭੁੱਲ ਗਏ।

ਉਹਨਾਂ ਨੂੰ ਪ੍ਰਮੇਸ਼ਵਰ ਦਾ ਹੁਕਮ ਬੜਾ ਛੋਟਾ ਦਿਖਿਆ ਅਤੇ ਸ਼ੈਤਾਨ ਨੂੰ ਉਹਨਾ ਨੇ ਆਪਣਾ ਹਮਦਰਦੀ ਸਮਝਿਆ। ਉਹਨਾਂ ਨੂੰ ਲੱਗਿਆ ਕਿ ਸ਼ਾਇਦ ਪ੍ਰਮੇਸ਼ਵਰ ਨੇ ਉਹਨਾ ਤੋਂ ਕੁੱਝ ਛੁਪਾ ਲਿਆ ਹੈ ਜੋ ਇਹ ਸੱਪ ਉਹਨਾ ਨੂੰ ਦੇਣਾ ਚਾਹੁੰਦਾ ਹੈ। ਵਰਜੇ ਹੋਏ ਫਲ ਨੂੰ ਤੀਵੀਂ ਨੇ ਤੋੜਿਆ, ਆਪ ਖਾਧਾ ਅਤੇ ਆਦਮ ਨੂੰ ਭੀ ਦਿੱਤਾ ਅਤੇ ਉਸ ਨੇ ਭੀ ਖਾਧਾ।

ਸ਼ੈਤਾਨ ਦੇ ਕਹੇ ਅਨੁਸਾਰ ਦੋਵਾਂ ਦੀਆਂ ਸੰਸਾਰੀ ਅੱਖਾਂ ਖੁੱਲ ਗਈਆਂ ਅਤੇ ਰੂਹਾਨੀ ਅੱਖਾਂ ਸਦਾ ਲਈ ਬੰਦ ਹੋ ਗਈਆਂ। ਉਹਨਾ ਦੀ ਰੂਹਾਨੀ ਮਿਰਤੂ ਹੋ ਗਈ। ਪ੍ਰਮੇਸ਼ਵਰ ਦੀ ਮਹਿਮਾ (ਪ੍ਰਮੇਸ਼ਵਰ ਦੀ ਆਤਮਾ) ਉਹਨਾਂ ਤੋਂ ਜੁਦਾ ਹੋ ਗਈ ਅਰਥਾਤ ਉਹਨਾ ਦਾ ਪ੍ਰਮੇਸ਼ਵਰ ਤੋਂ ਰਿਸ਼ਤਾ ਸਦਾ ਲਈ ਟੁੱਟ ਗਿਆ। ਇਹੋ ਉਹ ਸਮਾਂ ਹੈ ਜਦੋਂ ਆਦਮੀ ਸਦਾ ਲਈ ਪ੍ਰਮੇਸ਼ਵਰ ਤੋਂ ਵਿਛੱੜ ਗਿਆ। ਆਦਮੀ ਦੀ ਰੂਹਾਨੀ ਮਿਰਤੂ ਹੋ ਗਈ। ਆਦਮੀ ਚਾਨਣ ਤੋਂ ਹਨੇਰੇ ਵਿੱਚ ਸਦਾ ਲਈ ਸ਼ੈਤਾਨ ਦੀ ਅਧੀਨਗੀ ਵਿੱਚ ਚਲਾ ਗਿਆ।

ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਪ੍ਰਮੇਸ਼ਵਰ ਨੇ ਆਦਮੀ ਨੂੰ ਆਪਣੀ ਤਰਾਂ ਸਦਾ ਦਾ ਜੀਵਨ ਦਿੱਤਾ ਸੀ ਪਰ ਮਿਰਤੂ ਉਸ ਉੱਪਰ ਸ਼ੈਤਾਨ ਵਲੋਂ ਆਈ। ਸ਼ੈਤਾਨ ਦੇ ਇਸ ਉਹਨਾਂ ਦੇ ਵਰਗਲਾਵੇ ਤੋਂ ਮਿਰਤੂ ਨਰਕ ਅਤੇ ਦੁਖਦਾਈ ਸੰਸਾਰ ਦੀ ਉਤਪਤੀ ਹੋਈ। ਤੁਹਾਡੀ ਆਤਮਾ ਅੱਜ ਭੀ ਸਦਾ ਲਈ ਹੈ ਪਰ ਮਰਨ ਤੋਂ ਬਾਦ ਤੁਹਾਡੀ ਆਤਮਾ ਨੇ ਸਦਾ ਲਈ ਨਰਕ ਦੀ ਅੱਗ ਦੀ ਭੱਠੀ ਵਿੱਚ ਸੜਨਾ ਹੈ ਕਿਉਂਕਿ ਤੁਸੀਂ ਰੂਹਾਨੀ ਮੁਰਦੇ ਹੋ।

ਜੇਕਰ ਤੁਸੀਂ ਫਿਰ ਤੋਂ ਪਾਣੀ ਅਤੇ ਆਤਮਾ ਤੋਂ ਰੂਹਾਨੀ ਜਨਮ ਲੈਂਦੇ ਹੋ ਤਾਂ ਬਚ ਸਕਦੇ ਹੋ। ਜਿਹਨਾਂ ਨੇ ਇਹ ਫਿਰ ਤੋਂ ਰੂਹਾਨੀ ਜਨਮ ਲਿਆ ਹੈ ਉਹ ਸਦਾ ਲਈ ਸੁਰਗ ਜਾਣੀ ਪ੍ਰਮੇਸ਼ਵਰ ਦੇ ਰਾਜ ਵਿੱਚ ਰਹਿਣਗੇ । ਸੁਰਗ ਕੇਵਲ ਰੂਹਾਂ ਦਾ ਦੇਸ਼ ਹੈ ਅਤੇ ਰੂਹਾਨੀ ਮੁਰਦੇ ਉੱਥੇ ਨਹੀਂ ਵੜ ਸਕਦੇ। ਸੁਰਗ ਵਿੱਚ ਕੇਵਲ ਯਿਸ਼ੂ ਰਾਹੀਂ ਜਾਇਆ ਜਾ ਸਕਦਾ ਹੈ। ਹੋਰ ਕੋਈ ਭੀ ਰਸਤਾ ਉੱਥੇ ਨਹੀਂ ਪਹੁੰਚਦਾ। ਅੱਜ ਹੀ ਆਪਣੇ ਗੁਨਾਹਾਂ ਤੋਂ ਤੋਬਾ ਕਰੋ। ਯਿਸ਼ੂ ਦੇ ਨਾਮ ਤੇ ਬਪਤਿਸਮਾ ਲਵੋ ਅਤੇ ਪ੍ਰਮੇਸ਼ਵਰ ਵਲੋਂ ਸਦਾ ਦਾ ਜੀਵਨ ਪ੍ਰਾਪਤ ਕਰੋ।


# ਕੇਂਦਰ ਸਰਕਾਰ ਮਰੇ ਬੱਚਿਆਂ ਦੇ ਪਰਿਵਾਰਾਂ ਨੂੰ 25 -25 ਲੱਖ ਰੁਪਏ ਮੁਆਵਜਾ ਦੇਵੇ - ਢੰਡਾ, ਘੇੜਾ, ਲੱਖਪੁਰ

ਫਗਵਾੜਾ (ਰੱਤੂ) ਅੰਬੇਡਕਰ ਸੈਨਾ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਢੰਡਾ, ਚੇਅਰਮੈਨ ਰਜਿੰਦਰ ਘੇੜਾ ਤੇ ਸੂਬਾ ਜਨਰਲ ਸਕੱਤਰ ਕਮਲ ਲੱਖਪੁਰ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਪਟਨਾ (ਬਿਹਾਰ) ਦੇ ਜ਼ਿਲ੍ਹਾ ਸਾਰਨ ਦੇ ਇੱਕ ਸਕੂਲ 'ਚ ਮਿਡ ਡੇ ਮੀਲ ਖਾਣਾ ਖਾਣ ਨਾਲ 22 ਬੱਚਿਆਂ ਦੀ ਹੋਈ ਦਰਦਨਾਕ ਮੌਤ ਤੇ ਗਹਿਰੇ



ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਮ੍ਰਿਤਕ ਬੱਚਿਆਂ ਦੀ ਆਤਮਿਕ ਸ਼ਾਂਤੀ ਲਈ ਪ੍ਰਮਾਤਮਾ ਅੱਗੇ ਅਰਦਾਸ ਕੀਤੀ। ਉਕਤ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਤੋਂ ਮੰਗਗ ਕੀਤੀ ਕਿ ਮਿਡ ਡੇ ਮੀਲ ਖਾਣੇ 'ਚ ਜ਼ਹਿਰ ਕਿਵੇਂ ਆਇਆ ਦੀ ਜਾਂਚ ਕਰਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ , ਮ੍ਰਿਤਕ ਬੱਚਿਆਂ ਦੇ ਪਰਿਵਾਰਾਂ ਨੂੰ 25 -25 ਲੱਖ ਰੁਪਏ ਮੁਆਵਜੇ ਦੇ ਤੌਰ ਤੇ ਦਿੱਤੇ ਜਾਣ ਅਤੇ ਇਸ ਗਟਨਾ ਤੋਂ ਸਬਕ ਲੈਂਦੇ ਹੋਏ ਮਿਡ ਡੇ ਮੀਲ ਖਾਣਾ ਦੇਣ ਦੀ ਬਜਾਏ ਬੱਚਿਆਂ ਨੂੰ ਨਗਦ ਅਦਾਇਗੀ ਦੇਣ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਤਰਹ੍ਹਾਂ ਕਰਨ ਨਾਲ ਬੱਚਿਆਂ ਨੂੰ ਵੱਧ ਪੜ੍ਹਨ ਦਾ ਮੌਕਾ ਮਿਲੇਗਾ ਨਾਲ ਹੀ ਅਧਿਆਪਕਾਂ ਤੇ ਪਿਆ ਬੋਝ ਵੀ ਘਟੇਗਾ। ਢੰਡਾ, ਘੇੜਾ ਤੇ ਲੱਖਪੁਰ ਨੇ ਕਿਹਾ ਕਿ ਪੰਜਾਬ ਅੰਦਰ ਵੀ ਸਕੂਲਾਂ 'ਚ ਮਿਡ ਡੇ ਮੀਲ ਖਾਣਾ ਦਿੱਤਾ ਜਾ ਰਿਹਾ ਹੈ। ਬਿਹਾਰ 'ਚ ਵਾਪਰੀ ਦੁਖਦਾਈ ਘਟਨਾ ਨੂੰ ਧਿਆਨ 'ਚ ਰੱਖਦਿਆਂ ਪੰਜਾਬ ਸਰਕਾਰ ਮਿਡ ਡੇ ਮੀਲ ਪ੍ਰਤੀ ਸਖ਼ਤ ਰੁਖ ਅਖ਼ਤਿਆਰ ਕਰੇ।

# ਸਾਹਿਤਕਾਰ ਪ੍ਰਮਿੰਦਰ ਸਿੰਘ 'ਪ੍ਰਵਾਨਾ' ਦੀ ਕਾਵਿ ਪੁਸਤਕ 'ਸੜਕ ਰੰਗ ਤਸਵੀਰਾਂ' 4 ਅਗਸਤ ਨੂੰ ਲੋਕ ਅਰਪਣ ਹੋਵੇਗੀ




ਸਾਹਿਤਕ ਹਲਕਿਆਂ ਵਾਸਤੇ ਸੂਚਨਾ ਹੈ ਕਿ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਦੀ ਕਾਵਿ-ਪੁਸਤਕ 'ਸੜਕ ਰੰਗ ਤਸਵੀਰਾਂ' ਭਾਈਚਾਰਕ ਜਥੇਬੰਦੀਆਂ ਅਤੇ ਇਲਾਕੇ ਦੇ ਪਤਵੰਤਿਆਂ ਵੱਲੋਂ 4 ਅਗਸਤ, ਦਿਨ ਐਤਵਾਰ ਬਾਅਦ ਦੁਪਹਿਰ 3 ਵਜੇ ਯੂਨੀਅਨ ਸਿਟੀ ਲਾਇਬ੍ਰੇਰੀ ਵਿਖੇ ਲੋਕ ਅਰਪਣ ਹੋਵੇਗੀ। ਪ੍ਰਚਾ-ਪਾਠ ਵਿਚ ਸ਼ਾਮਲ ਹਨ: ਸ਼੍ਰੋਮਣੀ ਕਵੀ ਆਜਾਦ ਜਲੰਧਰੀ, ਕੁਲਦੀਪ ਸਿੰਘ ਢੀਂਡਸਾ, ਡਾ. ਗੋਬਿੰਦ ਸਿੰਘ, ਬੀਬ ਮਨਜੀਤ ਕੌਰ ਸੇਖੋਂ। ਹੋਰ ਬੁਲਾਰਿਆਂ ਵਿਚ: ਡਾ. ਗੁਰਮੀਤ ਸਿੰਘ ਬਰਸਾਲ, ਤ੍ਰਿਲੋਚਨ ਸਿੰਘ ਦੁਪਾਲਪੁਰੀ, ਅਵਤਾਰ ਸਿੰਘ ਮਿਸ਼ਨਰੀ, ਈਸ਼ਰ ਸਿੰਘ ਮੋਮਨ, ਕਮਲ ਬੰਗਾ ਸੈਕਰਾਮੈਂਟੋ, ਪ੍ਰੋ. ਸੁਰਜੀਤ ਸਿੰਘ ਨਨੂਆਂ, ਅਵਤਾਰ ਸਿੰਘ ਧਾਮੀ, ਡਾ. ਮਹਿੰਦਰ ਸਿੰਘ ਮਦਾਨ, ਸੁਦੇਸ਼ ਸਿੰਘ ਅਟਵਾਲ, ਇਕਬਾਲ ਸਿੰਘ ਢਿੱਲੋਂ, ਸੁਖਵਿੰਦਰ ਸਿੰਘ, ਅਵਤਾਰ ਸਿੰਘ ਤਾਰੀ, ਮਾਸਟਰ ਧਰਮਪਾਲ ਰੈਂਕੋ, ਗੁਰਚਰਨ ਸਿੰਘ ਫਲਕ, ਜਸਦੀਪ ਸਿੰਘ, ਮੰਗਜੀਤ ਸਿੰਘ ਧਾਲੀਵਾਲ ਮੰਗਾ, ਇਕਬਾਲ ਸਿੰਘ ਮੰਚਪੁਰੀ, ਹਿੰਮਤ ਸਿੰਘ ਹਿੰਮਤ, ਦੌਲਤ ਸਿੰਘ ਨਿੱਜਰ ਆਦਿ। ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਵੀ ਆਪਣੀ ਪੁਸਤਕ ਤੇ ਵਿਚਾਰ ਰੱਖੇ ਜਾਣਗੇ। ਉਪਰੰਤ ਹਾਜ਼ਰ ਕਵੀ ਆਪਣੀਆਂ ਰਚਨਾਵਾਂ ਨਾਲ ਰੰਗ ਬਿਖੇਰਨਗੇ, ਗੀਤ ਸੰਗੀਤ ਹੋਵੇਗਾ। ਦਾਖਲਾ ਸਿਰਫ ਸੱਦਾ ਪੱਤਰ ਰਾਹੀਂ ਹੈ ਜਾਂ ਸੰਪਰਕ ਕਰੋ 510-781-0489 ਅਤੇ 510-415-9377

# ਕੀਰਤਨੀਏ ਭਾਈ ਅਵਤਾਰ ਸਿੰਘ ਬੋਦਲਾਂ ਵਾਲੇ ਅਮਰੀਕਾ ਫੇਰੀ ਤੇ

ਨਿਊਯਾਰਕ (ਬਿਊਰੋ) ਸਤਿਗੁਰਾਂ ਦੀ ਰੱਬੀ ਬਾਣੀ ਦਾ ਕੀਤਰਨ ਰਾਗਾਂ ਦੇ ਆਧਾਰ ਤੇ ਕਰਨ ਵਾਲੇ ਚੰਦ ਕੀਰਤਨੀਆਂ ਵਿਚ ਇਕ ਚਮਕਦਾ ਨਾਂ ਹੈ ਭਾਈ ਅਵਤਾਰ ਸਿੰਘ ਬੋਦਲਾਂ ਵਾਲਿਆਂ ਦਾ ਜੋ ਅੱਜਕਲ੍ਹ ਨਿਊਯਾਰਕ ਵਿਖੇ ਵੱਖ ਵੱਖ ਗੁਰੂ ਘਰਾਂ ਵਿਚ ਗੁਰਬਾਣੀ ਕੀਰਤਨ ਸੰਗਤਾਂ ਦੀ ਝੋਲੀ ਵਿਚ ਪਾ ਕੇ ਆਸੀਸ ਪ੍ਰਾਪਤ ਕਰ ਰਹੇ ਹਨ। ਕੀਰਤਨ ਦੀ ਵਿੱਦਿਆ ਇਹਨਾਂ ਨੂੰ ਘਰ ਵਿਚੋਂ ਸਤਿਕਾਰਯੋਗ ਪਿਤਾ ਦਿਲਬਾਗ ਸਿੰਘ, ਗੁਲਬਾਗ ਸਿੰਘ ਦੇ ਜਥੇ ਪਾਸੋਂ ਪ੍ਰਾਪਤ ਹੋਈ ਹੈ। ਹੁਣ ਪੰਜਾਬ ਦੇ ਆਦਮਪੁਰ ਵਿਖੇ ਕੀਰਤਨ ਦੀਆਂ ਬਾਰੀਕੀਆਂ ਆਪਣੇ ਵਿਦਿਅਰਥੀਆਂ ਨੂੰ ਵੀ ਸਿਖਾ ਰਹੇ ਹਨ। ਪਿਛਲੇ ਦਿਨੀਂ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਵਿਖੇ ਪਹਿਲੇ ਮਹਾਨ ਨਗਰ ਕੀਰਤਨ ਤੇ ਹਾਜ਼ਰੀ ਭਰਦਿਆਂ ਰਾਗ ਆਧਾਰਿਤ ਕੀਰਤਨ ਸਰਵਣ ਕਰਵਾ ਕੇ ਸੰਗਤਾਂ ਦੇ ਹਿਰਦਿਆਂ ਵਿਚ ਅਮਿੱਟ ਛਾਪ ਬਣਾਈ। ਭਾਈ ਸਾਹਿਬ ਨਾਲ ਸੰਪਰਕ ਕਰਨ ਲਈ 347-593-5992 ਤੇ ਫੋਨ ਕੀਤਾ ਜਾ ਸਕਦਾ ਹੈ।



# ਇਹ ਹੈ ਸਾਡਾ ਦੇਸ਼ ਦੁਆਬਾ

ਇਸ ਵਾਰ ਪੰਜਾਬ ਦੀਆਂ ਪੰਚਾਇਤੀ ਚੋਣਾਂ ਵਿਚ ਪ੍ਰਚਾਰ ਦੀ ਸ਼ੁਰੂਆਤ ਗਹਿਮਾ ਗਹਿਮੀ ਨਾਲ ਸ਼ੁਰੂ ਹੋਈ, ਜਿਸ ਦੇ ਨਤੀਜੇ ਵਜੋਂ ਪੰਜਾਬ ਦੇ ਲੋਕਾਂ ਨੇ ਚੋਣਾਂ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਹੋਏ 85 ਫੀਸਦੀ ਦੇ ਕਰੀਬ ਵੋਟਾਂ ਪਾ ਕੇ ਵੱਡੇ ਉਲਟ ਫੇਰ ਕੀਤੇ। ਪਿੰਡਾਂ ਦੀਆਂ ਨਵੀਆਂ ਪੰਚਾਇਤਾਂ ਹੋਂਦ ਵਿਚ ਆਈਆਂ। ਬਹੁਤ ਸਾਰੇ ਪਿੰਡਾਂ ਵਿਚ ਸਰਬ ਸੰਮਤੀ ਨਾਲ ਪੰਚਾਇਤਾਂ ਚੁਣ ਕੇ ਮਿਸਾਲ ਪੇਸ਼ ਕੀਤੀ ਗਈ। ਕਈ ਪਿੰਡਾਂ ਵਿਚ ਇਕੱਲੇ ਸਰਪੰਚ ਸਰਬ ਸੰਮਤੀ ਨਾਲ ਚੁਣੇ ਗਏ ਜਾਂ ਇਕੱਲੇ ਮੈਂਬਰਾਂ ਤੇ ਸਹਿਮਤੀ ਦੀ ਮੋਹਰ ਲੱਗੀ। ਬਾਕੀ ਪਿੰਡਾਂ ਵਿਚ ਵਾਰਡਬੰਦੀ ਤਹਿਤ ਹੋਈਆਂ ਚੋਣਾਂ ਕਾਰਨ ਪੰਚ ਸਰਪੰਚ ਉਮੀਦਵਾਰ ਵਿਚ ਫਸਵੀਂ ਟੱਕਰ ਦੇਖਣ ਨੂੰ ਮਿਲੀ। ਕਈ ਥਾਵਾਂ ਤੇ ਪੁਰਾਣੇ ਪੱਠਿਆਂ ਫਿਰ ਆਪਣੀ ਰੰਗਤ ਹੋਰ ਗੂੜ੍ਹੀ ਕੀਤੀ ਅਤੇ ਕਈਆਂ ਨੇ 'ਪੱਤ ਝੜੇ ਪੁਰਾਣੇ ਰੁੱਤ ਨਵਿਆਂ ਦੀ ਆਈ ਆ' ਵਾਲੀ ਕਹਾਵਤ ਨੂੰ ਸੱਚ ਸਿੱਧ ਕਰ ਦਿਖਾਇਆ। – ਰੇਸ਼ਮ ਕਰਨਾਣਵੀ

# ਪਿੰਡ ਕਰਨਾਣਾ ਦੇ ਲਵਦੀਪ ਕੁਮਾਰ ਸਰਪੰਚ ਬਣੇ

ਤਿੰਨ ਜੁਲਾਈ ਨੂੰ ਹੋਈਆਂ ਪੰਚਾਇਤੀ ਚੋਣਾਂ ਵਿਚ ਪਿੰਡ ਕਰਨਾਣਾ ਦੇ ਦੋ ਬੂਥਾਂ ਤੇ ਅੱਸੀ ਫੀਸਦੀ ਪੋਲਿੰਗ ਹੋਈ। ਇਨ੍ਹਾਂ ਚੋਣਾਂ ਵਿਚ ਕਾਂਗਰਸ ਪਾਰਟੀ ਦੇ ਉਮੀਦਵਾਰ 26 ਸਾਲਾ ਨੌਜਵਾਨ ਲਵਦੀਪ ਕੁਮਾਰ ਸਰਪੰਚ ਬਣੇ। ਐਸ. ਸੀ. ਵਾਸਤੇ ਰਿਜ਼ਰਵ ਸੀਟ ਲਈ ਸਰਪੰਚੀ ਦੇ ਦਾਅਵੇਦਾਰ ਚਾਰ ਉਮੀਦਵਾਰਾਂ ਵਿਚ ਹੋਏ ਮੁਕਾਬਲੇ ਵਿਚ ਵਿਰੋਧੀ ਧਿਰ ਦੇ ਉਮੀਦਵਾਰ ਨੂੰ 125 ਵੋਟਾਂ ਦੇ ਫਰਕ ਨਾਲ ਹਰਾ ਕੇ ਲਵਦੀਪ ਕੁਮਾਰ ਨੇ ਜਿੱਤ ਪ੍ਰਾਪਤ ਕੀਤੀ। ਵੱਖ ਵੱਖ ਪਾਰਟੀਆਂ ਦੇ ਉਮੀਦਵਾਰਾਂ ਅਤੇ ਆਜ਼ਾਦ ਉਮੀਦਵਾਰਾਂ ਨੇ ਵੀ ਆਪੋ ਆਪਣੇ ਵਾਰਡਾਂ ਵਿਚ ਜਿੱਤ ਪ੍ਰਾਪਤ ਕੀਤੀ। ਜਿਹਨਾਂ ਵਿਚ ਵਾਰਡ ਨੰਬਰ 1 ਤੋਂ ਦਵਿੰਦਰ ਲਾਲ ਲਾਖਾ (ਆਜ਼ਾਦ), ਵਾਰਡ ਨੰਬਰ 2 ਤੋਂ ਬਲਵੀਰ ਕੁਮਾਰ ਕਾਲਾ, ਵਾਰਡ 3 ਤੋਂ ਅਮਰਜੀਤ ਕੌਰ (ਆਜ਼ਾਦ), ਵਾਰਡ 4 ਤੋਂ ਮਨਜੀਤ ਕੌਰ ਪਤਨੀ ਨੰਬਰਦਾਰ ਲਖਵੀਰ ਸਿੰਘ, ਵਾਰਡ 8 ਤੋਂ ਮਾਸਟਰ ਮੰਗਲ ਸਿੰਘ (ਰਿਟਾਇਰਡ), ਵਾਰਡ 7 ਤੋਂ ਰਾਜਕਰਨ ਸਾਬਕਾ ਇੰਸਪੈਕਟਰ, ਵਾਰਡ 8 ਤੋਂ ਯੁੱਧਵੀਰ ਸਿੰਘ, ਵਾਰਡ 5 ਤੋਂ ਰਾਜਵਿੰਦਰ ਕੌਰ ਪਤਨੀ ਕਰਮਜੀਤ ਸਿੰਘ ਬਿੱਟੂ, ਵਾਰਡ 6 ਤੋਂ ਜਗਤਾਰ ਸਿੰਘ ਜੇਤੂ ਰਹੇ।



ਪਿੰਡ ਕਰਨਾਣਾ ਦੇ ਜੇਤੂ ਸਰਪੰਚ ਲਵਦੀਪ ਕੁਮਾਰ, ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰਾਕੇਸ਼ ਕੁਮਾਰ ਕੇਸੀ, ਰਾਜ ਕਰਨ ਸ਼ਰਮਾ ਅਤੇ ਯੁੱਧਵੀਰ ਸਿੰਘ ਤਸਵੀਰ ਵਿਚ ਇਕੱਠੇ ਖੜ੍ਹੇ ਦਿਖਾਈ ਦੇ ਰਹੇ ਹਨ।

ਪਿੰਡ ਕਰਨਾਣਾ ਦੇ ਸਰਪੰਚ ਬਣੇ ਲਵਦੀਪ ਕੁਮਾਰ ਨੇ ਆਪਣੀ ਜਿੱਤ ਵਿਚ ਸਾਥ ਦੇਣ ਵਾਲੇ ਕਾਂਗਰਸੀ ਆਗੂਆਂ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਰਾਕੇਸ਼ ਕੁਮਾਰ ਕੇਸ਼ੀ, ਨਰਿੰਦਰਪਾਲ ਸਿੰਘ ਸਾਬਕਾ ਸਰਪੰਚ, ਗਿਆਨ ਚੰਦ ਧੀਰ, ਜੋਗਰਾਜ ਸਿੰਘ, ਉਂਕਾਰ ਸਿੰਘ, ਅਮਰ ਚੰਦ, ਸ਼ਕਤੀ ਕੁਮਾਰ, ਮਨੋਹਰ ਲਾਲ, ਚੰਦਰ ਪ੍ਰਕਾਸ਼, ਡਾਕਟਰ ਜੋਗਿੰਦਰ ਸਿੰਘ ਸਾਬਕਾ ਸਰਪੰਚ ਅਤੇ ਸਮੂਹ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ। ਉਹਨਾਂ ਪਿੰਡ ਦੇ ਵਿਕਾਸ ਲਈ ਸਮੂਹ ਪੰਚਾਇਤ ਵੱਲੋਂ ਨਿਰਪੱਖ ਤੌਰ ਤੇ ਹਰ ਸੰਭਵ ਯਤਨ ਕਰਨ ਦਾ ਵਾਅਦਾ ਕੀਤਾ।

# ਪੰਚਾਇਤੀ ਚੋਣਾਂ

## ਮਿਸ਼ਨਰੀ ਆਗੂ ਅਜੀਤ ਰਾਮ ਗੁਣਾਚੌਰ ਦੇ ਸਰਪੰਚ ਚੁਣੇ ਗਏ



ਗੁਣਾਚੌਰ ਤੋਂ ਜੇਤੂ ਸਰਪੰਚ ਅਜੀਤ ਰਾਮ, ਸਾਬਕਾ ਸਰਪੰਚ ਮਦਨ ਮੋਹਨ ਸਿੰਗਨਲ, ਸਮੂਹ ਗ੍ਰਾਮ ਪੰਚਾਇਤ ਅਤੇ ਪਤਵੰਤੇ ਸੱਜਣ।

ਪੰਜਾਬ ਦੀਆਂ ਪੰਚਾਇਤ ਚੋਣਾਂ ਵਿਚ ਇਤਿਹਾਸਕ ਪਿੰਡ ਗੁਣਾਚੌਰ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਰਪੰਚੀ ਲਈ ਨਾਮਜ਼ਦ ਦੋ ਉਮੀਦਵਾਰਾਂ ਵਿਚੋਂ ਪੰਜਾਬ ਸਟੇਟ ਬਿਜਲੀ ਬੋਰਡ ਦੇ ਸਾਬਕਾ ਇੰਜੀਨੀਅਰ ਸ੍ਰੀ ਅਜੀਤ ਰਾਮ ਇਸ ਵਾਰ ਸਰਪੰਚ ਚੁਣੇ ਗਏ।

ਉਨ੍ਹਾਂ ਨੇ ਵਿਰੋਧੀ ਉਮੀਦਵਾਰ ਧੀਰਾ ਰਾਮ ਨੂੰ375 ਵੋਟਾਂਦੇ ਵੱਡੇ ਫਰਕ ਨਾਲ ਹਰਾਇਆ। ਪਿੰਡ ਦੇ ਵੱਖ ਵੱਖ 9ਵਾਰਡਾਂ ਵਿਚੋਂ ਮੈਂਬਰ ਪੰਚਾਇਤ ਵਜੋਂ ਉਮੀਦਵਾਰਾਂ ਵਿਚੋਂ ਮਦਨ ਲਾਲ ਕਲਸੀ, ਤਰਸੇਮ ਲਾਲ, ਨਛੱਤਰ ਕਲਸੀ, ਬਲਵੀਰ ਕੌਰ, ਨਿਰਮਲਜੀਤ ਕੌਰ, ਮਨਧੀਰ ਸਿੰਘ ਚੱਠਾ, ਸੁਰਜੀਤ ਸਿਘ, ਗੁਲਜ਼ਾਰੀ ਰਾਮ, ਪਰਮਜੀਤ ਕੌਰ ਮੈਂਬਰ ਪੰਚਾਇਤ ਬਣੇ।

ਸ੍ਰੀ ਅਜੀਤ ਰਾਮ ਜੋ ਸਾਹਿਬ ਕਾਂਸ਼ੀ ਰਾਮ ਦੁਆਰਾ ਸਥਾਪਤ ਬਾਮਸੇਫ ਦੇ ਮੋਢੀ, ਮਿਹਨਤੀ, ਮਿਸ਼ਨਰੀ ਅਤੇ ਇਮਾਨਦਾਰ ਆਗੂ ਰਹੇ ਅਤੇ ਬਹੁਜਨ ਸਮਾਜ ਪਾਰਟੀ ਦੇ ਨਿਸ਼ਕਾਮ ਸੇਵਕ ਵਜੋਂ ਕੰਮ ਕਰ ਰਹੇ ਹਨ, ਉਹਨਾਂ ਨੇ ਪਿੰਡ ਦੇ ਬਹੁਪੱਖੀ ਅਤੇ ਨਿਰਪੱਖ ਵਿਕਾਸ ਨੂੰ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਨੇਪਰੇ ਚੜ੍ਹਾਉਣ ਦੀ ਸੰਕਲਪ ਲਿਆ। ਉਹਨਾਂ ਸਾਰੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

## ਪਿੰਡ ਚਾਹਲ ਕਲਾਂ ਦੇ ਸਰਪੰਚ ਚੁਣੇ ਗਏ ਸ੍ਰੀ ਬਾਰੂ ਰਾਮ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁਕੰਦਪੁਰ ਲਾਗਲੇ ਪਿੰਡ ਚਾਹਲ ਕਲਾਂ 'ਚ ਪੰਚਾਇਤੀ ਚੋਣਾਂ ਵਿਚ ਸ੍ਰੀ ਬਾਰੂ ਰਾਮ ਸਰਪੰਚ ਚੁਣੇ ਗਏ।

ਪੱਤਰਕਾਰ ਬਾਰੂ ਰਾਮ ਪਹਿਲੀ ਪੰਚਾਇਤ ਵਿਚ ਵੀ ਮੈਂਬਰ ਪੰਚਾਇਤ ਰਹਿ ਚੁੱਕੇ ਹਨ। ਉਹਨਾਂ ਦੇ ਨਾਲ ਹੀ ਜਿੱਤ ਪ੍ਰਾਪਤ ਕਰਕੇ ਰਮਨਦੀਪ ਕੌਰ, ਰੀਨਾ ਰਾਣੀ, ਮੁਖਤਿਆਰ ਸਿੰਘ ਦੁਸਾਂਝ, ਕੁਲਤਾਰ ਸਿੰਘ, ਜਗਵਿੰਦਰ ਸਿੰਘ, ਲੇਖ ਰਾਜ ਅਤੇ ਦੁਨੀ ਚੰਦ ਮੈਂਬਰ ਪੰਚਾਇਤ ਬਣੇ। ਪਿੰਡ ਦੀ ਨਵੀਂ ਚੁਣੀ ਗਈ ਪੰਚਾਇਤ ਦਾ ਸਾਬਕਾ ਸਰਪੰਚ ਜਗਜੀਤ ਸਿੰਘ ਖੱਟੜਾ ਦੇ ਘਰ ਵਿਚ ਪਿੰਡ ਵਾਸੀਆਂ ਵੱਲੋਂ ਸਨਮਾਨ ਕੀਤਾ ਗਿਆ। ਇਸ ਮੌਕੇ ਜਗਜੀਤ ਸਿੰਘ ਖੱਟੜਾ, ਤਿਲਕ ਰਾਜ, ਰਣਵੀਰ ਸਿੰਘ, ਗੁਰਜੀਤ ਸਿੰਘ ਹਾਜ਼ਰ ਹੋਏ।



*ਪਿੰਡ ਚਾਹਲ ਕਲਾਂ ਦੀ ਪੰਚਾਇਤ ਦੇ ਜੇਤੂ ਮੈਂਬਰ ਅਤੇ ਸਰਪੰਚ*

## ਪਿੰਡ ਲੰਗੇਰੀ ਵਾਸੀਆਂ ਵਲੋਂ ਨਵੀਂ ਚੁਣੀ ਪੰਚਾਇਤ ਦਾ ਸਨਮਾਨ



*(ਸ਼ਿਵ ਕੁਮਾਰ ਬਾਵਾ)*

ਮਾਹਿਲਪੁਰ- ਬਲਾਕ ਮਾਹਿਲਪੁਰ ਦੇ ਪਿੰਡ ਲੰ-ਗੇਰੀ ਵਿਖੇ ਪਰਵਾਸੀ ਭਾਰਤੀਆਂ ਅਤੇ ਪਿੰਡ ਦੇ ਸੂਝਵਾਨ ਲੋਕਾਂ ਵਲੋਂ ਪਿੰਡ ਦੇ ਸਾਬਕਾ ਸਰਪੰਚ ਮਨਜੀਤ ਸਿੰਘ ਲਾਲੀ ਦੀ ਅਗਵਾਈ ਵਿਚ ਪਿੰਡ ਦੀ ਨਵੀਂ ਚੁਣੀ ਗਈ ਪੰਚਾਇਤ ਦਾ ਸਨਮਾਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸਾਬਕਾ ਸਰਪੰਚ ਗੁਰਦਾਸ ਰਾਮ ਵਲੋਂ ਕੀਤੀ ਗਈ ਜਦਕਿ ਮੁੱਖ ਮਹਿਮਾਨ ਵਜੋਂ ਸਾਬਕਾ ਸਿੱਖਿਆ ਅਧਿਕਾਰੀ ਬਾਬੂ ਭਾਗ ਮੱਲ ਅਤੇ ਸਾਬਕਾ ਐਸ ਡੀ ਓ ਹਰਬੰਸ ਰਾਏ ਵਲੋਂ ਸਾਂਝੇ ਤੌਰ ਤੇ ਕੀਤੀ ਗਈ। ਇਸ ਮੌਕੇ ਪਿੰਡ ਵਾਸੀਆਂ ਅਤੇ ਪਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਸਰਬਸੰਮਤੀ ਨਾਲ ਚੁਣੇ ਗਏ ਪਿੰਡ ਦੇ ਪੰਚਾਇਤ ਮੈਂਬਰਾਂ ਸਾਬਕਾ ਸਰਪੰਚ ਮਨਜੀਤ ਸਿੰਘ ਲਾਲੀ, ਪਰਮਜੀਤ ਸਿੰਘ ਪੰਮਾ, ਗੁਰਜੀਤ ਕੌਰ ਅਤੇ ਵੋਟਾਂ ਨਾਲ ਚੁਣੇ ਗਏ ਸਰਪੰਚ ਤਰਸੇਮ ਲਾਲ, ਪੰਚਾਇਤ ਮੈਂਬਰ ਚੌਧਰੀ ਮੋਹਣ ਲਾਲ, ਸੁਖਵਿੰਦਰ ਕੌਰ ਰੇਨੂੰ ਆਦਿ ਦਾ ਅੱਜ ਪਿੰਡ ਦੇ ਲੋਕਾਂ ਵਲੋਂ ਪੰਚਾਇਤ ਭਵਨ ਵਿਚ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ।

ਇਸ ਮੌਕੇ ਪਿੰਡ ਦੇ 25 ਸਾਲ ਸਰਪੰਚ ਰਹੇ ਅਤੇ ਮੌਜੂਦਾ ਪੰਚਾਇਤ ਮੈਂਬਰ ਅਤੇ ਸੀ ਪੀ ਆਈ ਦੇ ਸੂਬਾਈ ਆਗੂ ਕਾਮਰੇਡ ਮਨਜੀਤ ਸਿੰਘ ਲਾਲੀ ਨੇ ਆਖਿਆ ਕਿ ਉਹ ਪਿੰਡ ਦੇ ਵਿਕਾਸ ਕੰਮਾਂ ਲਈ ਹਮੇਸ਼ਾਂ ਪਹਿਲ ਦੇ ਤੌਰ ਤੇ ਕੰਮ ਕਰਦੇ ਰਹੇ ਹਨ ਤੇ ਹੁਣ ਵੀ ਉਹ ਪਿੰਡ ਦੇ ਪਰਵਾਸੀ ਭਾਰਤੀ ਨੌਜ਼ਵਾਨਾਂ ਦੇ ਸਹਿਯੋਗ ਸਦਕਾ ਇਸ ਪਿੰਡ ਨੂੰ ਵਿਕਾਸ ਪੱਖ ਤੋਂ ਸਾਰੇ ਪੰਜਾਬ ਨਾਲੋਂ ਵੱਖਰੀ ਦਿਖ ਪ੍ਰਦਾਨ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡਣਗੇ। ਪਰਵਾਸੀ ਗੱਭਰੂ ਪਿੰਡ ਨੂੰ ਬੁਲੰਦੀਆਂ ਤੇ ਪਹੁੰਚਾਉਣ ਵਿਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਉਹਨਾਂ ਕਿਹਾ ਕਿ ਉਹਨਾਂ 25 ਸਾਲ ਪਿੰਡ ਦੀ ਸਰਪੰਚੀ ਕਰਕੇ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕਨੇਡੀ ਅਨ ਦੀ ਸੋਚ ਤੇ ਠੋਕਕੇ ਪਹਿਰਾ ਦਿੱਤਾ ਅਤੇ ਪਿੰਡ ਨੂੰ ਸੂਬੇ ਦਾ ਨਮੂਨੇ ਦਾ ਪਿੰਡ ਬਣਾਇਆ। ਉਹਨਾਂ ਕਿਹਾ ਕਿ ਉਹ ਪਿੰਡ ਲਈ ਜਿਉਂਦੇ ਜੀਅ ਤਾਂ ਕੰਮ ਕਰਦੇ ਰਹੇ ਹਨ ਪ੍ਰੰਤੂ ਉਹਨਾਂ ਮਰਨ ਉਪਰੰਤ ਵੀ ਆਪਣਾ ਸਰੀਰ ਦਾਨ ਕਰਨ ਦਾ ਫੈਸਲਾ ਲੈ ਚੁੱਕੇ ਹਨ। ਪਿੰਡ ਦੇ ਨਵੇਂ ਚੁਣੇ ਗਏ ਸਰਪੰਚ ਤਰਸੇਮ ਲਾਲ ਵਲੋਂ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਥੇ ਪੰਡ ਵਿਚ ਪਹਿਲਾਂ ਹੀ ਵਿਦੇਸ਼ੀ ਸਹੂਲਤਾਂ ਉਪਲਬਧ ਹਨ ਉਥੇ ਉਹ ਹੁਣ ਪਿੰਡ ਵਿਚ ਪਹਿਲ ਦੇ ਅਧਾਰ ਤੇ ਹਰ ਕਮਿਊਨਿਟੀ ਹਾਲ, ਅੱਖਾਂ ਦਾ ਮੁਫਤ ਕੈਂਪ, ਵਾਟਰ ਟਰੀਟਮੈਂਟ ਪਲਾਂਟ ਦੀ ਉਸਾਰੀ ਕੀਤੀ ਜਾਵੇਗੀ।



## ਪਿੰਡ ਚੀਮਾ ਕਲਾਂ ਦੀ ਪੰਚਾਇਤ ਲਈ ਸਰਬਸੰਮਤੀ

### ਕਦੇ ਵੀ ਪੰਚਾਇਤੀ ਚੋਣਾਂ ਨਾ ਹੋਣ ਦਾ ਕੀਰਤੀਮਾਨ ਬਰਕਰਾਰ!




ਜ਼ਿਲ੍ਹਾ ਜਲੰਧਰ ਤਹਿਸੀਲ ਫਿਲੌਰ ਦੇ ਕਸਬਾ ਅੱਪਰਾ ਨੇੜਲੇ ਪਿੰਡ ਚੀਮਾ ਕਲਾਂ ਵਿਚ ਪੰਚਾਇਤ ਚੋਣਾਂ ਵਿਚ ਪਿੰਡ ਦੇ ਸੂਝਵਾਨ ਪਤਵੰਤਿਆਂ, ਸਮੂਹ ਸੂਝਵਾਨ ਵੋਟਰਾਂ ਵੱਲੋਂ ਫਿਰ ਤੋਂ ਉਸਾਰੂ ਸੋਚ ਦਾ ਪਰਚਮ ਲਹਿਰਾਉਂਦਿਆਂ ਇਸ ਵਾਰ ਵੀ ਆਮ ਸਹਿਮਤੀ ਨਾਲ ਪਿੰਡ ਦੀ ਪੰਚਾਇਤ ਦੀ ਚੋਣ ਸਰਬਸੰਮਤੀ ਨਾਲ ਕੀਤੀ। ਮੌਜੂਦਾ ਗ੍ਰਾਮ ਪੰਚਾਇਤ ਵਿਚ ਸਰਪੰਚ ਪਰਗਣ ਸਿੰਘ ਪਹਿਲਾਂ ਵੀ ਮੈਂਬਰ ਪੰਚਾਇਤ ਅਤੇ ਸਰਪੰਚ ਵੀ ਰਹਿ ਚੁੱਕੇ ਹਨ। ਮੈਂਬਰ ਪੰਚਾਇਤ ਸੋਢੀ ਸਿੰਘ ਚੀਮਾ, ਕੁਲਵਿੰਦਰ ਸਿੰਘ, ਬਲਵੀਰ ਰਾਮ ਸਾਬਕਾ ਸਰਪੰਚ, ਸ੍ਰੀਮਤੀ ਸੀਸੋ ਸਾਬਕਾ ਸਰਪੰਚ ਅਤੇ ਬਲਵੀਰ ਕੌਰ ਸਰਬ ਸੰਮਤੀ ਨਾਲ ਚੁਣੇ ਗਏ। ਜ਼ਿਕਰਯੋਗ ਹੈ ਕਿ ਆਜ਼ਾਦੀ ਤੋਂ ਬਾਅਦ ਅੱਜ ਤੱਕ ਚੀਮਾ ਕਲਾਂ ਵਿਚ ਕਦੇ ਵੀ ਪੰਚਾਇਤੀ ਚੋਣਾਂ ਨਹੀਂ ਹੋਈਆਂ। ਇਸ ਰਵਾਇਤ ਨੂੰ ਕਾਇਮ ਰੱਖਦੇ ਹੋਏ ਪਿੰਡ ਵਾਸੀਆਂ ਵੱਲੋਂ ਪੰਚਾਇਤ ਲਈ ਸਰਬ ਸੰਮਤੀ ਕੀਤੀ ਗਈ ਅਤੇ ਪਿੰਡ ਦੇ ਵਿਕਾਸ ਲਈ ਇੱਕਜੁਟ ਹੋ ਕੇ ਕੰਮ ਕਰਨ ਦਾ ਅਹਿਦ ਕੀਤਾ।

Mikasa HOMES & FUNDING
8900 Bramblewood Way
Elk Grove, CA 95758
Cell: (916) 698-3808
Fax: (916) 725-5812
Email: mchander@comcast.net Web: www.mikasafunding.com


RAKESH CHANDER
Realtor®
Rakesh Chander, MSEE, PE
MIKASA HOMES & FUNDING
DRE Lic.: 01866732

# ਅਮਿੱਟ ਪੈੜਾਂ ਛੱਡ ਗਈ ਗਦਰ ਮੈਮੋਰੀਅਲ ਫਾਉਂਡੇਸ਼ਨ ਦੀ ਦੋ ਰੋਜ਼ਾ ਕਾਨਫਰੰਸ

ਸੈਕਰਾਮੈਂਟੋ (ਬਿਊਰੋ): ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮੈਰਿਕਾ ਵਲੋਂ ਗਦਰ ਲਹਿਰ ਦੀ ਸ਼ਤਾਬਦੀ ਨੂੰ ਸਮਰਪਿਤ 13 ਅਤੇ 14 ਜੁਲਾਈ ਨੂੰ ਕਰਵਾਈ ਗਈ ਦੋ ਰੋਜ਼ਾ ਕਾਨਫਰੰਸ ਆਪਣੇ ਮਕਸਦ ਵਿਚ ਪੂਰੀ ਤਰ੍ਹਾਂ ਕਾਮਯਾਬ ਰਹੀ। ਕਾਨਫਰੰਸ ਦੇ ਪਹਿਲੇ ਹਿੱਸੇ ਵਜੋਂ ਸੈਨ ਫਰਾਂਸਿਸਕੋ ਸ਼ਹਿਰ ਵਿਚ ਗਦਰ ਮੈਮੋਰੀਅਲ ਹਾਲ (ਯੁਗਾਂਤਰ ਆਸ਼ਰਮ) ਵਿਚ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿਚ ਭਾਰਤ, ਅਮਰੀਕਾ ਅਤੇ ਹੋਰਨਾਂ ਮੁਲਕਾਂ ਤੋਂ ਆਏ ਚੋਟੀ ਦੇ ਵਿਦਵਾਨਾਂ ਨੇ ਗਦਰ ਲਹਿਰ ਦੇ ਮਕਸਦ ਅਤੇ ਇਸ ਲਈ ਜੂਝ ਮਰੇ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਉਤੇ ਚਾਨਣਾ ਪਾਇਆ। ਯੁਗਾਂਤਰ ਆਸ਼ਰਮ







ਉਹ ਸਥਾਨ ਹੈ ਜਿਥੇ ਇਕ ਸਦੀ ਪਹਿਲਾਂ ਗਦਰੀ ਬਾਬਿਆਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਵਾਉਣ ਦੇ ਮਨੋਰਥ ਨਾਲ 'ਗਦਰ' ਨਾਂ ਦਾ ਅਖਬਾਰ ਅਰੰਭ ਕੀਤਾ ਸੀ ਜਿਸ ਨੇ ਆਜ਼ਾਦੀ ਦੀ ਲਹਿਰ ਨੂੰ ਵੱਡਾ ਹਲੂਣਾ ਦਿੱਤਾ। ਇਸ ਮੌਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਗਦਰ ਲਹਿਰ ਬਾਰੇ ਛਾਪੀ ਗਈ 700 ਸਫਿਆਂ ਦੀ ਖੋਜ ਭਰਪੂਰ ਪੁਸਤਕ 'ਗਦਰ ਮੂਵਮੈਂਟ: ਬੈਕਗਰਾਊਂਡ, ਆਈ-ਡਿਆਲੋਜੀ, ਐਕਸ਼ਨ ਐਂਡ ਲੈਗੇਸੀਜ਼' ਰਿਲੀਜ਼ ਕੀਤੀ ਗਈ। ਕਾਨਫਰੰਸ ਦੇ ਦੂਜੇ ਹਿੱਸੇ ਵਜੋਂ 14 ਜੁਲਾਈ ਨੂੰ ਇਥੇ ਇਕ ਸਭਿਆਚਾਰਕ ਮੇਲਾ ਕਰਵਾਇਆ ਗਿਆ ਜਿਸ ਵਿਚ ਵੱਖ ਵੱਖ ਸ਼ਾਇਰਾਂ ਨੇ ਗਦਰ ਲਹਿਰ ਬਾਰੇ ਕਵਿਤਾਵਾਂ ਪੜ੍ਹੀਆਂ ਅਤੇ ਕਲਾਕਾਰਾਂ ਨੇ ਦੇਸ਼ ਭਗਤੀ ਨੂੰ ਸਮਰਪਿਤ ਗੀਤ ਪੇਸ਼ ਕੀਤੇ। ਯੁਗਾਂਤਰ ਆਸ਼ਰਮ ਵਿਚ ਹੋਏ ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਉਘੇ ਵਿਦਵਾਨ ਅਤੇ ਪੰਜਾਬੀ ਯੂ-ਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਗਦਰ ਲਹਿਰ ਪੰਜਾਬ ਦੀ ਧਰਤੀ ਤੋਂ ਵਿਦੇਸ਼ਾਂ ਵਿਚ ਭਾਰਤੀਆਂ, ਜਿਨ੍ਹਾਂ ਵਿਚ ਬਹੁਤੀ ਗਿਣਤੀ ਸਿੱਖਾਂ ਦੀ ਸੀ, ਵਲੋਂ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਅਰੰਭਿਆ ਗਿਆ ਅਜਿਹਾ ਸੰਘਰਸ਼ ਸੀ, ਜਿਸ ਨੇ ਸਾਮਰਾਜ ਦੇ ਖਾਤਮੇ ਲਈ ਸ਼ਹਾਦਤਾਂ ਦਾ ਮੁੱਢ ਬੰਨਿਆ।

ਇੰਡੀਆ ਤੋਂ ਉਚੇਚੇ ਪਹੁੰਚੇ ਡਾ. ਜਸਪਾਲ ਸਿੰਘ ਨੇ ਕਿਹਾ ਕਿ ਸ਼ਹਾਦਤਾਂ ਦੇਣ ਵਾਲਿਆਂ ਨੇ ਸ਼ਹਾਦਤਾਂ ਦੇ ਪ੍ਰਣ ਪਹਿਲਾਂ ਤੋਂ ਹੀ ਕੀਤੇ ਹੋਏ ਹੁੰਦੇ ਹਨ, ਸਰੀਰ ਨੇ ਕਦੋਂ ਖਤਮ ਹੋ ਜਾਣਾ ਹੈ, ਇਹ ਸਮੇਂ ਦੀ ਗੱਲ ਹੈ। ਉਨ੍ਹਾਂ ਆਪਣੀ ਗੱਲ ਬਾਬਾ ਬੰਦਾ ਬਹਾਦਰ ਤੋਂ ਸ਼ੁਰੂ ਕਰ ਕੇ ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਦੀਆਂ ਮਹਾਨ ਸ਼ਹਾਦਤਾਂ ਅਤੇ ਉਨ੍ਹਾਂ ਯੋਧਿਆਂ ਵਲੋਂ ਵਿਖਾਈ ਗਈ ਸੂਰਬੀਰਤਾ ਨੂੰ ਲਾਸਾਨੀ ਕਰਾਰ ਦਿਤਾ।

ਕਾਨਫਰੰਸ ਦੇ ਮੁੱਖ ਮਹਿਮਾਨ ਕਮਿਊਨਿਸਟ ਆਗੂ ਸੀਤਾ ਰਾਮ ਯੈਚੁਰੀ ਨੇ ਕਿਹਾ ਕਿ ਗਦਰੀ ਬਾਬਿਆਂ ਵਲੋਂ ਅਰੰਭਿਆ ਗਿਆ ਅੰਦੋਲਨ ਭਾਰਤੀ ਆਜ਼ਾਦੀ ਦੀ ਲਹਿਰ ਦਾ ਅਜਿਹਾ ਮੀਲ ਪੱਥਰ ਹੈ ਜਿਸ ਤੋਂ ਬਾਅਦ ਵਿਚ ਚੱਲੀਆਂ ਸਾਰੀਆਂ ਲੋਕ ਲਹਿਰਾਂ ਨੇ ਪ੍ਰੇਰਣਾ ਅਤੇ ਸੇਧ ਲਈ।

ਇਸ ਮੌਕੇ ਉਨ੍ਹਾਂ ਐਲਾਨ ਕੀਤਾ ਕਿ ਭਾਰਤ ਸਰਕਾਰ ਤੋਂ ਗਦਰ ਮੈਮੋਰੀਅਲ ਹਾਲ ਦੇ ਅੰਦਰ ਇਕ ਵੱਡੀ ਲਾਇਬਰੇਰੀ, ਅਜਾਇਬਘਰ ਅਤੇ ਕਲਚਰਲ ਸੈਂਟਰ ਸਥਾਪਤ ਕਰਵਾਇਆ ਜਾਵੇਗਾ ਤਾਂ ਕਿ ਗਦਰੀ ਬਾਬਿਆਂ ਦੀ ਦੇਣ ਨੂੰ ਆਉਣ ਵਾਲੀਆਂ ਪੀੜ੍ਹੀਆਂ ਚੇਤੇ ਰੱਖਣ ਅਤੇ ਉਨ੍ਹਾਂ ਤੋਂ ਸੇਧ ਲੈ ਸਕਣ। ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰਿਜ਼ਨੋ ਦੇ ਪ੍ਰੋਫੈਸਰ ਡਾ. ਗੁਰੂਮੇਲ ਸਿੰਘ ਸਿੱਧੂ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਗਦਰ ਲਹਿਰ ਦੇ ਸਰੋਕਾਰਾਂ ਉਪਰ ਚਾਨਣਾ ਪਾਉਂਦਿਆਂ ਯੁਗਾਂਤਰ ਆਸ਼ਰਮ ਦੀ ਅਹਿਮੀਅਤ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਸ ਸਥਾਨ ਨੂੰ ਗਦਰ ਅੰਦੋਲਨ ਇੰਸਟੀਚਿਊਟ ਦਾ ਨਾਂ ਦਿੱਤਾ ਜਾਣਾ ਚਾਹੀਦਾ ਹੈ।

ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਸਾਬਕਾ ਪ੍ਰੋਫੈਸਰ ਡਾ. ਹਰੀਸ਼ ਪੁਰੀ ਨੇ 'ਗਦਰ ਲਹਿਰ: ਇਕ ਨਵੀਂ ਚੇਤਨਾ, ਸੰਵੇਦਨਾ ਅਤੇ ਸਭਿਆਚਾਰ' ਨਾਂ ਹੇਠ ਪਰਚਾ ਪੜ੍ਹਿਆ ਜਿਸ ਵਿਚ ਉਨ੍ਹਾਂ ਨੇ ਗਦਰ ਲਹਿਰ ਦੇ ਨਿਕਾਸ ਅਤੇ ਵਿਕਾਸ ਬਾਰੇ ਚਰਚਾ ਕਰਦਿਆਂ ਗਦਰ ਪਾਰਟੀ ਦੀ ਸਥਾਪਨਾ, ਜਥੇਬੰਦੀ ਦੀ ਵਿਚਾਰਧਾਰਾ ਅਤੇ ਇਸ ਦੇ ਮਨੋਰਥਾਂ ਬਾਰੇ ਚਾਨਣਾ ਪਾਇਆ।

ਆਪਣੇ ਪਰਚੇ ਵਿਚ ਉਨ੍ਹਾਂ ਕਿਹਾ ਕਿ ਗਦਰੀ ਬਾਬਿਆਂ ਨੇ ਆਜ਼ਾਦੀ ਦੀ ਜਿਹੜੀ ਮਿਸ਼ਾਲ ਅਮਰੀਕਾ ਦੀ ਧਰਤੀ ਤੋਂ ਜਗਾਈ ਸੀ, ਉਸ ਤੋਂ ਪ੍ਰੇਰਣਾ ਲੈ ਕੇ ਹਜ਼ਾਰਾਂ ਗਦਰੀ ਦੇਸ਼ ਭਗਤਾਂ ਨੇ ਦੇਸ਼ ਵਾਪਸ ਪਰਤ ਕੇ ਅੰਗਰੇਜ਼ ਹਕੂਮਤ ਵਿਰੁਧ ਹਥਿਆਰਬੰਦ ਵਿਦਰੋਹ ਕੀਤਾ ਜਿਸ ਬਦਲੇ ਉਨ੍ਹਾਂ ਵਿਚੋਂ ਬਹੁਤਿਆਂ ਨੂੰ ਨਾ ਸਿਰਫ ਆਪਣੀਆਂ ਜਾਨਾਂ ਹੀ ਕੁਰਬਾਨ ਕਰਨੀਆਂ ਪਈਆਂ ਸਗੋਂ ਕਈਆਂ ਦੇ ਪਰਿਵਾਰਾਂ ਨੂੰ ਵੱਡੇ ਸੰਕਟਾਂ ਵਿਚੋਂ ਗੁਜ਼ਰਨਾ ਪਿਆ ਅਤੇ ਖੁਦ ਉਨ੍ਹਾਂ ਨੂੰ ਅੰਡੇਮਾਨ ਨਿਕੋਬਾਰ ਦੇ ਕੈਦਖਾਨਿਆਂ ਵਿਚ ਲੱਖ ਤਸੀਹੇ ਝੱਲਣੇ ਪਏ ਪਰ ਉਨ੍ਹਾਂ ਆਪਣੀ ਸੋਚ ਉਤੇ ਮਰਦੇ ਦਮ ਤੱਕ ਪਹਿਰਾ ਦਿੱਤਾ। ਆਪਣੇ ਪਰਚੇ ਵਿਚ ਡਾ. ਪੁਰੀ ਨੇ ਜੁਝਾਰੂ ਸਿੱਖ ਵਿਰਾਸਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਸ ਵੇਲੇ ਭਾਰਤੀ ਕੌਮ ਦਾ ਸੰਕਲਪ ਮੌਜੂਦ ਨਹੀਂ ਸੀ ਅਤੇ ਇਸ ਸੰਕਲਪ ਨੂੰ ਗਦਰ ਲਹਿਰ ਨੇ ਹੀ ਜਨਮ ਦਿੱਤਾ। ਉਨ੍ਹਾਂ ਕਿਹਾ ਕਿ ਗਦਰੀ ਬਾਬੇ ਸਿੱਖੀ ਨਿਸ਼ਚੇ ਵਾਲੇ ਸਨ ਪਰ ਗਦਰ ਲਹਿਰ ਵਿਚ ਉਨ੍ਹਾਂ ਨੇ ਧਰਮ ਦੀਆਂ ਵਲਗਣਾਂ ਤੋਂ ਉਪਰ ਉਠ ਕੇ ਨਿਰੋਲ ਹਿੰਦੋਸਤਾਨੀ ਕੌਮ ਦੀ ਆਜ਼ਾਦੀ ਲਈ ਕੁਰਬਾਨੀਆਂ ਦਿੱਤੀਆਂ। ਉਹ ਧਾਰਮਕ ਆਸਥਾ ਨੂੰ ਧਰਮ ਆਧਾਰਤ ਰਾਜਸੀ ਸਵੈ ਪਛਾਣ ਅਤੇ ਫਿਰਕੂ ਭੇਦ ਭਾਵ ਤੋਂ ਨਿਖੇੜ ਕੇ ਰੱਖਦੇ ਸਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਨੇ ਗਦਰ ਲਹਿਰ ਬਾਰੇ ਛਪੇ ਸਾਹਿਤ ਉਤੇ ਚਾਨਣਾ ਪਾਇਆ। ਘੱਟ ਗਿਣਤੀ ਕਮਿਸ਼ਨ, ਨਵੀਂ ਦਿੱਲੀ ਦੇ ਮੈਂਬਰ ਡਾ. ਮਹਿੰਦਰ ਸਿੰਘ ਨੇ ਇਸ ਮੌਕੇ ਬੋਲਦਿਆਂ ਗਦਰੀ ਬਾਬਿਆਂ ਨੂੰ ਆਪਣੀ ਅਕੀਦਤ ਦੇ ਫੁੱਲ ਭੇਟ ਕੀਤੇ। ਡਾ. ਜੋਹੰਨਾ ਓਗਡਨ ਨੇ ਆਪਣੇ ਪਰਚੇ ਵਿਚ ਗਦਰੀ ਬਾਬਿਆਂ ਦੇ ਮੁਢਲੇ ਜੀਵਨ ਬਾਰੇ ਬਹੁਤ ਹੀ ਦਿਲਚਸਪ ਗੱਲਾਂ ਦਾ ਵੇਰਵਾ ਦਿੱਤਾ ਅਤੇ ਦੱਸਿਆ ਕਿ ਕਿਵੇਂ ਰੋਜ਼ੀ-ਰੋਟੀ ਦੀ ਖਾਤਰ ਆਏ ਭਾਰਤੀਆਂ ਨੂੰ ਅਮਰੀਕਾ ਵਿਚ ਵਿਤਕਰੇ ਦਾ ਸਾਹਮਣਾ ਕਰਨਾ ਪਿਆ ਅਤੇ ਇਹੋ ਵਿਤਕਰਾ ਉਨ੍ਹਾਂ ਅੰਦਰ ਆਜ਼ਾਦੀ ਦੀ ਜੋਤ ਜਗਾਉਣ ਦਾ ਕਾਰਨ ਬਣਿਆ।

ਸਮਾਗਮ ਦੇ ਸ਼ੁਰੂ ਵਿਚ ਜਥੇਬੰਦੀ ਦੇ ਪ੍ਰਧਾਨ ਚਰਨ ਸਿੰਘ ਜੱਜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਗਦਰੀ ਬਾਬਿਆਂ ਨੂੰ ਸੱਚੀ ਸ਼ਰਧਾਂਜਲੀ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਆਪਣਾ ਯੋਗਦਾਨ ਪਾਉਣ ਵਿਚ ਹੋਵੇਗੀ। ਉਨ੍ਹਾਂ ਕਿਹਾ ਕਿ ਇਹ ਗਦਰੀ ਬਾਬੇ ਹੀ ਸਨ ਜਿਨ੍ਹਾਂ ਅਮਰੀਕਾ ਦੀ ਧਰਤੀ 'ਤੇ ਭਾਰਤ ਦੀ ਆਜਾਦੀ ਦਾ ਐਲਾਨ ਕੀਤਾ।

ਅਮਰੀਕੀ ਵਿਦਵਾਨ ਮਾਰਕ ਮਾਇਰ ਨੇ ਸੈਮੀਨਾਰ ਵਿਚ ਬੋਲਦਿਆਂ ਬੜੇ ਜੋਸ਼ੀਲੇ ਤਰੀਕੇ ਨਾਲ ਗਦਰੀ ਬਾਬਿਆਂ ਦੀ ਕਹਿਣੀ ਅਤੇ ਕਰਨੀ ਦੀ ਇਕਸੁਰਤਾ ਦੀ ਗੱਲ ਕੀਤੀ ਅਤੇ ਕਿਹਾ ਕਿ ਉਨ੍ਹਾਂ ਬਾਬਿਆਂ ਨੇ ਜੋ ਕਿਹਾ ਉਸ ਉਤੇ ਪਹਿਰਾ ਦੇਣ ਲਈ ਆਪਣੀ ਜਾਨ ਦੀ ਬਾਜ਼ੀ ਲਾਉਣ ਦੀ ਕਦੇ ਪਰਵਾਹ ਨਾ ਕੀਤੀ।

ਉਨ੍ਹਾਂ ਕਿਹਾ ਕਿ ਭਾਰਤੀ ਆਜ਼ਾਦੀ ਦਾ ਕੇਂਦਰ ਬਿੰਦੂ ਗਦਰ ਮੈਮੋਰੀਅਲ ਹਾਲ ਹੀ ਸੀ ਜਿਸ ਵਿਚ ਅੱਜ ਅਸੀਂ ਗਦਰ ਲਹਿਰ ਦੀ ਸ਼ਤਾਬਦੀ ਮਨਾ ਰਹੇ ਹਾਂ। ਪ੍ਰਿੰ. ਬੀਰ ਸਿੰਘ ਰੰਧਾਵਾ, ਹਿਊਸਟਨ, ਟੈਕਸਸ ਤੋਂ ਆਏ ਹਰਦਮ ਸਿੰਘ ਆਜ਼ਾਦ, ਇੰਦਰ ਸਿੰਘ-ਗੋਪੀਓ ਆਰਗੇਨਾਈਜੇਸ਼ਨ, ਡਾ. ਐਰਿਕਾ ਬੈਂਸ-ਪ੍ਰਧਾਨ ਭਾਰਤੀ ਵੂਮਨ ਵੈਲਫੇਅਰ ਐਸੋਸੀਏਸ਼ਨ, ਡਾ. ਲਲਿਤ ਕੁਮਾਰ ਮਾਥੁਰ, ਲੀਲਾ ਮਾਥੁਰ, ਸੈਨ ਫਰਾਂਸਿਸਕੋ ਤੋਂ ਭਾਰਤੀ ਕੌਂਸਲਖਾਨੇ ਦੇ ਐਕਟਿੰਗ ਕੌਂਸਲ ਜਨਰਲ ਡਾ. ਸ੍ਰੀ ਨਿਵਾਸ ਅਤੇ ਕੌਂਸਲ ਚਟੋਪਾਧਿਆਏ ਨੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਭਰੋਸਾ ਦਿੱਤਾ ਕਿ ਭਾਰਤੀ ਕੌਂਸਲਖਾਨਾ ਗਦਰ ਮੈਮੋਰੀਅਲ ਹਾਲ ਦੀ ਸਾਂਭ ਸੰਭਾਲ ਪੂਰੀ ਨਿਸ਼ਠਾ ਨਾਲ ਕਰੇਗਾ।

ਕਹਾਣੀਕਾਰ ਅਤੇ ਉਘੇ ਪੱਤਰਕਾਰ ਸਿੱਧੂ ਦਮਦਮੀ ਨੇ ਇਸ ਮੌਕੇ ਬੋਲਦਿਆਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਆਜ਼ਾਦੀ ਦੀ ਲਹਿਰ ਲਈ ਜੂਝ ਮਰਨ ਵਾਲੇ ਗਦਰੀ ਬਾਬਿਆਂ ਦੀਆਂ ਅੰਗਰੇਜ਼ ਹਕੂਮਤ ਵਲੋਂ ਜ਼ਬਤ ਕੀਤੀਆਂ ਗਈਆਂ ਜਾਇਦਾਦਾਂ ਉਨ੍ਹਾਂ ਦੇ ਵਾਰਸਾਂ ਨੂੰ ਸੌਂਪੀਆਂ ਜਾਣ। ਸੈਮੀਨਾਰ ਦੇ ਸ਼ੁਰੂ ਵਿਚ ਅਮਨਦੀਪ ਬੈਂਸ ਨੇ ਸਿਤਾਰਵਾਦਨ ਰਾਹੀਂ ਭਾਰਤੀ ਕੌਮੀ ਤਰਾਨੇ ਦਾ ਗਾਇਨ ਕੀਤਾ। ਇਸ ਸੈਮੀਨਾਰ ਦੌਰਾਨ ਲੰਗਰ ਪਾਣੀ ਦੀ ਸੇਵਾ ਅਵਤਾਰ ਸਿੰਘ ਤਾਰੀ ਦੀ ਅਗਵਾਈ ਹੇਠ ਸਤਨਾਮ ਸਿੰਘ ਬੱਲ ਅਤੇ ਉਨ੍ਹਾਂ ਦੇ ਸਾਥੀਆਂ ਨੇ ਕੀਤੀ।

ਗਦਰ ਲਹਿਰ ਦੇ ਇਤਿਹਾਸ ਬਾਰੇ ਲਿਖੀ ਗਈ ਪੁਸਤਕ ਮੰਗਵਾਉਣ ਦਾ ਖਰਚਾ ਕੁਲਦੀਪ ਸਿੰਘ ਅਟਵਾਲ ਅਤੇ ਸੁਰਜੀਤ ਸਿੰਘ ਅਟਵਾਲ ਨੇ ਕੀਤਾ ਜੋ ਹਾਜ਼ਰ ਲੋਕਾਂ ਨੂੰ ਮੁਫਤ ਵੰਡੀ ਗਈ।

ਕਾਨਫਰੰਸ ਦੇ ਦੂਜੇ ਹਿੱਸੇ ਵਿਚ 14 ਜੁਲਾਈ ਐਤਵਾਰ ਨੂੰ ਇਥੋਂ ਦੇ ਪਰਫਾਰਮਿੰਗ ਆਰਟਸ ਸੈਂਟਰ ਵਿਚ ਇਕ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਦਾ ਉਦਘਾਟਨ ਉਘੇ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼ ਨੇ ਕੀਤਾ। ਉਨ੍ਹਾਂ ਗਦਰੀ ਬਾਬਿਆਂ ਦੀਆਂ ਸ਼ਹਾਦਤਾਂ ਨੂੰ ਚੇਤੇ ਕਰਨ ਦੇ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਉਪਰਾਲੇ ਦੀ ਵਿਸ਼ੇਸ਼ ਸਰਾਹਨਾ ਕੀਤੀ। ਸਟੇਜ ਸੰਭਾਲਦਿਆਂ ਦਿਲ ਨਿੱਜਰ ਨੇ ਇਨਕਲਾਬੀ ਕਵਿਤਾਵਾਂ ਦਾ ਦੌਰ ਅਰੰਭ ਕੀਤਾ ਜਿਸ ਵਿਚ ਪੰਮੀ ਮਾਨ, ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਕਮਲ ਬੰਗਾ, ਰਮੇਸ਼ ਬੰਗੜ, ਇੰਦਰਜੀਤ ਗਰੇਵਾਲ, ਮੱਖਣ ਲੁਹਾਰ ਅਤੇ ਗੁਰਬਚਨ ਚੋਪੜਾ ਨੇ ਆਪੋ ਆਪਣੀਆਂ ਕਵਿਤਾਵਾਂ ਪੜ੍ਹੀਆਂ।

ਇਸ ਵੇਲੇ ਸਟੇਜ ਉਤੇ ਪ੍ਰਧਾਨਗੀ ਮੰਡਲ ਵਿਚ ਮੁੱਖ ਮਹਿਮਾਨ ਵਜੋਂ ਸੀਤਾ ਰਾਮ ਯੈਚੁਰੀ ਅਤੇ ਪ੍ਰਧਾਨ ਵਜੋਂ ਡਾ. ਜਸਪਾਲ ਸਿੰਘ ਸੁਸ਼ੋਭਿਤ ਸਨ। ਇਸ ਤੋਂ ਇਲਾਵਾ ਡਾ. ਗੁਰਦੇਵ ਸਿੰਘ ਖੁਸ਼, ਵਾਤਾਵਰਣ ਸੰਭਾਲ ਅਤੇ ਵਿਦਿਆ ਦੀ ਲਹਿਰ ਚਲਾਉਣ ਵਾਲੇ ਸੰਤ ਸੇਵਾ ਸਿੰਘ ਖਡੂਰ ਸਾਹਿਬ, ਪ੍ਰੋ. ਗੁਰਬਿੰਦਰ ਸਿੰਘ ਧਾਲੀਵਾਲ (ਕੈਨੇਡਾ) ਅਤੇ ਸਰਬਜੀਤ ਸਿੰਘ ਅਟਵਾਲ (ਮਰਸਡ) ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਨ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਪ੍ਰੋ. ਗੁਰਬਿੰਦਰ ਸਿੰਘ ਧਾਲੀਵਾਲ (ਕੈਨੇਡਾ) ਨੇ ਗਦਰੀ ਬਾਬਿਆਂ ਦੇ ਸੰਕਲਪ ਦੀ ਵਿਆਖਿਆ ਕੀਤੀ। ਉਨ੍ਹਾਂ ਆਪਣੀ ਇਨਕਲਾਬੀ ਕਵਿਤਾ ਰਾਹੀਂ ਅਮੀਰ ਲੁਟੇਰਿਆਂ ਉਤੇ ਚੋਟ ਕਰਦਿਆਂ ਕਿਰਤੀਆਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ। ਐਡਵੋਕੇਟ ਪਾਖਰ ਸਿੰਘ ਚਾਹਲ ਨੇ ਗਦਰੀ ਬਾਬਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਦੇ ਅਜੋਕੇ ਹਾਲਾਤ ਉਤੇ ਚਾਨਣਾ ਪਾਇਆ ਅਤੇ ਕਿਹਾ ਕਿ ਅੱਜ ਪੰਜਾਬ ਨੂੰ ਨਵੇਂ ਰਾਹਾਂ 'ਤੇ ਪਾਉਣ ਲਈ ਗਦਰੀ ਬਾਬਿਆਂ ਦੀ ਸਪਿਰਟ ਨੂੰ ਮੁੜ ਜਾਗ੍ਰਿਤ ਕਰਨ ਦੀ ਲੋੜ ਹੈ। ਰਾਜ ਸਭਾ ਮੈਂਬਰ ਸੀਤਾ ਰਾਮ ਯੈਚੁਰੀ ਨੇ 'ਕੁਰਬਾਨੀ ਕਿਉਂ ਕਰਨੀ ਪੈਂਦੀ ਹੈ ਅਤੇ ਇਸ ਦਾ ਮੁੱਲ ਕਿਵੇਂ ਪਾਉਣਾ ਹੈ?' ਦੀ ਗੱਲ ਕਰਦਿਆਂ ਭਾਰਤ ਦੀ ਅਜੋਕੀ ਰਾਜਨੀਤੀ ਨੂੰ ਲੀਹੋਂ ਲੱਥੀ ਕਰਾਰ ਦਿੰਦਿਆਂ ਕਿਹਾ ਕਿ ਅਜੋਕੇ ਸਿਆਸਤਦਾਨ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਭੁੱਲ ਚੁਕੇ ਹਨ ਅਤੇ ਆਪੋ ਆਪਣੇ ਮੁਫਾਦ ਨੂੰ ਹੀ ਸਾਹਮਣੇ ਰੱਖ ਰਹੇ ਹਨ।

ਉਨ੍ਹਾਂ ਗਦਰ ਲਹਿਰ ਦੀ ਸ਼ਤਾਬਦੀ ਮੌਕੇ ਕਰਵਾਈ ਗਈ ਇਸ ਦੋ ਰੋਜ਼ਾ ਕਾਨਫਰੰਸ ਦੀ ਸਫਲਤਾ ਲਈ ਗਦਰ ਮੈਮੋਰੀਅਲ ਫਾਉਂਡੇਸ਼ਨ ਦੇ ਕਮੇਟੀ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾ. ਜਸਪਾਲ ਸਿੰਘ ਨੇ ਆਪਣੇ ਪੈਂਤੀ ਮਿੰਟ ਦੇ ਭਾਸ਼ਣ ਵਿਚ ਗਦਰ ਲਹਿਰ ਨਾਲ ਸਬੰਧਤ ਕਵਿਤਾਵਾਂ ਦਾ ਜ਼ਿਕਰ ਕੀਤਾ। ਇਸ ਸਮੇਂ ਮੰਚ ਸੰਚਾਲਨ ਜਸ ਟੀ ਵੀ ਦੇ ਮੇਜ਼ਬਾਨ ਹਰਵਿੰਦਰ ਸਿੰਘ ਰਿਆੜ ਨੇ ਕੀਤਾ।

ਗੀਤ ਸੰਗੀਤ ਦੇ ਦੌਰ ਵਿਚ ਲੋਕ ਗਾਇਕ ਬਲਜੀਤ ਮਾਲਵਾ, ਮੰਨਾ ਢਿੱਲੋਂ, ਸੁਖਵੰਤ ਸੁੱਖੀ, ਅਨੂਪ ਸਿੰਘ ਚੀਮਾ ਅਤੇ ਤਰਲੋਕ ਸਿੰਘ ਨੇ ਦੇਸ਼ ਭਗਤੀ ਦੇ ਗੀਤਾਂ ਰਾਹੀਂ ਹਾਜ਼ਰ ਲੋਕਾਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਮੌਕੇ ਲੰਗਰ ਪਾਣੀ ਦੀ ਸੇਵਾ ਸੰਸਾਰ ਰੈਸਟੋਰੈਂਟ, ਲਿਵਰਮੋਰ ਅਤੇ ਟਰੇਸੀ ਦੇ ਸੰਤੋਖ ਸਿੰਘ ਜੱਜ ਵਲੋਂ ਕੀਤੀ ਗਈ ਜਦੋਂਕਿ ਫਰੂਟ ਦੀ ਸੇਵਾ ਕੁਲਦੀਪ ਸਿੰਘ ਅਟਵਾਲ ਅਤੇ ਸੁਰਜੀਤ ਸਿੰਘ ਅਟਵਾਲ (ਮਰਸਡ) ਨੇ ਕੀਤੀ। ਗਦਰ ਸ਼ਤਾਬਦੀ ਨੂੰ ਸਮਰਪਿਤ ਇਸ ਦੋ ਰੋਜ਼ਾ ਕਾਨਫਰੰਸ ਨੂੰ ਸਫਲ ਬਣਾਉਣ ਵਾਸਤੇ ਸੰਤੋਖ ਸਿੰਘ ਜੱਜ, ਮਾਸਟਰ ਮੁਖਤਿਆਰ ਸਿੰਘ ਖਿੰਡਾ, ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਸਤਬੀਰ ਸਿੰਘ ਬਾਜਵਾ, ਬਲਬੀਰ ਸਿੰਘ ਬੱਲ, ਯਾਦਵਿੰਦਰ ਸਿੰਘ ਹੈਪੀ, ਹਰਪਾਲ ਸਿੰਘ ਮਾਨ, ਰਵਿੰਦਰ ਰਵੀ, ਸਰਪੰਚ ਜਗਜੀਤ ਸਿੰਘ ਕੰਦੋਲਾ, ਜਰਨੈਲ ਸਿੰਘ ਮੰਡੇਰ, ਕਸ਼ਮੀਰ ਸਿੰਘ ਪਿਟਸਬਰਗ, ਇੰਡੋ ਅਮੈਰਿਕਨ ਕਲਚਰਲ ਐਂਡ ਸਪੋਰਟਸ ਆਰਗੇਨਾਈਜੇਸ਼ਨ ਦੇ ਮੁਖੀ ਅਵਤਾਰ ਸਿੰਘ ਤਾਰੀ, ਇੰਡੋ ਅਮੈਰਿਕਨ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ ਦੇ ਬਾਨੀ ਸੁਰਿੰਦਰ ਸਿੰਘ ਮੰਢਾਲੀ ਅਤੇ ਗੁਰਦੀਪ ਸਿੰਘ ਅਣਖੀ ਨੇ ਦਿਨ-ਰਾਤ ਇਕ ਕਰਕੇ ਕੰਮ ਕੀਤਾ। ਮਦਨ ਲਾਲ ਸ਼ਰਮਾ ਅਤੇ ਜਨਕ ਰਾਜ ਸਿਧਰਾ ਨੇ ਆਏ ਮੁੱਖ ਮਹਿਮਾਨਾਂ ਦੀ ਸੇਵਾ ਕੀਤੀ। ਹੀਰਾ ਲਾਲ ਸਿੰਘ ਚਮਦਲ, ਪ੍ਰੋ. ਸੰਪੂਰਨ ਸਿੰਘ ਹਿਊਸਟਨ, ਸੁਰਿੰਦਰ ਸਿੰਘ ਸਿੱਧੂ, ਬੰਤ ਸਿੰਘ ਕਾਂਗਣਾ, ਬਲਬੀਰ ਸਿੰਘ-ਜੈਕਸਨ ਮਿਸੀਸਿਪੀ, ਲਖਵਿੰਦਰ ਸਿੰਘ ਲੱਕੀ-ਯੂਬਾ ਵੈਲੀ, ਮੁਖਤਾਰ ਸਿੰਘ ਐਲ ਏ, ਸੁੱਚਾ ਸਿੰਘ, ਜਸਵੀਰ ਸਿੰਘ, ਤਰਲੋਚਨ ਸਿੰਘ ਫਰਿਜ਼ਨੋ, ਨਿਰਮਲ ਸਿੰਘ ਚੰਦੀ, ਕਰਨੈਲ ਸਿੰਘ ਲੰਮਾ ਪਿੰਡ, ਜਰਨੈਲ ਸਿੰਘ, ਹਰੀ ਸਿੰਘ, ਸੁੱਚਾ ਸਿੰਘ ਮਨਟੀਕਾ, ਬਹਾਦਰ ਸਿੰਘ, ਦਿਲਜੀਤ ਸਿੰਘ, ਹਰਜਿੰਦਰ ਸਿੰਘ ਸੈਲਮ, ਬਲਰਾਜ ਸਿੰਘ ਅਤੇ ਨਿਰਮਲ ਸਿੰਘ ਨੇ ਸੰਸਥਾ ਦੀ ਭਰਪੂਰ ਮਾਲੀ ਮਦਦ ਕੀਤੀ।

ਪੰਜਾਬ ਐਕਸਪ੍ਰੈਸ ਦੇ ਸੰਪਾਦਕ ਜਸਵੰਤ ਸਿੰਘ ਸੈਦੋਕੇ ਅਤੇ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਦੇ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਮੀਡੀਆ ਵੱਲੋਂ ਹਾਜ਼ਰੀ ਲਵਾਈ। ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ ਨੇ ਕਿਹਾ ਕਿ ਸੰਸਥਾ ਰਛਪਾਲ ਸਿੰਘ ਫਰਵਾਲਾ, ਅਮਰੀਕ ਸਿੰਘ ਪਰਹਾਰ, ਅਵਤਾਰ ਸਿੰਘ ਡੋਡ, ਵਿਰਸਾ ਸਿੰਘ ਗਿੱਲ, ਪ੍ਰੋ. ਹਰਪਾਲ ਸਿੰਘ ਗਿੱਲ ਅਤੇ ਉਨ੍ਹਾਂ ਸਭ ਸਹਿਯੋਗੀਆਂ ਦੀ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਪੂਰੀ ਮਦਦ ਕੀਤੀ। ਸ. ਜੱਜ ਅਨੁਸਾਰ ਭਵਿੱਖ ਵਿਚ ਜਥੇਬੰਦੀ ਦਾ ਪ੍ਰਬੰਧ ਸੰਭਾਲਣ ਲਈ ਇਕ ਨੌਂ ਮੈਂਬਰੀ ਕਮੇਟੀ ਕਾਇਮ ਕੀਤੀ ਗਈ ਹੈ ਜਿਸ ਵਿਚ ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਬਲਬੀਰ ਸਿੰਘ ਬੱਲ, ਸਤਬੀਰ ਸਿੰਘ ਬਾਜਵਾ, ਯਾਦਵਿੰਦਰ ਸਿੰਘ ਹੈਪੀ, ਹਰਪਾਲ ਮਾਨ, ਰਵਿੰਦਰ ਰਵੀ, ਸਰਪੰਚ ਜਗਜੀਤ ਸਿੰਘ ਕੰਦੋਲਾ ਅਤੇ ਸਤਿੰਦਰਪਾਲ ਸਿੰਘ ਸਰਹੱਦੀ ਨੂੰ ਲਿਆ ਗਿਆ ਹੈ।


ਉਨ੍ਹਾਂ ਕਿਹਾ ਕਿ ਜਥੇਬੰਦੀ ਦੇ ਪ੍ਰਧਾਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁਕਤ ਕੀਤੇ ਜਾਣ ਲਈ ਉਨ੍ਹਾਂ ਇਸ ਕਾਨਫਰੰਸ ਤੋਂ ਇਕ ਮਹੀਨਾ ਪਹਿਲਾਂ ਹੀ ਲਿਖਤੀ ਪੱਤਰ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ।


# ਸਰਕਾਰ ਵੱਲੋਂ ਅਨੁਸੂਚਿਤ ਜਾਤੀ ਦੇ ਬੱਚਿਆਂ ਨੂੰ ਗਰੈਜੂਏਸ਼ਨ ਅਤੇ ਪੋਸਟ ਗਰੈਜੂਏਸ਼ਨ ਤੱਕ ਦੀ ਵਿੱਦਿਆ ਮੁਫਤ ਦਿੱਤੀ ਜਾ ਰਹੀ ਹੈ - ਬਾਘਾ

ਕਪੂਰਥਲਾ- (ਬੀ.ਕੇ. ਰੱਤੂ ) ਅਨੁਸੂਚਿਤ ਜਾਤੀ ਕਮਿਸ਼ਨ ਪੰਜਾਬ ਕੋਲ ਹੁਣ ਤੱਕ ਗਰੀਬ ਲੋਕਾਂ ਨਾਲ ਹੋਈਆਂ ਵਧੀਕੀਆਂ ਸਬੰਧੀ 2000 ਤੋਂ ਵਧੇਰੇ ਸ਼ਿਕਾਇਤਾਂ ਪੁੱਜੀਆਂ ਹਨ ਜਿਹਨਾਂ ਵਿੱਚੋਂ ਜਿਆਦਾ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ ਜਾ ਚੁੱਕਾ ਹੈ। ਇਹ ਜਾਣਕਾਰੀ ਸ਼੍ਰੀ ਰਾਜੇਸ਼ ਬਾਘਾ ਚੇਅਰਮੈਨ ਅਨੁਸੂਚਿਤ ਜਾਤੀਆਂ ਕਮਿਸ਼ਨ ਪੰਜਾਬ ਨੇ ਅੱਜ ਡੇਰਾ ਸੰਤ ਬਾਬਾ ਫੂਲ ਨਾਥ ਜੀ ਨਾਨਕ ਨਗਰੀ ਚਹੇੜੂ ਵਿਖੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਵਧੀਕੀਆਂ ਦੇ ਸ਼ਿਕਾਰ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਵੰਡਣ ਲਈ ਕੀਤੇ ਗਏ ਸਮਾਗਮ ਨੂੰ ਸੰਬੋਧਨ



ਕਰਦਿਆਂ ਦਿੱਤੀ। ਉਹਨਾਂ ਨੇ ਦੱਸਿਆ ਕਿ ਅਨੁਸੂਚਿਤ ਜਾਤੀ ਕਮਿਸ਼ਨ ਰਾਜ ਦੇ ਗਰੀਬ ਲੋਕਾਂ ਨੂੰ ਉਹਨਾਂ ਦੇ ਹੱਕ ਦਿਵਾਉਣ ਲਈ ਵਸਨਬੱਧ ਹੈ। ਸ਼੍ਰੀ ਪ੍ਰਕਾਸ਼ ਸਿੰਘ ਗੜਦੀਵਾਲਾ ਸਾਬਕਾ ਵਿਧਾਇਕ ਅਤੇ ਮੈਂਬਰ ਅਨੁਸੂਚਿਤ ਜਾਤੀਆਂ ਕਮਿਸ਼ਨ ਅਤੇ ਡੇਰਾ ਸੰਤ ਬਾਬਾ ਫੂਲ ਨਾਥ ਦੇ ਸੇਵਾਦਾਰ ਸੰਤ ਕਿਸ਼ਨ ਦਾਸ ਵੀ ਇਸ ਮੌਕੇ ਤੇ ਹਾਜਰ ਸਨ। ਸ਼੍ਰੀ ਰਾਜੇਸ਼ ਬਾਘਾ ਚੇਅਰਮੈਨ ਅਨੁਸੂਚਿਤ ਜਾਤੀਆਂ ਕਮਿਸ਼ਨ ਪੰਜਾਬ ਨੇ ਦੱਸਿਆ ਕਿ ਇਥੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਉਹਨਾਂ 8 ਪਰਿਵਾਰਾਂ ਨੂੰ ਪ੍ਰਤੀ ਵਿਅਕਤੀ 45880 ਰੁਪਏ ਦੀ ਨਗਦ ਰਾਸ਼ੀ ਵੰਡੀ ਗਈ ਹੈ।








## ਦਿਨ ਪਰਤ ਆਉਣਗੇ

ਦਿਨ ਪਰਤ ਆਉਣਗੇ
ਸਾਡੇ ਵਿਹੜਿਆਂ ਵਿਚ
ਅਜੇ ਲਾਅਨ ਨਹੀਂ ਹੁੰਦੇ
ਅਤੇ ਨਾ ਹੀ
ਰਾਜ ਭਵਨਾਂ ਦੀਆਂ
ਕਿਆਰੀਆਂ ਵਰਗੇ ਫੁੱਲ
ਸਾਡੇ ਵਿਹੜਿਆਂ ਵਿਚ
ਮਸਾਂ ਮੰਜੇ ਡੱਠਦੇ ਹਨ
ਪਰ ਫੁੱਲਾਂ ਨਾਲ
ਸਾਡਾ ਰਿਸ਼ਤਾ
ਹੜੱਪਾ, ਮੋਹਿੰਜੋਦੜੋ ਦੇ
ਸਭਿਆਚਾਰ ਜਿੰਨਾ ਪੁਰਾਣਾ ਹੈ
ਤਾਂ ਹੀ ਤਾਂ ਅਸੀਂ
ਟੁੱਟੀ ਤੌੜੀ ਦੇ
ਥੱਲੇ 'ਚ ਭਰਕੇ ਮਿੱਟੀ
ਗੁਲਾਬ ਉਗਾਉਂਦੇ ਹਾਂ
ਏਸੇ ਆਸ ਵਿਚ
ਕਿ...
ਪਰਤ ਆਉਣਗੇ ਦਿਨ
ਜਦ ਘਰਾਂ ਦੇ ਪਿਛਵਾੜੇ
ਉਸੇ ਗੁਲਾਬ ਦੀਆਂ
ਕਲਮਾਂ ਨਾਲ
ਬਾਗਾਂ ਵਰਗੇ ਸੁਪਨੇ
ਪੂਰੇ ਕਰਾਂਗੇ
ਦਿਨ ਪਰਤ ਆਉਣਗੇ
ਲਾਅਨ ਸਿਰਫ
ਰਾਜ ਭਵਨਾਂ ਵਿਚ ਹੀ ਨਹੀਂ
ਸਾਡੇ ਘਰਾਂ ਦੇ
ਵਿਹੜਿਆਂ ਵਿਚ ਵੀ ਹੋਣਗੇ।

– ਕਮਲ ਦੇਵ ਪਾਲ

## ਕਰ ਗਏ ਰਾਜ ਦਿਲਾਂ ਤੇ ਜਿਹੜੇ



ਕਰ ਗਏ ਰਾਜ ਦਿਲਾਂ ਤੇ ਜਿਹੜੇ
ਉਹ ਦੁਨੀਆਂ ਨੂੰ ਯਾਦ ਰਹਿਣਗੇ
ਦਿਲ ਦੀ ਬਸਤੀ ਅੰਦਰ ਸਾਡੇ
ਦਿਲਬਰ ਨਿੱਤ ਆਬਾਦ ਰਹਿਣਗੇ
ਖ਼ਿਦਮਤ ਕਰਨ ਖ਼ਲਕ ਦੀ ਜਿਹੜੇ
ਦਰਵੇਸ਼ਾਂ ਦਾ ਜੀਵਨ ਜੀਊਂਦੇ
ਰੱਬ ਨੂੰ ਚੇਤੇ ਰੱਖਣ ਵਾਲੇ
ਚੇਤੇ ਆਦਿ ਜੁਗਾਦਿ ਰਹਿਣਗੇ
ਮੁਰਦਾ ਦਿਲ ਨਿੱਤ ਮਰਦੇ ਏਥੇ
ਫ਼ਰਕ ਨਹੀਂ ਕੋਈ ਜਿਊਣ ਮਰਨ ਵਿਚ
ਜ਼ਿੰਦਾ ਦਿਲ ਇਨਸਾਨ ਹਮੇਸ਼ਾ
ਜੱਗ ਤੇ ਜ਼ਿੰਦਾਬਾਦ ਰਹਿਣਗੇ
ਵੈਰ ਦੀਆਂ ਵੇਲਾਂ ਨੂੰ ਮਿੱਠੇ
ਪਿਆਰ ਦੇ ਖਰਬੂਜ਼ੇ ਨਹੀਂ ਲੱਗਦੇ
ਪਿਆਰ ਕਰਨ ਜੋ ਮਜਬੂਰਾਂ ਨੂੰ
ਜਿਉਂਦੇ ਮਰਨੋਂ ਬਾਦ ਰਹਿਣਗੇ
ਦੁਨੀਆ ਇਕ ਮੁਸਾਫ਼ਿਰ ਖ਼ਾਨਾ
ਕੋਈ ਆਉਂਦਾ ਕੋਈ ਤੁਰ ਜਾਂਦਾ ਏ
ਤੁਰ ਗਏ ਸ਼ਿਵ, ਸਾਹਿਰ ਤੇ ਯਮਲੇ
ਨਾ ਏਥੇ 'ਆਜ਼ਾਦ' ਰਹਿਣਗੇ।

# ਲੱਭੀ ਹੋਈ ਚੀਜ਼ ਨਾ ਗਵਾਇਓ ਸੋਹਣਿਓ

ਦੋਸਤੋ ਅੱਜ ਦਾ ਮੇਰਾ ਲੇਖ ਇਕ ਬਹੁਤ ਹੀ ਅਹਿਮ ਵਿਸ਼ੇ ਨਾਲ ਸਬੰਧਤ ਹੈ। ਵੈਸੇ ਤੇ ਪ੍ਰਮਾਤਮਾ ਦਾ ਬੰਦਾ ਕਦੀ ਵੀ ਦੇਣ ਨਹੀਂ ਦੇ ਸਕਦਾ। ਪ੍ਰਮਾਤਮਾ ਵੱਲੋਂ ਬਖਸ਼ੀ ਹਰ ਇਕ ਚੀਜ਼ ਹੀ ਅਣਮੁੱਲੀ ਹੈ। ਜੋ ਕੁਝ ਵੀ ਸਾਨੂੰ ਪ੍ਰਮਾਤਮਾ ਵੱਲੋਂ ਪ੍ਰਾਪਤ ਹੋਇਆ ਹੈ ਉਹ ਬੇਸ਼ਕੀਮਤੀ ਹੈ। ਵੱਡੇ ਵੱਡੇ ਪਹਾੜ, ਹਰੇ- ਭਰੇ ਫਲਾਂ ਤੇ ਫੁੱਲਾਂ ਨਾਲ ਲੱਦੇ ਰੁੱਖ, ਨਿਰਮਲ ਜਲ, ਪੌਣ ਆਦਿ ਸਭ ਹੀ ਕੁਦਰਤ ਦੀ ਦੇਣ ਹਨ। ਇਹ ਵਸਤੂਆਂ ਅਜਿਹੀਆਂ ਹਨ, ਜਿਹਨਾਂ ਬਗੈਰ ਇਨਸਾਨ ਦਾ ਗੁਜ਼ਾਰਾ ਹੋਣਾ ਅਸੰਭਵ ਹੀ ਨਹੀਂ, ਸਗੋਂ ਨਾਮੁਮਕਿਨ ਵੀ ਹੈ। ਅੱਜ ਭਾਵੇਂ ਸੰਸਾਰਕ ਤੌਰ ਤੇ ਅਸੀਂ ਬਹੁਤ ਤਰੱਕੀ ਕਰਨ ਦੀਆਂ ਸ਼ੇਖੀਆਂ ਮਾਰਦੇ ਹਾਂ ਪਰ ਕੀ ਅਸੀਂ ਲੱਖਾਂ-ਕਰੋੜਾਂ ਦੀ ਦੁਨੀਆਂ ਨੂੰ ਇਕੋ ਸਮੇਂ ਚਮਕਦੇ ਸੂਰਜ ਦੀ ਰੌਸ਼ਨੀ ਦੇ ਸਕਦੇ ਹਾਂ, ਨਹੀਂ। ਹਾਂ, ਤੁਸੀਂ ਇਹ ਜ਼ਰੂਰ ਕਹਿ ਸਕਦੇ ਹੋ ਕਿ ਅੱਜ ਇਨਸਾਨ ਨੇ ਬਿਜਲੀ ਦੀ ਖੋਜ ਕਰ ਲਈ ਹੈ, ਜਿਸ ਸਦਕਾ ਘਰ-ਘਰ 'ਚ ਚਾਨਣ ਹੋ ਜਾਂਦਾ ਹੈ। ਪਰ ਫਿਰ ਵੀ ਅਸੀਂ ਕੁਦਰਤੀ ਰੌਸ਼ਨੀ ਦੀ ਭੋਰਾ ਮਾਤਰ ਵੀ ਰੀਸ ਨਹੀਂ ਕਰ ਸਕਦੇ।


ਇਸ ਲੇਖ ਵਿਚ ਮੇਰਾ ਮਕਸਦ ਕਿਸੇ ਵਿਸ਼ੇ ਬਾਰੇ ਬਹਿਸ ਕਰਨਾ ਜਾਂ ਵਾਦ-ਵਿਵਾਦ ਕਰਨਾ ਨਹੀ ਹੈ। ਸਗੋਂ ਮੇਰਾ ਮਕਸਦ ਤਾਂ ਆਪਣੇ ਦਿਲੀ ਵਲਵਲਿਆਂ ਨੂੰ ਆਪ ਸਭ ਸੁਹਿਰਦ ਪਾਠਕ ਸੱਜਣਾਂ ਨਾਲ ਸਾਂਝਾ ਕਰਨਾ ਹੈ। ਅੱਜ ਅਸੀਂ ਆਪਣੇ ਨਿੱਜ ਸੁਆਰਥ ਲਈ ਧੜਾਧੜ ਰੁੱਖਾਂ ਦੀ ਕਟਾਈ ਕਰ ਰਹੇ ਹਾਂ। ਧਰਤੀ ਹੇਠਲਾ ਪਾਣੀ ਅਸੀਂ ਇੰਨਾ ਗੰਧਲਾ ਤੇ ਮਲੀਨ ਕਰ ਦਿੱਤਾ ਹੈ ਕਿ ਅੱਜ ਸਾਫ-ਸੁਥਰਾ ਪੀਣ ਯੋਗ ਪਾਣੀ ਵੀ ਮਿਲਣਾ ਇਕ ਬਹੁਤ ਵੱਡੀ ਸਮੱਸਿਆ ਬਣ ਚੁੱਕੀ ਹੈ। ਵੱਡੀਆਂ-ਵੱਡੀਆਂ ਫੈਕਟਰੀਆਂ, ਮਸ਼ੀਨਾਂ, ਕਾਰਾਂ, ਜਹਾਜ਼ਾਂ ਆਦਿ ਰਾਹੀਂ ਅਸੀਂ ਹਰ ਪਲ ਲੱਖਾਂ ਟਨ ਪ੍ਰਦੂਸ਼ਣ ਪੈਦਾ ਕਰ ਰਹੇ ਹਾਂ। ਇਸ ਪ੍ਰਦੂਸ਼ਣ ਸਦਕਾ ਅੱਜ ਹਵਾ, ਪਾਣੀ ਆਦਿ ਸਭ ਜ਼ਹਿਰੀਲੇ ਹੋ ਗਏ ਹਨ। ਪਰ ਇਹਨਾਂ ਸਭ ਜ਼ਹਿਰਾਂ ਤੋਂ ਉਪਰ ਇਕ ਹੋਰ ਜ਼ਹਿਰ ਵੀ ਹੈ ਜੋ ਕਿ ਸਾਡੇ ਸਭ ਦੇ ਨਿੱਜ ਸੁਆਰਥ ਦੀ ਹੀ ਦੇਣ ਹੈ।

ਜਿਸ ਜ਼ਹਿਰ ਦੀ ਮੈਂ ਗੱਲ ਕਰ ਰਿਹਾ ਹਾਂ, ਉਹ ਹੈ ਸਮਾਜ ਅੰਦਰ ਵੱਧ ਰਹੀ ਮਨੁੱਖ ਪ੍ਰਤੀ ਮਨੁੱਖ ਦੀ ਨਫਰਤ ਦਾ ਜ਼ਹਿਰ ਹੈ। ਅੱਜ ਦੁਨੀਆਂ ਭਰ ਵਿਚ ਕਿਸੇ ਦੀ ਦੇਸ਼, ਸੂਬੇ ਜਾਂ ਸ਼ਹਿ ਵੱਲ ਝਾਤੀ ਮਾਰੋ ਤਾਂ ਲੁੱਟ-ਖਸੁੱਟ, ਮਾਰ ਧਾੜ ਜਾਂ ਬਲਾਤਕਾਰ ਜਿਹੇ ਘਿਨਾਉਣੇ ਕੰਮ ਸਾਨੂੰ ਸਮਾਜ ਵਿਚ ਫੈਲੀ ਜ਼ਹਿਰ ਦਾ ਹੀ ਅਹਿਸਾਸ ਕਰਵਾਉਂਦੇ ਹਨ। ਮੇਰੇ ਬਜ਼ੁਰਗ ਸਵਰਗਵਾਸੀ ਪੜਦਾਦਾ ਜੀ ਸ. ਸਰਦਾਰ ਸਿੰਘ, ਚੌਧਰੀ ਜੀ ਇਕ ਗੱਲ ਕਿਹਾ ਕਰਦੇ ਸਨ ਕਿ, ''ਜਿਸ ਦਿਨ ਸਮਾਜ ਅੰਦਰ ਮਾਂ-ਬਾਪ ਦੀ ਕਦਰ ਘੱਟ ਗਈ, ਬੱਸ ਸਮਝ ਲੈਣਾ ਕਿ ਸਮਾਜ ਦਾ ਪਤਨ ਸਿਖਰਾਂ 'ਤੇ ਹੈ।'' ਅੱਜ ਮੈਂ ਇਹੀ ਮਹਿਸੂਸ ਕਰਦਾ ਹਾਂ ਕਿ ਮੇਰੇ ਪੜਦਾਦਾ ਜੀ ਦੀ ਕਹੀ ਗੱਲ ਸੱਚ ਸਾਬਤ ਹੋ ਰਹੀ ਹੈ। ਅੱਜ ਜਿੱਥੇ ਅਸੀਂ ਕੁਦਰਤ ਦੀ ਹਰ ਦੇਣ ਪ੍ਰਤੀ ਅਹਿਸਾਨ ਫਰਾਮੋਸ਼ ਹੋ ਗਏ ਹਾਂ, ਉਥੇ ਸਭ ਤੋਂ ਬੱਜਰ-ਪਾਪ ਅਸੀਂ ਆਪਣੇ ਮਾਂ-ਬਾਪ ਦੀ ਨਿਰਾਦਰੀ ਕਰਨ ਦਾ ਕਰ ਰਹੇ ਹਾਂ। ਅੱਜ ਜਨਮ ਦਾਤਿਆਂ ਦਾ ਨਿਰਾਦਰ ਹੋ ਰਿਹਾ ਹੈ। ਇਸ ਤੋਂ ਵੱਧ ਸ਼ਰਮ ਦੀ ਗੱਲ ਇਸ ਸਭਿਅਕ ਅਖਵਾਉਣ ਵਾਲੇ ਸਮਾਜ ਲਈ ਹੋਰ ਕੀ ਹੋ ਸਕਦੀ ਹੈ।

ਨੌਂ ਮਹੀਨੇ ਆਪਣੇ ਪੇਟ ਵਿਚ ਰੱਖ ਕੇ ਜਨਮ ਦੇਣ ਵਾਲੀ ਮਾਂ ਨੂੰ ਵੀ ਅੱਜ ਬਹੁਤ ਸੁਆਰਥੀ ਲੋਕ ਦੁੱਖ ਦੇਣ ਲੱਗ ਪਏ ਹਨ। ਜਿਹੜੇ ਬਾਪ ਨੇ ਆਪ ਭੁੱਖਿਆਂ ਰਹਿ ਕੇ ਤੇ ਲੱਖਾਂ ਦੁੱਖ ਤਸੀਹੇ ਸਹਿ ਕੇ ਪੁੱਤ-ਧੀਆਂ ਨੂੰ ਵਧੀਆ ਪਾਲਿਆ, ਅੱਜ ਉਸੇ ਬਾਪ ਦੀ ਦਾੜ੍ਹੀ ਨੂੰ ਮੂਰਖ ਪੁੱਤ ਜਾਂ ਧੀ ਹੱਥ ਪਾਉਣ ਲੱਗ ਪਏ ਹਨ। ਕੀ ਅਸੀਂ ਕਦੀ ਸੋਚਿਆ ਹੈ ਕਿ ਮਾਂ-ਬਾਪ ਬਿਨਾਂ ਸਾਡੀ ਕੀ ਹਸਤੀ ਹੋ ਸਕਦੀ ਹੈ? ਜਿਹੜੀ ਮਾਂ ਨੇ ਆਪ ਗਿੱਲੇ ਥਾਂ ਪੈ ਕੇ ਆਪਣੇ ਬੱਚਿਆਂ ਨੂੰ ਨਿੱਘ 'ਚ ਰੱਖਿਆ ਹੋਵੇ ਜਾਂ ਜਿਹੜੇ ਬਾਪ ਨੇ ਆਪ ਪਾਟੇ

ਡਾ. ਗੁਰਤੇਜ ਸਿੰਘ ਚੀਮਾ (ਫਰਿਜ਼ਨੋ)

ਕੱਪੜੇ ਪਾ ਕੇ ਵੀ ਬੱਚਿਆਂ ਲਈ ਰੇਸ਼ਮੀ ਪਹਿਰਾਵਿਆਂ ਦਾ ਪ੍ਰਬੰਧ ਕੀਤਾ ਹੋਵੇ, ਅੱਜ ਉਹਨਾਂ ਦਰਵੇਸ਼ ਰੱਬ ਰੂਪ ਹਸਤੀਆਂ ਨਾਲ ਹੀ ਬੱਚੇ ਗਾਲੀ-ਗਲੋਚ, ਮਾਰ



ਕੁਟਾਪਾ ਕਰਨ ਲੱਗ ਪਏ ਹਨ। ਰੱਬ ਨੂੰ ਜੇ ਸਹੀ ਰੂਪ 'ਚ ਦੇਖਣਾ ਹੋਵੇ ਤਾਂ ਅਸੀਂ ਆਪੋ-ਆਪਣੇ ਮਾਂ-ਬਾਪ ਦੇ ਰੂਪ ਵਿਚ ਦੇਖ ਸਕਦੇ ਹਾਂ।

ਮਾਂ-ਬਾਪ ਤਾਂ ਅਜਿਹਾ ਅਨਮੋਲ ਖਜ਼ਾਨਾ ਹੈ ਜੋ ਕਿ ਬਿਨਾਂ ਕਿਸੇ ਮਿਹਨਤ ਦੇ ਹੀ ਸਾਨੂੰ ਸਭ ਨੂੰ ਮਿਲ ਜਾਂਦਾ ਹੈ। ਸੱਜਣੋ ਰੱਬ ਕੋਈ ਗੁਰਦੁਆਰਿਆਂ, ਮੰਦਰਾਂ ਜਾਂ ਮਸੀਤਾਂ ਜਾਂ ਗਿਰਜਾ ਘਰਾਂ ਵਿਚ ਨਹੀਂ ਹੈ ਤੇ ਨਾ ਹੀ ਰੱਬ ਅਖੌਤੀ ਸਾਧਾਂ ਦੇ ਡੇਰਿਆਂ 'ਚ ਹੈ। ਜੇ ਰੱਬ ਕਿਤੇ ਹੈ ਤਾਂ ਸਿਰਫ ਮਾਂ-ਬਾਪ ਦੇ ਰੂਪ ਵਿਚ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਕਿਉਂਕਿ ਪ੍ਰਮਾਤਮਾ ਆਪ ਹਰ ਵੇਲੇ ਹਰ ਥਾਂ ਤੇ ਨਹੀਂ ਪਹੁੰਚ ਸਕਦਾ, ਇਸੇ ਲਈ ਉਸਨੇ ਆਪਣਾ ਅੰਸ਼ ਮਾਂ-ਬਾਪ ਦੇ ਰੂਪ ਵਿਚ ਸਾਨੂੰ-ਤੁਹਾਨੂੰ ਸਭ ਨੂੰ ਦਿੱਤਾ ਹੈ।

ਪਰ ਜਿਵੇਂ ਸਿਆਣੇ ਕਹਿੰਦੇ ਹਨ ਕਿ, 'ਜੋ ਚੀਜ਼ ਮੁਫਤ ਵਿਚ ਮਿਲ ਜਾਂਦੀ ਹੈ, ਉਸਦੀ ਕਈ ਵਾਰ ਕਦਰ ਨਹੀਂ ਹੁੰਦੀ।' ਕੀ ਅੱਜ ਅਸੀਂ ਇੰਨਾ ਗਿਰ ਗਏ ਹਾਂ ਕਿ ਆਪਣੇ ਮਾਂ-ਬਾਪ ਦੇ ਹੀ ਦੁਸ਼ਮਣ ਬਣ ਬੈਠੇ ਹਾਂ? ਅੱਜ ਟੀ. ਵੀ., ਅਖ਼ਬਾਰ, ਇੰਟਰਨੈਟ ਹਰ ਪਾਸੇ ਪੁੱਤਰਾਂ ਵੱਲੋਂ ਮਾਂ ਨੂੰ ਮਾਰਨ, ਬਾਪ ਨੂੰ ਮਾਰਨ ਜਿਹੀਆਂ ਘਟੀਆ ਖ਼ਬਰਾਂ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ। ਪਿਆਰੇ ਸੱਜਣੋ, ਜਿਵੇਂ ਹੱਥ ਦੀ ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ, ਉਵੇਂ ਹੀ ਸਾਰੇ ਧੀਆਂ-ਪੁੱਤਰ ਵੀ ਅਕ੍ਰਿਤਘਣ ਨਹੀਂ ਹਨ। ਅੱਜ ਵੀ ਬਹੁਤ ਅਜਿਹੇ ਘਰਾਂ ਦੀਆਂ ਮਿਸਾਲਾਂ ਹਨ, ਜਿੱਥੇ ਮਾਂ-ਬਾਪ ਦਾ ਰੱਬ ਜਿੰਨਾ ਸਤਿਕਾਰ ਕੀਤਾ ਜਾਂਦਾ ਹੈ। ਅੱਜ ਸਮਾਜ ਦੇ ਨਿਘਾਰ ਦਾ ਵੀ ਪ੍ਰਮੁੱਖ ਕਾਰਨ ਘਰਾਂ ਅੰਦਰ ਮਾਂ-ਬਾਪ ਨਾਲ ਕੀਤਾ ਜਾਣ ਵਾਲਾ ਕਲੇਸ਼ ਹੀ ਹੈ। ਜਦੋਂ ਨਿੱਕੇ-ਨਿੱਕੇ ਬੱਚੇ ਆਪਣੇ ਘਰਾਂ ਅੰਦਰ ਆਪਣੇ ਮਾਂ-ਬਾਪ ਨੂੰ ਦਾਦਾ-ਦਾਦੀ ਜਾਂ ਨਾਨਾ-ਨਾਨੀ ਨਾਲ ਬਦਸਲੂਕੀ ਕਰਦਿਆਂ ਦੇਖਦੇ ਹਨ ਤਾਂ ਉਹੋ ਕੁਝ ਹੀ ਉਹ ਵੱਡੇ ਹੋ ਕੇ ਆਪਣੇ ਮਾਂ-ਬਾਪ ਨਾਲ ਕਰਦੇ ਹਨ। ਇੱਥੇ ਤਾਂ ਕਰਮਾਂ ਦੇ ਨਿਬੇੜੇ ਹੋਣੇ ਹਨ, ਜੋ ਵੀ ਅਸੀਂ ਬੀਜ ਬੀਜਾਂਗੇ ਉਹੋ ਜਿਹੀ ਹੀ ਫਸਲ ਵੱਢਣੀ ਪੈਣੀ ਹੈ।

ਮੈਂ ਕੋਈ ਫਿਲਾਸਫਰ ਨਹੀਂ ਪਰ ਹਾਂ ਮੈਂ ਆਪਣੇ ਮਾਂ-ਬਾਪ ਦਾ ਤਹਿ ਦਿਲੋਂ ਸਤਿਕਾਰ ਜ਼ਰੂਰ ਕਰਦਾ ਹਾਂ। ਜਦੋਂ ਘਰ ਅੰਦਰ ਮਾਂ-ਬਾਪ ਮੌਜੂਦ ਹੋਣ ਤਾਂ ਕੋਈ ਵੀ ਫਿਕਰ ਨਹੀਂ ਹੁੰਦਾ। ਪ੍ਰਮਾਤਮਾ ਦੀਆਂ ਅਸੀਮ ਮਿਹਰਾਂ ਹੁੰਦੀਆਂ ਹਨ, ਕਿਉਂਕਿ ਜਦੋਂ ਘਰ ਅੰਦਰ ਮਾਂ ਬਾਪ ਖੁਸ਼ ਹੋਣਗੇ ਤਾਂ ਪ੍ਰਮਾਤਮਾ ਵੀ ਖੁਸ਼ ਹੋਵੇਗਾ ਤੇ ਉਸ ਘਰ ਵਿਚ ਬਰਕਤ ਹੀ ਬਰਕਤ ਹੋਵੇਗੀ। ਜਿਹੜੇ ਲੋਕ ਆਪਣੇ ਮਾਂ-ਬਾਪ, ਸੱਸ-ਸਹੁਰੇ ਜਾਂ ਬਜ਼ੁਰਗਾਂ ਦਾ ਸਤਿਕਾਰ ਨਹੀਂ ਕਰਦੇ, ਉਹਨਾਂ ਤੋਂ ਵੱਡਾ ਬਦਕਿਸਮਤ ਹੋਰ ਕੋਈ ਇਸ ਦੁਨੀਆਂ ਤੇ ਨਹੀਂ ਹੋ ਸਕਦਾ। ਅਜਿਹੇ ਲੋਕ ਸਾਰੀ ਉਮਰ ਧੱਕੇ ਹੀ ਖਾਂਦੇ ਹਨ।

ਛੋਟੀ ਉਮਰੇ ਇਕ ਕਹਾਣੀ ਪੜ੍ਹਿਆ ਕਰਦੇ ਸੀ ਕਿ, ''ਕਿਸੇ ਪਿੰਡ ਵਿਚ ਇਕ ਬਜ਼ੁਰਗ ਜੋੜਾ ਆਪਣੇ ਪੁੱਤਰ ਤੇ ਉਸਦੇ ਪਰਿਵਾਰ ਨਾਲ ਰਹਿੰਦਾ ਸੀ। ਉਹ ਨੂੰਹ ਤੇ ਪੁੱਤਰ ਆਪਣੇ ਬਜ਼ੁਰਗਾਂ ਨੂੰ ਬਹੁਤ ਤੰਗ ਕਰਦੇ ਸਨ। ਗੰਦੇ ਭਾਂਡੇ ਵਿਚ ਰੋਟੀ ਪਾਣੀ ਦਿੰਦੇ ਸਨ ਤੇ ਮੈਲੇ-ਕੁਚੈਲੇ ਕੱਪੜੇ। ਉਸ ਘਰ ਦਾ ਬੱਚਾ ਇਕ ਦਿਨ ਉਹ ਗੰਦੇ ਭਾਂਡੇ ਤੇ ਮੈਲੇ ਕੁਚੈਲੇ ਕੱਪੜੇ ਚੁੱਕ ਲਿਆਉਂਦਾ ਹੈ। ਮਾਂ-ਬਾਪ ਪੁੱਛਦੇ ਹਨ ਕਿ ਉਹ, ਉਹਨਾਂ ਗੰਦੇ ਭਾਂਡਿਆਂ ਤੇ ਕੱਪੜਿਆਂ ਦਾ ਕੀ ਕਰੇਗਾ?

ਬੱਚਾ ਆਪਣੇ ਮਾਂ-ਬਾਪ ਨੂੰ ਉਤਰ ਵਿਚ ਇਹ ਕਹਿੰਦਾ ਹੈ ਕਿ ਮੈਂ ਇਹ ਭਾਂਡੇ ਤੇ ਕੱਪੜੇ ਤੁਹਾਡੇ ਲਈ ਸਾਂਭ ਕੇ ਰੱਖਣੇ ਹਨ।'' ਅਜਿਹੀਆਂ ਕਈ ਕਹਾਣੀਆਂ, ਗੀਤ, ਕਥਾਵਾਂ ਹਨ ਜੋ ਸਾਨੂੰ ਰੱਬ ਰੂਪ ਮਾਪਿਆਂ ਦੀ ਨਿਰਾਦਰੀ ਤੋਂ ਵਰਜਦੇ ਹਨ।''

ਮਾਂ ਹੁੰਦੀ ਏ ਮਾਂ ਓ ਦੁਨੀਆਂ ਵਾਲਿਓ
ਰੱਬ ਦਾ ਦੂਜਾ ਨਾਂ ਓ ਦੁਨੀਆਂ ਵਾਲਿਓ

ਅੰਤ ਵਿਚ ਮੈਂ ਤਾਂ ਹਰ ਇਕ ਪਾਠਕ ਨੂੰ ਹੱਥ ਜੋੜ ਕੇ ਇਹੀ ਬੇਨਤੀ ਕਰਾਂਗਾ ਕਿ ਜੇ ਅਸੀਂ ਆਪਣਾ ਤੇ ਆਪਣੇ ਬੱਚਿਆਂ ਦਾ ਭਲਾ ਲੋਚਦੇ ਹਾਂ ਤਾਂ ਜ਼ਰੂਰ ਹੀ ਸਾਨੂੰ ਆਪਣੇ ਮਾਂ-ਬਾਪ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਜਿਹੜੀਆਂ ਅਸੀਸਾਂ ਮਾਂ-ਬਾਪ ਦੇ ਮੂੰਹੋਂ ਨਿਕਲਦੀਆਂ ਹਨ, ਉਹਨਾਂ ਅਸੀਸਾਂ ਦੀ ਸਾਨੂੰ ਸਭ ਨੂੰ ਬੇਹੱਦ ਜ਼ਰੂਰਤ ਹੈ। ਸਿਆਣੇ ਕਹਿੰਦੇ ਹਨ ਕਿ ''ਪੁੱਤ ਚਾਹੇ ਕਪੁੱਤ ਹੋ ਜਾਣ, ਮਾਪੇ ਕੁਮਾਪੇ ਨਹੀਂ ਹੁੰਦੇ।'' ਸੋ ਆਓ ਅਸੀਂ ਵੀ ਸਾਰੇ ਇਹ ਪ੍ਰਣ ਕਰੀਏ ਕਿ ਆਪਣੇ ਮਾਂ-ਬਾਪ ਦਾ ਦਿਲ ਕਦੀ ਨਾ ਦੁਖਾਈਏ।

ਹਾਂ, ਅਸੀਂ ਪਦਾਰਥਵਾਦੀ ਇਨਸਾਨ ਹਾਂ, ਥੋੜ੍ਹੇ-ਬਹੁਤ ਮਨ ਮੁਟਾਵ ਤਾਂ ਕਈ ਵਾਰ ਹੋ ਸਕਦੇ ਹਨ ਪਰ ਇਸਦਾ ਮਤਲਬ ਹਰਗਿਜ਼ ਵੀ ਮਾਂ-ਬਾਪ ਦਾ ਅਨਾਦਰ ਕਰਨਾ ਨਹੀਂ ਹੈ। ਦੁਨੀਆਂ ਵਿਚ ਮਾਂ-ਬਾਪ ਦਾ ਰਿਸ਼ਤਾ ਹੀ ਅਜਿਹਾ ਰਿਸ਼ਤਾ ਹੈ ਜੋ ਕਿ ਹਰ ਪਲ ਸਾਡੀ ਸੁੱਖ ਲੋੜਦਾ ਹੈ ਤੇ ਉਹ ਵੀ ਬਿਨਾਂ ਕਿਸੇ ਸਵਾਰਥ ਦੇ। ਬਾਕੀ ਸਭ ਰਿਸ਼ਤੇ ਚਾਹੇ ਉਹ ਭੈਣ, ਭਰਾ, ਚਾਚੇ, ਤਾਏ, ਦੋਸਤ, ਰਿਸ਼ਤੇਦਾਰ ਆਦਿ ਹੋਣ, ਕਿਸੇ ਨਾ ਕਿਸੇ ਸੁਆਰਥ ਦੀ ਤੰਦ ਵਿਚ ਪਰੋਏ ਹੁੰਦੇ ਹਨ। ਸਿਰਫ ਮਾਂ-ਬਾਪ ਹੀ ਹਨ ਜੋ ਕਿ ਸੱਚੇ ਦਿਲੋਂ ਹਰ ਦੁੱਖ-ਸੁੱਖ ਵਿਚ ਸਾਡੇ ਲਈ ਅਰਦਾਸਾਂ ਕਰਦੇ ਹਨ ਤੇ ਆਪਣੇ ਬੱਚਿਆਂ ਦਾ ਭਲਾ ਲੋੜਦੇ ਹਨ:

''ਮਾਪਿਆਂ ਦਾ ਦਿਲ ਨਾ ਦੁਖਾਇਓ ਸੁਹਣਿਓ,
ਲੱਭੀ ਹੋਈ ਚੀਜ਼ ਨਾ ਗਵਾਇਓ ਸੋਹਣਿਓ।

## ਕੌਮੀ ਗੈਰਤਾਂ ਅਲੋਪ?

ਭ੍ਰਿਸ਼ਟਾਚਾਰੀਆਂ ਢੀਠਾਂ ਦੀ ਸੰਗ ਲੱਥੀ
ਸ਼ਰਮਾਂ ਆਂਉਦੀਆਂ ਆਂਉਦੀਆਂ ਰੁਕ ਗਈਆਂ।
ਲੁੱਚੇ ਗੁੰਡਿਆਂ ਕਰੀ ਘੁਸਪੈਠ ਹਰ ਥਾਂ
ਅਣਖਾਂ ਵਾਲੀਆਂ ਅੱਖੀਆਂ ਝੁੱਕ ਗਈਆਂ।
ਵੋਟਾਂ ਆਉਣ ਤੇ ਨਵੇਂ ਹੀ ਪਾਉਣ ਪੰਗੇ
ਲੋਕ-ਰਾਜ ਪ੍ਰਣਾਲੀਆਂ ਠੁੱਕ ਗਈਆਂ।
ਸੁਪਨੇ ਲਏ ਸੀ ਜਿਨ੍ਹਾਂ ਤਬਦੀਲੀਆਂ ਦੇ
ਲੂਣ ਉਨ੍ਹਾਂ ਦੇ ਜ਼ਖਮਾਂ ਤੇ ਭੁੱਕ ਗਈਆਂ।
ਜਨਤਾ ਜਿਨ੍ਹਾਂ ਜਗਾਉਣੀ ਸੀ ਗਫਲਤਾਂ 'ਚੋਂ
ਧਿਰਾਂ ਆਪਣੇ ਫਰਜਾਂ ਤੋਂ ਉਕ ਗਈਆਂ।
ਧੋਖਾ, ਕਪਟ, ਖੁਦਗਰਜੀਆਂ ਆਮ ਹੋਈਆਂ
ਕੌਮੀ ਗੈਰਤਾਂ ਰਗਾਂ 'ਚੋਂ ਮੁੱਕ ਗਈਆਂ!



ਤਰਲੋਚਨ ਸਿੰਘ 'ਦੁਪਾਲਪੁਰ
(001-408-915-1268)

# 'ਓਦੋ ਅਤੇ ਹੁਣ'



ਆਸਵੰਤ ਕੌਰ ਗਿੱਲ
ਐਮ. ਏ (ਅਰਥ ਸ਼ਾਸਤਰ) ਐਮ. ਏਡ)

'ਮਾਮਾ ,ਬੱਚਿਆਂ ਨੂੰ ਛੁਟੀਆਂ ਹੋ ਗਈਆਂ ਹਨ ਤੇ ਤੁਸੀਂ ਅਮਰੀਕਾ ਨੂੰ ਹੀ ਘਰ ਬਣਾ ਕੇ ਬਹਿ ਗਏ ਲਗਦੇ ਹੋ। ਮੇਰਾ ਵੀ ਕੁਛ ਸੋਚੋ;

ਮਾਂ ਮੈਂ ਕਿਸ ਤਰਾਂ 'ਮੈਨੇਜ' ਕਰਾਂਗੀ? ਬੱਚਿਆਂ ਨੂੰ ਛੁੱਟੀਆਂ ਹੋ ਗਈਆਂ ਹਨ, ਕੀ ਕਰਨਗੇ ਬਚੇ ਡੇਢ ਮਹੀਨਾ ਘਰ ਵਿਚ ਇਕੱਲੇ ਅਤੇ ਵੇਹਲੇ?' ਇੰਡੀਆ ਤੋ ਮੇਰੀ ਡਾਕਟਰ ਧੀ ਦਾ ਫੋਨ ਸੀ ਜੋ ਕਿ ਮੈਨੂੰ ਜਲਦੀ ਤੋ ਜਲਦੀ ਵਾਪਸ ਦੇਸ ਪਰਤ ਜਾਣ ਦੀ ਤਕੀਦ ਕਰ ਰਹੀ ਸੀ ਤਾਂ ਕਿ ਉਸਦੀਆਂ ਦੋਨੋ ਬਚੀਆਂ ਕੋਲ ਰਹਿ ਕੇ ਮੈਂ ਉਹਨਾਂ ਦੀਆਂ ਗਰਮੀ ਦੀਆਂ ਛੁੱਟੀਆਂ ਕਟਾ ਸਕਾਂ।

ਮੈਂ ਜਾਣਦੀ ਸੀ ਕੀ ਜੇ ਮੈਂ ਆਪਣੀ ਧੀ ਨੂੰ ਕਿਹਾ ਕਿ ਉਹ ਕੁਝ ਦਿਨ ਛੁੱਟੀਆਂ ਲੈ ਲਵੇ ਅਤੇ ਬੱਚਿਆਂ ਨੂੰ ਲੈ ਕੇ ਕਿਸੇ ਪਾਸੇ ਘੁੰਮ।

ਫਿਰ ਆਉਣ, ਤਾਂ ਜਵਾਬ ਵਿਚ ਉਸ ਖਿਝ ਕੇ ਆਪਣੇ ਵਿਭਾਗ ਨੂੰ ਹੀ ਬੁਰਾ ਭਲਾ ਕਹਿ ਦੇਣਾ ਸੀ ਜਿਹੜਾ ਕੰਮ ਤਾਂ ਬਹੁਤ ਲੈਂਦਾ ਸੀ ਪਰ ਡਾਕਟਰਾਂ ਨੂੰ ਛੁਟੀ ਦੇਣ ਲੱਗੇ ਬੇਹੱਦ ਕੰਜੂਸੀ ਕਰਦਾ ਸੀ।

"ਬੇਟਾ ਜਦ ਤਕ ਮੈਂ ਨਹੀਂ ਆਉਂਦੀ ਇਨ੍ਹਾ ਨੂੰ ਕੋਈ ਕਲਾਸਾਂ 'ਜੁਆਇਨ' ਕਰਾ ਦੇ" ਮੈ ਕਹਿੰਦੇ ਕਹਿੰਦੇ ਰੁਕ ਗਈ ਕਿਉਕਿ ਪਿਛਲੇ ਸਾਲ ਵੀ ਬੱਚਿਆਂ ਨੇ ਸਾਰੀਆਂ ਛੁੱਟੀਆਂ ਸੰਗੀਤ ਕਲਾਸਾਂ ਹੀ ਲਾਈਆਂ ਸੀ।

ਛੁੱਟੀਆਂ ਵਿਚ ਸ਼ਹਿਰੀ ਬੱਚੇ ਕੋਈ ਨਾ ਕੋਈ ਕਲਾਸਾਂ ਲਾ ਲੈਂਦੇ ਹਨ, ਜਿਥੇ ਉਹ ਤੈਰਨਾ, ਚਿੱਤਰਕਾਰੀ, ਨੱਚਣਾ ਗਾਉਣਾ ਸਿੱਖਦੇ ਹਨ। ਇਨ੍ਹਾਂ 'ਕਲਾਸਾਂ' ਦੇ ਬੜੇ ਫਾਇਦੇ ਹਨ- ਬੱਚੇ ਗੁਣ ਵੀ ਸਿੱਖਦੇ ਹਨ ਅਤੇ ਮਾਂ ਬਾਪ ਨੂੰ ਚਿੰਤਾ ਵੀ ਨਹੀਂ ਰਹਿੰਦੀ ਕੀ ਉਨਾਂ ਦੀ ਵਿਆਸਤਤਾ ਕਰਨ ਬੱਚੇ 'ਬੋਰ' ਹੋ ਰਹੇ ਅਤੇ ਉਹਨਾਂ ਦੀਆਂ ਛੁੱਟੀਆਂ ਬਰਬਾਦ ਹੋ ਰਹੀਆਂ ਹਨ।

ਪਰ ਮੇਰੀ ਲਾਡੋ ਧੀ ਜੋਕਿ ਇਕ ਬਹੁਤ ਹੀ ਕਾਬਲ ਡਾਕਟਰ ਹੋਣ ਦੇ ਨਾਲ ਨਾਲ ਇਕ ਬਹੁਤ ਹੀ ਪਿਆਰ ਕਰਨ ਵਾਲੀ ਮਾਂ ਵੀ ਹੈ ਅਤੇ ਹਮੇਸ਼ਾ ਆਪਣੀਆਂ ਧੀਆਂ ਨੂੰ ਬਹੁਤ ਹੀ ਜਾਣਕਾਰੀ ਤੇ ਵਧੀਆ ਬਚਪਨ ਦੇਣਾ ਚਾਹੁੰਦੀ ਹੈ।

ਹਰ ਛੁੱਟੀਆਂ ਵਿਚ ਉਹ ਉਹਨਾਂ ਨੂੰ ਕੁਝ ਨਵਾਂ ਦੇਣਾ ਚਾਹੁੰਦੀ ਹੈ। ਉਹ ਹਰ ਵੇਲੇ ਵਿਉਂਤਾਂ ਹੀ ਬਣਾਉਂਦੀ ਰਹਿੰਦੀ ਹੈ ਕੀ ਉਸਦੀਆਂ ਬੱਚੀਆਂ ਦੀਆਂ ਛੁੱਟੀਆਂ ਵਿਚ ਕੀ ਖਾਸ ਹੋਵੇ ਕਿ ਜਿਸਨੂੰ ਓਹ ਹਮੇਸ਼ਾ ਹੀ ਯਾਦ ਰੱਖਣ ਅਤੇ ਜੋ ਉਨ੍ਹਾਂ ਦੀ ਆਉਣ ਵਾਲੀ ਜਿੰਦਗੀ ਵਿਚ ਵੀ ਉਹਨਾਂ ਨੂੰ ਸੁਖ ਦਾ ਅਹਿਸਾਸ ਕਰਾਉਂਦਾ ਰਹੇ।

ਐਸਾ ਕੀ ਕੀਤਾ ਜਾਵੇ ਜਿਸਤੋ ਉਹਨਾਂ ਦੇ ਮਨੋਰੰਜਨ ਦੇ ਨਾਲ ਨਾਲ ਉਹਨਾਂ ਦਾ ਸਰੀਰਕ ਅਤੇ ਬੋਧਿਕ ਵਿਕਾਸ ਵੀ ਹੋਵੇ ਕਿਉਕਿ ਉਸਦਾ ਡਾਕਟਰੀ ਪੇਸ਼ਾ ਉਸਨੂੰ ਬਹੁਤ ਵਿਅਸਤ ਰੱਖਦਾ ਹੈ ਉਸਦੀ ਇਹ ਖਵਾਹਿਸ਼ ਪੂਰੀ ਕਰਨ ਵਿਚ ਰੁਕਾਵਟ ਬਣਦਾ ਹੈ, ਮੈਂ ਉਸਦਾ ਸਹਿਯੋਗ ਦਿੰਦੀ ਹਾਂ। ਕੰਮਕਾਜੀ ਮਹਿਲਾ ਦੀਆਂ ਖਵਾਹਿਸ਼ਾਂ ਅਤੇ ਮਜਬੂਰੀਆਂ ਦਾ ਟਾਕਰਾ ਕਿੰਨਾ ਦੁਖਦਾਈ ਹੁੰਦਾ ਹੈ ਮੈਂ ਖੁਦ ਜਾਣਿਆ ਅਤੇ ਭੁਗਤਿਆ ਹੈ।

ਹਾਲਾਂਕਿ ਮੇਰੀ ਪਿਆਰੀ ਮਾਂ ਨੇ ਹੀ ਮੇਰੇ ਬੱਚੇ ਪਾਲੇ ਅਤੇ ਬਹੁਤ ਹੀ ਵਧੀਆ ਪਾਲੇ ਕਿਉਕਿ ਉਹ ਆਪ ਬਹੁਤ ਹੀ ਸੁਲਝੀ ਹੋਈ ਅਤੇ ਪੜ੍ਹੀ ਲਿਖੀ ਔਰਤ ਸਨ। ਪਰ ਮੇਰੇ ਮਨ ਵਿਚ ਹਮੇਸ਼ਾ ਇਹ ਦੁਖਦਾਈ ਅਹਿਸਾਸ ਰਿਹਾ ਕਿ ਮੈਂ ਆਪਣੇ ਬੱਚਿਆਂ ਨੂੰ ਜਿੰਨਾ ਸਮਾਂ ਦੇਣਾ ਚਾਹੁੰਦੀ ਸੀ ਆਪਣੀ ਨੌਕਰੀ ਦੀ ਵਜਾ ਨਾਲ ਨਹੀਂ ਦੇ ਸਕੀ। ਬੇਟੀ ਦੇ ਕਹਿਣ ਤੇ ਮੈਂ ਦੇਸ਼ ਵਾਪਸ ਜਾਣ ਦੀ ਤਿਆਰੀ ਕਰਨ ਲੱਗੀ ਅਤੇ ਨਾਲ ਨਾਲ 50 ਸਾਲ ਪੁਰਾਣੀਆਂ ਆਪਣੇ ਬਚਪਨ ਦੀਆਂ ਯਾਦਾਂ ਵਿਚ ਗੁਆਚ ਗਈ। ਚੇਤਾ ਆਇਆ ਕਿ ਸਾਡੇ ਮਾਪਿਆਂ ਨੂੰ ਤੇ ਸਾਡੀਆਂ ਛੁੱਟ।

# ਪਿੰਡ ਮਜ਼ਾਰਾ ਡਿੰਗਰੀਆਂ ਵਿਖੇ ਅੰਬੇਦਕਰ ਸੈਨਾ ਪੰਜਾਬ ਦੇ ਅਹੁੱਦੇਦਾਰਾਂ ਦੀ ਮੀਟਿੰਗ

## ਸੈਨਾ ਵਲੋਂ ਦੁਸਹਿਰੇ ਮੌਕੇ ਰਾਵਣ ਦੇ ਬੁੱਤ ਸਾੜਨ ਦਾ ਤਿੱਖਾ ਵਿਰੋਧ ਕਰਨ ਦਾ ਐਲਾਨ

**(ਸ਼ਿਵ ਕੁਮਾਰ ਬਾਵਾ)**

ਮਾਹਿਲਪੁਰ- ਅੰਬੇਦਕਰ ਸੈਨਾ ਪੰਜਾਬ ਦੀ ਇਕ ਭਰਵੀਂ ਮੀਟਿੰਗ ਇਥੋਂ ਲਾਗਲੇ ਪਿੰਡ ਮਜ਼ਾਰਾ ਡਿੰਗਰੀਆਂ ਵਿਖੇ ਸੂਬਾ ਕਮੇਟੀ ਮੈਂਬਰ ਕੁਲਵੰਤ ਭੂੰਨੋ ਦੀ ਅਗਵਾਈ ਵਿਚ ਹੋਈ ਜਿਸ ਵਿਚ ਸੈਨਾ ਨਾਲ ਸਬੰਧਤ ਚੱਬੇਵਾਲ, ਮਾਹਿਲਪੁਰ ਅਤੇ ਸੈਲਾਖੁਰਦ ਇਲਾਕੇ ਦੇ ਨੋਜ਼ਵਾਨਾਂ ਵਲੋਂ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸਮੂਹ ਅਹੁੱਦੇਦਾਰਾਂ ਅਤੇ ਵਰਕਰਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕੁਲਵੰਤ ਭੂੰਨੋ ਨੇ ਆਖਿਆ ਕਿ ਅੰਬੇਦਕਰ ਸੈਨਾ ਪੰਜਾਬ ਇਸ ਵਾਰ ਦੁਸਹਿਰੇ ਵਾਲੇ ਦਿਨ ਮਹਾਨ ਬੁੱਧੀਜੀਵੀ ਅਤੇ ਆਪਣੇ ਸਮੇਂ ਦੇ ਮਹਾਨ ਰਾਜਾ ਰਾਵਣ ਦੇ ਬੁੱਤਾਂ ਨੂੰ ਕਿਸੇ ਵੀ ਸ਼ਹਿਰ ਵਿਚ ਸਾੜਨ ਨਹੀਂ ਦਿੱਤਾ ਜਾਵੇਗਾ। ਉਹਨਾ ਕਿਹਾ ਕਿ ਉਹ ਸਾਰੇ ਧਰਮਾਂ ਦਾ ਸਤਿਕਾਰ ਕਰਦੇ ਹਨ ਪ੍ਰੰਤੂ ਕੁੱਝ ਲੋਕ ਆਪਣੇ ਜ਼ਮਾਨੇ ਦੀ ਮਹਾਨ ਸ਼ਖਸ਼ੀਅਤ ਅਤੇ ਉਸਦੇ ਸਾਥੀਆਂ ਦੇ ਆਦਮ ਕੱਦ ਬੁੱਤ ਬਣਾਕੇ ਉਹਨਾਂ ਨੂੰ ਸਾੜਕੇ ਉਹਨਾਂ ਦਾ ਅਪਮਾਨ ਕਰਦੇ ਹਨ । ਉਹਨਾਂ ਕਿਹਾ ਕਿ ਸਾਨੂੰ ਅਜਿਹੀ ਸ਼ਖਸ਼ੀਅਤ ਬਾਰੇ ਅਜਿਹੇ ਸੋੜੀ ਸੋਚ ਵਾਲੇ ਕੰਮ ਨਹੀਂ ਕਰਨੇ ਚਾਹੀਦੇ। ਧਾਰਮਿਕ ਵੇਦਾਂ ਵਿਚ ਵੀ ਖੁਦ ਰਾਮ ਸਮੇਤ ਹੋਰਾਂ ਵਲੋਂ ਰਾਵਣ ਨੂੰ ਮਹਾਨ ਯੋਧਾ ਅਤੇ ਬੁੱਧੀਜੀਵੀ ਲਿਖਿਆ ਗਿਆ ਹੈ ਤੇ ਫਿਰ ਅਜਿਹਾ ਕਿਉਂ ਕੀਤਾ ਜਾ ਰਿਹਾ ਹੈ। ਉਚ ਜਾਤਿ ਦੇ ਲੋਕ ਬੁੱਤਾਂ ਨੂੰ ਅੱਗ ਲਗਾਉਣ ਤੋਂ ਇਲਾਵਾ ਉਸ ਸਮੇਂ ਘਟੀਆ ਪੱਧਰ ਦੀ ਸ਼ਬਦਾਵਲੀ ਅਤੇ ਨਾਅਰੇਬਾਜੀ ਕਰਕੇ ਦੂਸਰੀਆਂ ਜਾਤਾਂ ਦੇ ਲੋਕਾਂ ਦਾ ਅਪਮਾਨ ਕਰਦੇ ਹਨ। ਉਹਨਾਂ ਦੱਸਿਆ ਕਿ ਅੰਬੇਡਕਰ ਸੈਨਾ ਪੰਜਾਬ ਵਲੋਂ ਇਸ ਸਬੰਧ ਵਿਚ ਦੁਸਹਿਰੇ ਤੋਂ ਪਹਿਲਾਂ ਪੰਜਾਬ ਪੱਧਰ ਤੇ ਪਿੰਡਾਂ ਵਿਚ ਲੋਕਾਂ ਨਾਲ ਮੀਟਿੰਗਾ ਕੀਤੀਆਂ ਜਾ ਰਹੀਆਂ ਹਨ । ਇਸ ਸਬੰਧੀ ਸੈਨਾ ਵਲੋਂ ਪੰਜਾਬ ਦੇ ਮੁੱਖ ਮੰਤਰੀ, ਡੀ ਜੀ ਪੀ ਤੋਂ ਇਲਾਵਾ ਸੂਬੇ ਦੇ ਹਰਇਕ ਜਿਲ੍ਹੇ ਦੇ ਡਿਪਟੀ ਕਮਿਸ਼ਨਰਾਂ, ਤਹਿਸੀਲ ਪੱਧਰ ਤੇ ਐਸ ਡੀ ਐਮਜ਼ ਨੂੰ ਲਿਖਤੀ ਪੱਤਰ ਕੱਢੇ ਗਏ ਹਨ।ਇਹਨਾਂ ਪੱਤਰਾਂ ਵਿਚ ਅੰਬੇਦਕਰ ਸੈਨਾ ਵਲੋਂ ਸਾਫ ਕਿਹਾ ਗਿਆ ਹੈ ਕਿ ਕੁੱਝ ਲੋਕਾਂ ਦੇ ਦੁਸਹਿਰੇ ਮੌਕੇ ਮਹਾਨ ਬੁੱਧੀਜੀਵੀ ਰਾਜੇ ਰਾਵਣ ਦੇ ਬੁੱਤਾਂ ਨੂੰ ਸਾੜਕੇ ਧਾਰਮਿਕ ਭਾਵਾਂ ਨੂੰ ਠੇਸ ਪਹੁੰ-ਚਾਈ ਜਾ ਰਹੀ ਹੈ। ਉਹਨਾ ਕਿਹਾ ਕਿ ਸੈਨਾ ਰਾਵਣ ਨੂੰ ਬਣਦਾ ਸਨਮਾਨ ਦਿਵਾਉਣ ਲਈ ਲੋਕਾਂ ਨੂੰ ਜਾਗ੍ਰਿਤ ਕਰ ਰਹੀ ਹੈ। ਉਹਨਾ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਅਤੇ ਪ੍ਰਸ਼ਾਸ਼ਨ ਵਲੋਂ ਅਜਿਹੇ ਲੋਕਾਂ ਨੂੰ ਅਜਿਹਾ ਕਰਨ ਤੋਂ ਨਾ ਰੋਕਿਆ ਗਿਆ ਤਾਂ ਉਹ ਤਿੱਖਾ ਸੰਘਰਸ਼ ਕਰਨ ਲਈ ਮਜ਼ਬੂਰ ਹੋਣਗੇ, ਜਿਸਦੀ ਜਿਮੇਵਾਰ ਸਰਕਾਰ ਖੁਦ ਹੋਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਰਵੀ ਬੌਧ ਬਿਲਾਸਪੁਰ, ਮਨਜਿੰਦਰ ਹੱਲੂਵਾਲ, ਬਲਵਿੰਦਰ ਮਰਵਾਹਾ, ਸੰਨੀ ਕਰਾੜੀਆ, ਹਰਪ੍ਰੀਤ ਮਾਹਿਲਪੁਰ, ਅਵਤਾਰ ਮਸਾਣੀ, ਮਨਪ੍ਰੀਤ ਮਜ਼ਾਰਾ ਡਿੰਗਰੀਆਂ, ਪ੍ਰਦੀਪ ਕੁਮਾਰ, ਸੈਂਡੀ ਨਰਿਆਲਾ, ਜਤਿੰਦਰ ਸਿੰਘ, ਮਦਨ ਭੇੜੂਆ, ਰੋਹਿਤ ਹਵੇਲੀ, ਬਲਵਿੰਦਰ ਭੂੰਨੋਂ, ਦਲਜੀਤ ਸਿੰਘ, ਰਵੀ ਬੰਬੇਲੀ, ਸੁਨੀਲ ਬਿਲਾਸਪੁਰ, ਚੂੜ ਸਿੰਘ, ਮੋਹਣਾ ਹੱਲੂਵਾਲ, ਬਿੱਲਾ ਭੇੜੂਆ ਸਮੇਤ ਵੱਡੀ ਗਿਣਤੀ ਵਿਚ ਨੌਜਵਾਨ ਹਾਜ਼ਰ ਸਨ।



# ਉਡਣੇ ਸਿੱਖ ਮਿਲਖਾ ਸਿੰਘ ਨੂੰ ਹਰਾਉਣ ਵਾਲੇ ਅਰਜਨਾ ਐਵਾਰਡੀ ਅਥਲੀਟ ਸਵਰਗੀ ਮੱਖਣ ਸਿੰਘ ਦਾ ਪਰਿਵਾਰ ਗੁਰਬਤ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ

## ਦੋ ਨੌਜਵਾਨ ਲੜਕਿਆਂ ਦੀ ਬਿਮਾਰੀ ਕਾਰਨ ਮੌਤ, ਤੀਸਰਾ ਲੜਕਾ ਅਪਾਹਜ

**ਸ਼ਿਵ ਕੁਮਾਰ ਬਾਵਾ (95929 54007)**

ਅਰਜੁਨਾ ਐਵਾਰਡੀ ਦੌੜਾਕ ਅਤੇ ਉਡਣੇ ਸਿੱਖ ਮਿਲਖਾ ਸਿੰਘ ਨੂੰ ਇਕ ਮੁਕਾਬਲੇ ਵਿਚ ਹਰਵਾਉਂਣ ਵਾਲੇ ਮੱਖਣ ਸਿੰਘ ਦਾ ਪਰਿਵਾਰ ਉਸਦੀ ਮੌਤ ਤੋਂ ਬਾਅਦ ਆਪਣੇ ਘਰ ਵਿੱਚ ਨਰਕ ਭਰੀ ਜੀਉਂਣ ਲਈ ਮਜ਼ਬੂਰ ਹੈ। ਚੱਬੇਵਾਲ ਨਾਲ ਲਗਦੇ ਪਹਾੜੀ ਖਿੱਤੇ ਦੇ ਪਿੰਡ ਬਠੁੱਲਾ ਵਿਖੇ ਮੱਖਣ ਸਿੰਘ ਦੀ ਵਿਧਵਾ ਸੁਰਿੰਦਰ ਕੌਰ ਤਿੰਨ ਜ਼ਵਾਨ ਲੜਕਿਆਂ ਵਿਚੋਂ ਇਕ ਬਚੇ ਅਪਾਹਜ ਲੜਕੇ ਅਤੇ ਬਹੂ ਨਾਲ ਬੜੀ ਮੁਸ਼ਕਲ ਨਾਲ ਦਿਨ ਕਟੀ ਕਰ ਰਹੀ ਹੈ। ਸਰਕਾਰ ਵਲੋਂ ਦਿੱਤੀ ਜਾਂਦੀ ਪੈਨਸ਼ਨ ਵੀ ਪਿੱਛਲੇ ਕਈ ਸਾਲਾਂ ਤੋਂ ਬੰਦ ਹੋ ਚੁੱਕੀ ਹੈ। ਮੱਖਣ ਸਿੰਘ ਦੀ ਜਿਥੇ ਭਾਰਤੀ ਫੌਜ ਸਮੇਤ ਪੂਰੀ ਦੁਨੀਆਂ ਵਿਚ ਤੂਤੀ ਬੋਲਦੀ ਸੀ ਉਥੇ ਹੁਣ ਪਹਾੜੀ ਇਲਾਕੇ ਦੇ ਥੁੜ੍ਹਾਂ ਅਤੇ ਕਿਸਮਤ ਮਾਰੇ ਪਿੰਡ ਬਠੁੱਲਾ ਦੇ ਵਿਚਕਾਰ ਸਥਿੱਤ ਪਰਿਵਾਰ ਦੇ ਬਚਦੇ ਤਿੰਨ ਮੈਂਬਰਾਂ ਦੀ ਕੋਈ ਅਵਾਜ਼ ਨਹੀਂ ਸੁਣ ਰਿਹਾ। ਉਸਦੇ ਤਿੰਨ ਲੜਕਿਆਂ ਵਿਚੋਂ ਇੰਦਰਪਾਲ ਸਿੰਘ ਦੀ 1994 ਅਤੇ ਗੁਰਵਿੰਦਰ ਸਿੰਘ ਦੀ 2009 ਵਿਚ ਭਿਆਨਕ ਬਿਮਾਰੀ ਦੀ ਲਪੇਟ ਵਿਚ ਆਉਂਣ ਕਾਰਨ ਮੌਤ ਹੋ ਗਈ। ਦੋਵੇਂ ਲੜਕੇ 10+2 ਤੱਕ ਪੜ੍ਹੇ ਪ੍ਰੰਤੂ ਕਿਸਮਤ ਨੇ ਉਹਨਾਂ ਨੂੰ ਮੱਖਣ ਸਿੰਘ ਦੇ ਪਰਿਵਾਰ ਦਾ ਸਹਾਰਾ ਬਣਨ ਤੋਂ ਪਹਿਲਾਂ ਹੀ ਖੋਹ ਲਿਆ। ਉਸਦਾ ਤੀਸਰਾ ਲੜਕਾ ਪਰਮਿੰਦਰ ਸਿੰਘ ਸੋਢੀ ਬਚਪਨ ਵਿਚ ਅਧਿਰੰਗ ਦੀ ਬਿਮਾਰੀ ਕਾਰਨ ਇਕ ਬਾਂਹ ਅਤੇ ਜ਼ੁਬਾਨ ਗੁਵਾ ਬੈਠਾ। ਉਸਦੀ ਇਕ ਬਾਂਹ ਨਿਕਾਰਾ ਹੋ ਚੁੱਕੀ ਹੈ ਅਤੇ ਜੁਬਾਨ ਵਿਚੋਂ ਉਹ ਕਿਸੇ ਨਾਲ ਵੀ ਸਾਫ ਸ਼ਬਦਾਂ ਵਿਚ ਗੱਲ ਕਰਨ ਤੋਂ ਅਸਮਰੱਥ ਹੈ। ਉਹ ਹੁਸ਼ਿਆਰਪੁਰ ਬਲਾਕ ਇਕ ਬਲਾਕ ਵਿਕਾਸ ਅਤੇ ਪੰਚਾਇਤ ਵਿਭਾਗ ਵਿਚ 2500 ਰੁਪਏ ਮਾਸਿਕ ਤਨਖਾਹ ਤੇ ਬਤੌਰ ਸੇਵਾਦਾਰ ਵਜੋਂ ਕੱਚੀ ਨੌਕਰੀ ਕਰ ਰਿਹਾ ਹੈ।

ਪਿੰਡ ਬਠੁੱਲਾ ਵਿਖੇ ਆਪਣੇ ਘਰ ਪਿੰਡ ਦੇ ਸਰਪੰਚ ਕੁਲਵਿੰਦਰ ਸਿੰਘ ਅਤੇ ਪਰਵਾਸੀ ਭਾਰਤੀ ਜੋਗਾ ਸਿੰਘ ਬਠੁੱਲਾ ਦੀ ਹਾਜ਼ਰੀ ਵਿਚ ਪਰਮਿੰਦਰ ਸਿੰਘ ਸੋਢੀ ਅਤੇ ਉਸਦੀ ਪਤਨੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਦੁੱਖ ਉਹਨਾਂ ਦਾ ਸਾਥ ਨਹੀਂ ਛੱਡ ਰਹੇ। ਉਹ ਰੋਜਾਨਾਂ ਨਿੱਤ ਨਵੇਂ ਹਾਦਸਿਆਂ ਕਾਰਨ ਪੂਰੀ ਤਰ੍ਹਾਂ ਟੁੱਟ ਚੁੱਕੇ ਹਨ। ਉਸਨੇ ਦੱਸਿਆ ਕਿ ਉਸਦਾ ਪਿਤਾ ਮੱਖਣ ਸਿੰਘ ਸਿਰਫ ਸੱਤ ਜ਼ਮਾਤਾਂ ਪਾਸ ਸੀ। ਮਾਂ ਦੀ ਮੌਤ ਅਤੇ ਘਰ ਵਿਚ ਆਰਥਿਕ ਤੰਗੀ ਅਤੇ ਆਪਣੀ ਸਿਰਫ ਇਕ ਕਿੱਲਾ ਜ਼ਮੀਨ ਹੋਣ ਕਾਰਨ ਉਹ ਪਿੰਡੋਂ ਖੇਤੀ ਛੱਡਕੇ 1955 ਵਿਚ ਜਲੰਧਰ ਜਾ ਕੇ ਫੌਜ਼ ਵਿਚ ਭਰਤੀ ਗਿਆ। ਲੰਬੇ ਕੱਦ ਅਤੇ ਭਰਵੇਂ ਸਰੀਰ ਕਾਰਨ ਫੌਜ਼ ਵਾਲਿਆਂ ਨੇ ਉਸਨੂੰ ਭਰਤੀ ਕਰ ਲਿਆ। ਉਸਦੇ ਕਰੀਬੀ ਦੋਸਤ ਪਰਵਾਸੀ ਭਾਰਤੀ ਜੋਗਾ ਸਿੰਘ ਬਠੁੱਲਾ ਨੇ ਦੱਸਿਆ ਕਿ ਸਮੇਂ ਦੀਆਂ ਸਰਕਾਰਾਂ ਨੇ ਮੱਖਣ ਸਿੰਘ ਦੀ ਕੁਰਬਾਨੀ ਦਾ ਕੋਈ ਮੁੱਲ ਨਹੀਂ ਪਾਇਆ।

ਉਸਦੀਆਂ ਢੇਰ ਸਾਰੀਆਂ ਪ੍ਰਾਪਤੀਆਂ ਕਾਰਨ ਜਿਥੇ ਦੇਸ਼ ਦਾ ਨਾਮ ਦੁਨੀਆਂ ਵਿਚ ਚਮਕਿਆ ਉਥੇ ਪੰਜਾਬ ਦਾ ਸਿਰ ਉਚਾ ਚੁੱਕਣ ਵਿਚ ਉਸਨੇ ਆਪਣੀ ਸਾਰੀ ਤਾਕਤ ਦਾਅ ਤੇ ਲਗਾ ਦਿੱਤੀ। ਬਹੁਤ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂਆਂ ਅਤੇ ਮੰਤਰੀਆਂ ਨੇ ਉਸਦੀਆਂ ਪ੍ਰਾਪਤੀਆਂ ਤੇ ਪਰਿਵਾਰ ਨੂੰ ਆਰਥਿਕ ਸਹਿਯੋਗ ਦੇਣ ਦੇ ਬਾਅਦੇ ਤਾਂ ਬਹੁਤ ਕੀਤੇ ਪ੍ਰੰਤੂ ਕਿਸੇ ਨੇ ਵੀ ਉਸਦੇ ਜਿਉਂਦੇ ਜੀਅ ਨਹੀਂ ਨਿਭਾਇਆ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ 1964 ਵਿਚ ਮੱਖਣ ਸਿੰਘ ਥਲ ਸੈਨਾ ਵਿਚ ਨਾਇਬ ਸੂਬੇਦਾਰ ਬਣ ਗਿਆ। ਉਸਨੇ ਟਰੈਕ ਵਿਚ ਜਿੱਤਾਂ ਦਰਜ ਕਰਨ ਤੋਂ ਇਲਾਵਾ ਮੈਦਾਨੇ ਜੰਗ ਵਿਚ ਵੀ ਵੱਡੀਆਂ ਮੱਲਾਂ ਮਰੀਆਂ। ਉਸਨੇ 1965 ਵਿਚ ਭਾਰਤ ਪਾਕਿਸਤਾਨ ਜੰਗ ਦੌਰਾਨ ਸਿਆਲਕੋਟ ਸੈਕਟਰ ਵਿੱਚ ਮੋਹਰੀ ਭੂਮਿਕਾ ਨਿਭਾਈ। ਉਸਨੇ 1971 ਦੀ ਜੰਗ ਵਿਚ ਤਨਦੇਹੀ ਨਾਲ ਮੋਰਹਰੇ ਹੋ ਕੇ ਦੁਸ਼ਮਣ ਫੌਜ਼ਾਂ ਦਾ ਟਾਕਰਾ ਕੀਤਾ। ਉਹ 1972 ਵਿਚ ਭਾਰਤੀ ਫੌਜ ਵਿਚੋਂ ਸੇਵਾ ਮੁਕਤ ਹੋ ਗਏ। ਸੇਵਾ ਮੁਕਤੀ ਤੋਂ ਬਾਅਦ ਪਰਿਵਾਰ ਤੇ ਦੁੱਖਾਂ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਪਰਿਵਾਰ ਨੇ ਦੱਸਿਆ ਕਿ ਪਹਿਲਾਂ ਹੀ ਗਰੀਬੀ ਅਤੇ ਭੁੱਖ ਨਾਲ ਲੜ ਰਹੇ ਪਰਿਵਾਰ ਨੂੰ ਸੇਵਾਮੁਕਤੀ ਤੋਂ ਬਾਅਦ ਹੋਰ ਵੀ ਆਰਥਿਕ ਤੰਗੀ ਨੇ ਘੇਰਾ ਪਾ ਲਿਆ। ਖੇਡ ਅਤੇ ਖੇਡਾਂ ਖੇਡਣ ਵਾਲੇ ਨੌਜ਼ਵਾਨਾਂ ਨੂੰ ਅਤਿ ਦਾ ਪਿਆਰ ਅਤੇ ਹੁਲਾਰਾ ਦੇਣ ਵਾਲੇ ਮੱਖਣ ਸਿੰਘ ਨੇ 18 ਸਾਲ ਦਿਨ ਰਾਤ ਟਰੱਕ ਚਲਾਇਆ। ਇਸ ਕਿੱਤੇ ਨੇ ਉਸਦਾ ਉਸ ਵਕਤ ਲੱਕ ਤੋੜਕੇ ਰੱਖ ਦਿੱਤਾ ਜਦ ਉਸਦੇ ਖੜ੍ਹੇ ਟਰੱਕ ਨਾਲ ਕੋਈ ਤੇਜ ਰਫਤਾਰ ਟਰੱਕ ਟੱਕਰ ਮਾਰ ਗਿਆ। ਇਸ ਹਾਦਸੇ ਵਿਚ ਮੱਖਣ ਸਿੰਘ ਦੀ ਇਕ ਲੱਤ ਤਿੰਨ ਜਗ੍ਹਾ ਤੋਂ ਟੁੱਟਣ ਅਤੇ ਵਾਧੂ ਸ਼ੂਗਰ ਹੋਣ ਕਾਰਨ ਡਾਕਟਰਾਂ ਨੂੰ ਉਸਦੀ ਇਕ ਲੱਤ ਕੱਟਣੀ ਪਈ। ਉਸਨੇ ਘਰ ਦਾ ਗੁਜ਼ਾਰਾ ਤੋਰਨ ਲਈ ਚੱਬੇਵਾਲ ਵਿਖੇ ਕਾਪੀਆਂ ਕਿਤਾਬਾਂ ਦੀ ਦੁਕਾਨ ਪਾ ਲਈ। ਉਹਨਾਂ ਦੱਸਿਆ ਕਿ ਉਸਨੇ ਉਸ ਸਮੇਂ ਦੇ ਖੇਡ ਵਿਭਾਗ ਦੇ ਡਿਪਟੀ ਡਾਇਰੈਕਟਰ ਸ੍ਰੀ ਮਿਲਖਾ ਸਿੰਘ ਕੋਲ ਸਰਕਾਰੀ ਨੌਕਰੀ ਲਈ ਪਹੰਚ ਕੀਤੀ ਪ੍ਰੰਤੂ ਉਹਨਾਂ ਵਲੋਂ ਉਸਦੀ ਘੱਟ ਵਿਦਿਅਕ ਯੋਗਤਾ ਹੋਣ ਕਾਰਨ ਉਸਨੂੰ ਨੌਕਰੀ ਤੋਂ ਸਾਫ ਨਾਂਹ ਕਰ ਦਿੱਤੀ। ਜੋਗਾ ਸਿੰਘ ਨੇ ਦੱਸਿਆ ਕਿ ਮੱਖਣ ਸਿੰਘ ਨੇ ਨੌਕਰੀ ਪ੍ਰਾਪਤ ਕਰਨ ਲਈ ਪੂਰੇ ਭਾਰਤ ਵਿਚ ਧੱਕੇ ਖਾਧੇ ਪ੍ਰੰਤੂ ਉਸਨੂੰ ਹਰ ਪਾਸੇ ਨਿਰਾਸ਼ਾ ਹੀ ਪੱਲੇ ਪਈ।

ਮੱਖਣ ਸਿੰਘ ਦੇ ਅਪਾਹਜ ਲੜਕੇ ਪਰਮਿੰਦਰ ਸਿੰਘ ਸੋਢੀ ਅਤੇ ਪਤਨੀ ਮਨਪ੍ਰੀਤ ਕੌਰ ਨੇ ਦੱਸਿਆ ਕਿ ਉਸਦਾ ਪਿਤਾ ਖੇਡਾਂ ਦੀ ਦੌੜ ਦਾ ਮੋਹਰੀ ਰਿਹਾ ਪ੍ਰੰਤੂ ਜ਼ਿੰਦਗੀ ਦੀ ਦੌੜ ਵਿਚ ਫਾਡੀ ਰਿਹਾ। ਉਸਦੀ 2002 ਵਿਚ ਜਦ ਮੌਤ ਹੋਈ ਉਸ ਵਕਤ ਉਹ ਬਹੁਤ ਛੋਟੇ ਸਨ। ਭਾਰਤ ਦੇ ਰਾਸ਼ਟਰਪਤੀ ਵਲੋਂ ਅਰਜਨ ਐਵਾਰਡ ਨਾਲ ਸਨਮਾਨਿਤ ਇਕ ਖਿਡਾਰੀ ਦੀ ਮੌਤ ਤੇ ਕਿਸੇ ਵੀ ਸਿਆਸੀ ਆਗੂ, ਪ੍ਰਸ਼ਾਸ਼ਨਿਕ ਅਧਿਕਾਰੀ ਤੱਕ ਨੇ ਸੋਗ ਪ੍ਰਗਟ ਨਹੀਂ ਕੀਤਾ। ਉਹਨਾਂ ਦੀ ਪਰਿਵਾਰ ਦੇ ਮੈਂਬਰਾਂ ਦੇ ਇਲਾਜ ਲਈ ਸਾਰੀ ਜ਼ਮੀਨ ਤੱਕ ਵਿਕ ਚੁੱਕੀ ਸੀ। ਕਈਆਂ ਨੇ ਮਜ਼ਬੂਰੀ ਦਾ ਲਾਭ ਲੈ ਕੇ ਸਾਡੀ ਜ਼ਮੀਨ ਉਸ ਵਕਤ ਕੋਡੀਆਂ ਦੇ ਭਾਅ ਖਰੀਦ ਲਈ।

ਮੱਖਣ ਸਿੰਘ ਦੀਆਂ ਪ੍ਰਾਪਤੀਆਂ ਦੇਖੀਏ ਤਾਂ ਉਸਨੇ 1964 ਵਿਚ ਕਲਕੱਤਾ ਵਿਖੇ ਹੋਈਆਂ ਕੌਮੀ ਐਥਲੈਟਿਕਸ ਖੇਡਾਂ ਵਿਚ ਉਡਣੇ ਸਿੱਖ ਨਾਲ ਮਸ਼ਹੂਰ ਹੋਏ ਖਿਡਾਰੀ ਮਿਲਖਾ ਸਿੰਘ ਨੂੰ ਹਰਾ ਦਿੱਤਾ ਸੀ। ਮੱਖਣ ਸਿੰਘ ਤਿੰਨ ਨੰਬਰ ਲਾਇਨ ਵਿਚ ਦੋੜਨ ਲਈ ਖੜ੍ਹਾ ਸੀ। ਸਟੇਡੀਅਮ ਵਿਚ ਦਰਸ਼ਕ ਉਸ ਵਕਤ ਹੈਰਾਨ ਰਹਿ ਗਏ ਜਦ ਤੀਸਰੀ ਲਾਇਨ ਵਿਚ ਖੜ੍ਹੇ ਮੱਖਣ ਸਿੰਘ ਵਲੋਂ ਮਿਲਖਾ ਸਿੰਘ ਤੋਂ ਅੱਗੇ ਲੰਘਦਿਆਂ ਸਮਾਪਤੀ ਕੇਂਦਰ ਪਾਰ ਕਰ ਲਿਆ ਅਤੇ ਮੁਕਾਬਲੇ ਦਾ ਖਿਤਾਬ ਆਪਣੇ ਨਾਮ ਕਰ ਲਿਆ। ਸੱਤ ਜਮਾਤਾਂ ਪਾਸ ਇਸ ਦੌੜਾਕ ਦਾ ਅੰਤ ਬਹੁਤ ਹੀ ਤਰਸ ਭਰਿਆ ਹੈ। ਉਸਦੇ ਜ਼ਵਾਨ ਦੋ ਲੜਕਿਆਂ ਦੀ ਮੌਤ ਭਰ ਜ਼ਵਾਨੀ ਵਿਚ ਹੋ ਗਈ। ਉਸਦੇ ਵਿਆਹ ਤੋਂ ਇਕੀ ਦਿਨ ਬਾਅਦ ਉਸਦੀ ਮਾਤਾ ਅਤੇ ਪਿਤਾ ਬੰਤਾ ਸਿੰਘ ਦੀ ਮੌਤ ਹੋ ਗਈ।

ਪ੍ਰਾਪਤੀਆਂ ਬਾਰੇ ਰੋਦਿਆਂ ਲੜਕੇ ਸੋਢੀ ਨੇ ਦੱਸਿਆ ਕਿ ਗਰੀਬੀ ਅਤੇ ਦੁੱਖ ਉਹਨਾਂ ਦੇ ਪਰਿਵਾਰ ਦਾ ਹਾਲੇ ਵੀ ਪਿੱਛਾ ਨਹੀਂ ਛੱਡ ਰਹੇ। ਉਸਨੇ ਦੱਸਿਆ ਕਿ ਬੀਤੇ ਦਿਨ ਸਾਡੇ ਪਰਿਵਾਰ ਦਾ ਬਹੁਤ ਹੀ ਸਹਿਯੋਗੀ ਸਾਡਾ ਮਾਸੜ ਗੁਰਬਚਨ ਸਿੰਘ ਇਟਲੀ ਵਿਚ ਮੌਤ ਦਾ ਸ਼ਿਕਾਰ ਹੋ ਗਿਆ। ਉਸਨੇ ਦੱਸਿਆ ਮਾਤਾ ਸੁਰਿੰਦਰ ਕੌਰ ਉਸਦੇ ਅਸਤ ਤਾਰਨ ਲਈ ਅੱਜ ਹੀ ਪਿੰਡ ਕਾਲਾ ਬੱਕਰਾ(ਰਣੀ ਪੱਤੀ) ਵਿਖੇ ਗਈ ਹੋਈ ਹੈ। ਮੱਖਣ ਸਿੰਘ ਨੂੰ ਫੁੱਟਬਾਲ ਖੇਡ ਨਾਲ ਪਿਆਰ ਸੀ ਤੇ ਉਹ ਅਕਸਰ ਹੀ ਫੁੱਟਬਾਲ ਖੇਡਦਾ ਸੀ ਪ੍ਰੰਤੂ ਉਸਦੇ ਫੌਜੀ ਸਾਥੀ ਹਵਲਦਾਰ ਨਰੰਜਣ ਸਿੰਘ ਦੀ ਪ੍ਰੇਰਨਾ ਨਾਲ ਉਹ ਦੌੜ ਵੱਲ ਖਿਚਿਆ ਗਿਆ, 1956 ਵਿਚ ਆਰਮੀ ਸਪੋਰਟਸ ਕੰਟਰੋਲ ਬੋਰਡ ਵਲੋਂ ਪੁਣੇ ਵਿਚ ਐਥਲੈਟਿਕ ਮੀਟ ਕਰਵਾਈ ਜਿਸ ਦੌਰਾਨ ਉਸਨੇ ਸਖਤ ਮਿਹਨਤ ਕੀਤੀ। ਦਿਨ ਰਾਤ ਮਿਹਨਤ ਦਾ ਫਲ ਉਸ ਵਕਤ ਮਿਲਿਆ ਜਦ ਉਸਨੇ 1957×58 ਵਿਚ ਕੌਮੀ ਐਥਲੈਟਿਕਸ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ। ਏਸ਼ੀਅਨ ਖੇਡਾਂ ਲਈ ਦਿੱਲੀ ਵਿਖੇ ਤਿੰਨ ਮਹੀਨੇ ਲੱਗੇ ਕੈਂਪ ਵਿਚ ਉਸਨੇ ਦੇਹ ਤੋੜ ਮਿਹਨਤ ਕੀਤੀ ਪ੍ਰੰਤੂ ਅਚਾਨਿਕ ਤੇਜ ਬੁਖਾਰ ਚੜ੍ਹਨ ਕਾਰਨ ਉਹ ਉਕਤ ਖੇਡਾਂ ਵਿਚ ਸ਼ਾਮਿਲ ਨਾ ਹੋ ਸਕਿਆ।

ਇਸ ਤੋਂ ਬਾਅਦ 1959 ਵਿਚ ਤ੍ਰਿਵੇਂਦਰਮ ਐਥਲੈਟਿਕ ਮੀਟ ਵਿਚ ਮੱਖਣ ਸਿੰਘ ਨੇ 100 ਮੀਟਰ ਵਿਚ ਪਹਿਲਾ ਅਤੇ 200 ਮੀਟਰ ਵਿਚ ਦੂਸਰਾ ਸਥਾਨ ਪ੍ਰਾਪਤ ਕੀਤਾ। ਖੇਡ ਪ੍ਰਾਪਤੀਆਂ ਦੇ ਨਾਲ ਨਾਲ ਉਸਦਾ ਥਲ ਸੈਨਾ ਵਿਚ ਵੀ ਕੱਦ ਵੱਧਦਾ ਗਿਆ। ਇਸ ਤੋਂ ਬਾਅਦ 1962 ਵਿਚ ਜਕਾਰਤਾ ਏਸ਼ਆਈ ਖੇਡਾਂ ਵਿਚ ਉਸਨੇ 4ਗੁਣਾ 100 ਮੀਟਰ ਰੀਲੇਅ ਦੌੜ ਵਿਚ ਗੋਲਡ ਮੈਡਲ ਜਿੱਤਿਆ ਅਤੇ 400 ਮੀਟਰ ਵਿਚ ਮਿਲਖਾ ਸਿੰਘ ਨਾਲ ਦੌੜਕੇ ਦੂਜਾ ਸਥਾਨ ਪ੍ਰਾਪਤ ਕੀਤਾ। 1964 ਵਿਚ ਕੌਮੀ ਐਥਲੈਟਿਕਸ ਵਿਚ 200 ਮੀਟਰ ਦੌੜ ਵਿਚ ਉਸਨੇ ਮਿਲਖਾ ਸਿੰਘ ਨੂੰ ਹਰਾਕੇ ਪਹਿਲਾ ਸਥਾਨ ਪ੍ਰਾਪਤ ਕਰਕੇ ਆਪਣੀ ਜਿੱਤ ਨਾਲ ਕੌਮੀ ਪਹਿਚਾਣ ਬਣਾਈ।


ਇਸੇ ਦੌਰਾਨ ਉਸਨੇ 400 ਮੀਟਰ ਵਿਚ ਵੀ ਪਹਿਲਾ ਸਥਾਨ ਪ੍ਰਾਪਤ ਕੀਤਾ। ਉਸਦੀ ਪਤਨੀ ਸੁਰਿੰਦਰ ਕੌਰ ਨੇ ਦੱਸਿਆ ਕਿ ਉਸਦੇ ਪਤੀ ਨੇ ਮਿਲਖਾ ਸਿੰਘ ਨਾਲ 10 ਸਾਲ ਸਾਥ ਨਿਭਾਇਆ ਅਤੇ ਉਹਨਾਂ ਕੋਲੋਂ ਬਹੁਤ ਕੁੱਝ ਸਿੱਖਿਆ। ਉਹ ਦੱਸਦੀ ਹੈ ਕਿ 1964 ਵਿਚ ਟੋਕੀਓ ਉਲੰਪਿਕ ਵਿਚ ਮੱਖਣ ਸਿੰਘ ਨੇ 4/100ਰੀਲੇਅ ਦੌੜ ਵਿਚ ਮਿਲਖਾ ਸਿੰਘ, ਅੰਮ੍ਰਿਤਪਾਲ ਅਤੇ ਅਜਮੇਰ ਸਿੰਘ ਨਾਲ ਹਿੱਸਾ ਲਿਆ ਪਰ ਸਾਰੀ ਟੀਮ ਕੁਆਟਰ ਫਾਈਨਲ ਵਿਚ ਹੀ ਆਊਟ ਹੋ ਗਈ। ਉਸਨੇ ਦੱਸਿਆ ਕਿ ਉਸਦੀ ਬਹੂ ਅਰਜਨਾ ਐਵਾਰਡੀ ਪਰਿਵਾਰ ਦੀ ਨੂੰਹ ਮਾਹਿਲਪੁਰ ਵਾਸੀ ਮਾਧੁਰੀ ਏ ਸਿੰਘ ਦੀ ਰਿਸ਼ਤੇਦਾਰੀ ਵਿਚੋਂ ਹੈ। ਉਸਨੇ ਦੱਸਿਆ ਕਿ ਅਰਜਨਾ ਐਵਾਰਡ ਨਾਲ ਸਨਮਾਨਿਤ ਉਸਦੇ ਪਤੀ ਨੂੰ ਸਾਬਕਾ ਕੇਂਦਰੀ ਖੇਡ ਮੰਤਰੀ ਮਨੋਹਰ ਸਿੰਘ ਗਿੱਲ ਵਲੋਂ ਪਰਿਵਾਰ ਨੂੰ ਤਿੰਨ ਲੱਖ ਰੁਪਿਆ ਰਾਸ਼ੀ ਦਿੱਤੀ ਸੀ ਜੋ ਸਾਰੀ ਲੜਕਿਆਂ ਦੀ ਬਿਮਾਰੀ ਅਤੇ ਘਰ ਵਿਚ ਹੀ ਖਰਚ ਹੋ ਗਈ। 1964 ਵਿਚ ਸਾਬਕਾ ਰਾਸ਼ਟਰਪਤੀ ਰਾਧਾ ਕ੍ਰਿਸ਼ਨਨ ਵਲੋਂ ਮੱਖਣ ਸਿੰਘ ਨੂੰ ਅਰਜਨ ਐਵਾਰਡ ਨਾਲ ਸਨਮਾਨਿਤ ਕੀਤਾ। ਉਹ ਦੱਸਦੀ ਹੈ ਕਿ ਉਸਦਾ ਪਤੀ ਐਵਾਰਡ ਮੋਹਰੇ ਰੱਖਕੇ ਉਸਨੂੰ ਦੇਖ ਦੇਖ ਰੋਂਦਾ ਸੀ। ਗਰੀਬੀ, ਬੱਚਿਆਂ ਦੀ ਮੌਤ ਅਤੇ ਘਰਦੀ ਸਾੜਸਤੀ ਨੇ ਉਸਦੀਆਂ ਸਾਰੀਆਂ ਪ੍ਰਾਪਤੀਆਂ ਤੇ ਪਾਣੀ ਫੇਰ ਦਿੱਤਾ ਸੀ। ਉਸਦਾ ਘਰ ਸਨਮਾਨਾਂ ਨਾਲ ਭਰਿਆ ਪਿਆ ਹੈ। ਕੌਮੀ ਅਖਬਾਰਾਂ ਦੇ ਬੰਡਲ ਉਹਨਾਂ ਦੇ ਘਰ ਉਸਦੀਆਂ ਪ੍ਰਾਪਤੀਆਂ ਵਾਲੇ ਲੇਖਾਂ ਨਾਲ ਭਰੇ ਪਏ ਹਨ ਜਿਹਨਾਂ ਨੂੰ ਦੇਖਕੇ ਉਹਨਾਂ ਨੂੰ ਸ਼ਾਮ ਦੇ ਵਕਤ ਰੋਟੀ ਨਸੀਬ ਨਹੀਂ ਹੂੰਦੀ ਅਤੇ ਨਾ ਹੋਣੀ ਹੈ। ਅੱਜ ਉਸਦੀ ਬਹੂ ਮਨਪ੍ਰੀਤ ਕੌਰ ਨੇ ਜਦ ਕਿਹਾ ਕਿ ਭਾਜੀ ਅਖਬਾਰਾਂ ਵਿਚ ਤਾਂ ਪਹਿਲਾਂ ਵੀ ਬਹੁਤ ਕੁੱਝ ਛਪਿਆ ਪਿਆ ਹੈ ਤੁਸੀਂ ਵੀ ਜੇ ਛਾਪਣਾ ਹੈ ਤਾਂ ਸਾਰਾ ਹੀ ਰਿਕਾਰਡ ਆਪਣੇ ਨਾਲ ਲੈ ਜਾਓ। ਉਸਨੇ ਪੁਰਾਣੀਆਂ ਅਖਬਾਰਾਂ ਦਾ ਭਰਿਆ ਝੋਲਾ ਫੜਾਉਂਦਿਆਂ ਕਿਹਾ ਕਿ ਸਰਕਾਰ ਜੇ ਸਾਡੇ ਤੇ ਤਰਸ ਕਰੇ ਤਾਂ ਮੈਂ ਵੀ 10+2 ਪਾਸ ਹਾਂ ਅਤੇ ਮੇਰਾ ਪਤੀ ਸਰਕਾਰੀ ਦਫਤਰ ਵਿਚ 2500 ਰੁਪਏ ਪ੍ਰਤੀ ਮਹੀਨਾ ਕੱਚਾ ਮੁਲਾਜ਼ਮ ਹੈ। ਉਸਦੀ ਮੰਗ ਹੈ ਕਿ ਜੇ ਸਰਕਾਰ ਨੇ ਸਾਨੂੰ ਮਾਲੀ ਸਹਾਇਤਾ ਨਹੀਂ ਕਰਨੀ ਤਾਂ ਘੱਟੋ ਘੱਟ ਸਾਨੂੰ ਢੁਕਵੀਂ ਸਰਕਾਰੀ ਨੌਕਰੀ ਹੀ ਦੇ ਦੇਵੇ। ਉਸਦੇ ਅਪਾਹਜ ਪਤੀ ਨੂੰ ਪੱਕਾ ਕਰ ਦੇਵੇ।

ਸੋ ਉਘੇ ਅਥਲੀਟ ਮੱਖਣ ਸਿੰਘ ਨੇ ਮਿਲਖਾ ਸਿੰਘ ਨੂੰ ਹਰਾਕੇ ਪ੍ਰਸਿੱਧੀ ਖੱਟੀ ਅਤੇ ਟਰੱਕ ਡਰਾਇਵਰ ਬਣਕੇ ਉਹ ਮਹਾਂਰਾਸ਼ਟਰ ਵਿਚ 'ਰਾਣਾ ਡਰਾਇਵਰ' ਦੇ ਨਾਮ ਨਾਲ ਮਸ਼ਹੂਰ ਹੋਇਆ। ਸਰਕਾਰ ਇਸ ਪਰਿਵਾਰ ਵਲ ਤੁਰੰਤ ਧਿਆਨ ਦੇਵੇ। ਉਸਦੇ ਅਪਾਹਜ ਲੜਕੇ ਸੋਢੀ ਨੇ ਕਿਹਾ ਕਿ ਉਸਦੇ ਪਿਤਾ ਦੀ ਪਿੰਡ ਵਿਚ ਯਾਦਗਾਰ ਬਣਨੀ ਚਾਹੀਦੀ ਹੈ। ਮਿਲਖਾ ਸਿੰਘ ਦੇ ਨਾਮ ਤੇ ਬਣੀ ਫਿਲਮ ਵਿਚ ਉਸਦੇ ਪਿਤਾ ਦੇ ਨਾਮ ਦਾ ਵੀ ਜ਼ਿਕਰ ਹੋਣਾ ਚਾਹੀਦਾ ਸੀ ਪ੍ਰੰਤੂ ਸਾਡੇ ਵਰਗੇ ਗਰੀਬਾਂ ਦੀ ਇਥੇ ਕੋਈ ਵੁਕਤ ਹੀ ਨਹੀਂ ਹੈ।





ਪਿੰਡ ਬਠੁੱਲਾ ਵਿਖੇ ਆਪਣੇ ਘਰ ਸਵਰਗੀ ਅਰਜਨਾ ਐਵਾਰਡੀ ਅਥਲੀਟ ਅਤੇ ਉਡਣੇ ਸਿੱਖ ਮਿਲਖਾ ਸਿੰਘ ਨੂੰ ਹਰਾਉਣ ਵਾਲੇ ਮੱਖਣ ਸਿੰਘ ਦਾ ਅਪਾਹਜ ਲੜਕਾ ਪਰਮਿੰਦਰ ਸੋਢੀ ਅਤੇ ਉਸਦੀ ਪਤਨੀ ਮਨਪ੍ਰੀਤ ਕੌਰ ਗੱਲਬਾਤ ਕਰਦੇ ਹੋਏ।



ਨਾਇਬ ਸੂਬੇਦਾਰ ਸਵਰਗੀ ਮੱਖਣ ਸਿੰਘ

# ਧਰਤ ਦੁਆਬੇ ਦੀ

# ਗਰੀਬੀ ਨਾਲ ਜੂਝਦੀ ਏਸ਼ੀਅਨ ਅਥਲੀਟ ਸੁਰਿੰਦਰ ਕੌਰ



ਬਲਜਿੰਦਰ ਮਾਨ
98150-18947
Email : nikkiankarum-blan@rediffmail.com

ਜੇਕਰ ਮਨ ਵਿਚ ਨਿਸ਼ਚਾ ਹੋਵੇ ਤਾਂ ਜਿੱਤਾਂ ਦੂਰ ਨਹੀਂ ਹੁੰਦੀਆਂ। ਗਰੀਬੀ ਵਰਗੀ ਲਾਹਣਤ ਵੀ ਸਾਡੇ ਰਾਹ ਵਿਚ ਰੋੜਾ ਨਹੀਂ ਬਣ ਸਕਦੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਵਿਚ ਵਸਦੀ ਏਸ਼ੀਅਨ ਵੈਟਰਨ ਅਥਲੀਟ ਸੁਰਿੰਦਰ ਕੌਰ ਨੇ ਇਹ ਸਾਰਾ ਕੁੱਝ ਸੱਚ ਕਰ



ਦਿਖਾਇਆ ਹੈ। ਮਜਦੂਰੀ ਕਰਦੀ ਨੂੰ ਕਿਸੇ ਨੇ ਦੱਸ ਦਿੱਤਾ ਕਿ ਵੈਟਰਨ ਦੌੜਾਂ ਵੀ ਹੁੰਦੀਆਂ ਨੇ।ਉਸ ਵੇਲੇ ਐਂਟਰੀ ਫੀਸ ਦਸ ਰੁਪੈ ਸੀ। ਤੇ ਸੁਰਿੰਦਰ ਕੌਰ ਕੋਲ ਸਿਰਫ 5 ਰੂਪੈ ਸਨ।ਉਸਨੇ 5 ਰੂਪੈ ਉਧਾਰ ਫੜੇ ਤੇ ਇਨ੍ਹਾਂ ਖੇਡਾਂ ਵਿਚ ਭਾਗ ਲੈ ਲਿਆ। ਇਥੇ ਉਸਨੇ ਪਹਿਲੇ ਹੱਲੇ ਹੀ ਸੌ, ਦੋ ਸੌ ਅਤੇ ਚਾਰ ਸੌ ਮੀਟਰ ਦੀਆਂ ਦੌੜਾਂ ਵਿਚ ਸੋਨੇ ਦੇ ਮੈਡਲ ਜਿੱਤ ਲਏ।ਇਸ ਤਰ੍ਹਾਂ ਉਹ 1992 ਤੋਂ ਬਾਅਦ ਆਏ ਸਾਲ ਹੋਰ ਅੱਗੇ ਵਧਣ ਲੱਗੀ।ਜਿਸ ਬਾਰੇ ਕੋਈ ਨਹੀਂ ਸੀ ਜਾਣਦਾ ਉਸਦਾ ਨਾਂ ਮਾਣ ਨਾਲ ਲਿਆ ਜਾਣ ਲੱਗਾ।

ਸੁਰਿੰਦਰ ਕੌਰ ਨੇ ਕਦੀ ਹਿੰਮਤ ਦਾ ਲੜ ਨਹੀਂ ਛੱਡਿਆ।ਦਸਵੀਂ ਤਕ ਪੜ੍ਹਾਈ ਕੀਤੀ ਤੇ ਮਾਪਿਆਂ ਨੇ ਇਕ ਮਜਦੂਰ ਸੱਤਪਾਲ ਨਾਲ ਵਿਆਹ ਕਰਾ ਦਿੱਤਾ।ਉਸਦੇ ਘਰ ਦੋ ਲੜਕੇ ਤੇ ਦੋ ਲੜਕੀਆਂ ਨੇ ਜਨਮ ਲਿਆ। ਇਸ ਤਰ੍ਹਾਂ ਗ੍ਰਹਿਸਤੀ ਦੀ ਗੱਡੀ ਵੀ ਭਾਰੀ ਹੁੰਦੀ ਗਈ। ਉਸਨੇ ਆਪਣੇ ਪਤੀ ਨਾਲ ਸਹਾਇਤਾ ਕਰਕੇ ਆਪਣੀ ਆਰਥਿਕ ਦਸ਼ਾ ਨੂੰ ਸੁਧਾਰਨ ਦਾ ਹਰ ਉਪਰਾਲਾ ਕੀਤਾ। 3 ਅਪ੍ਰੈਲ 1964 ਨੂੰ ਜਨਮੀ ਇਹ ਅਥਲੀਟ ਨਿਜੀ ਯਤਨਾਂ ਨਾਲ ਹੀ ਏਸ਼ੀਅਨ ਚੈਂਪੀਅਨ ਬਣ ਚੁੱਕੀ ਹੈ। 1998 ਵਿਚ ਉਸਦੀਆਂ ਪ੍ਰਾਪਤੀਆਂ ਨੂੰ ਮੱਦੇ ਨਜ਼ਰ ਰੱਖਕੇ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਦਸੂਹਾ ਵਿਚ ਸੇਵਾਦਾਰ ਦੀ ਨੌਕਰੀ ਦੇ ਦਿੱਤੀ ਗਈ।ਉਸਨੇ ਸਦਾ ਆਪਣੀ ਸੇਵਾ ਨੂੰ ਪੂਰੀ ਤੰਨ ਦੇਹੀ ਨਾਲ ਨਿਭਾਇਆ।ਨਾਲ ਨਾਲ ਆਪਣਾ ਅਭਿਆਸ ਵੀ ਜਾਰੀ ਰੱਖਿਆ।

2010 ਵਿਚ ਤਾਮਿਲਨਾਡੂ ਵਿਚ ਆਯੋਜਿਤ ਕੀਤੀ ਗਈ 31 ਵੀ ਨੈਸ਼ਨਲ ਮਾਸਟਰ ਚੈਂਪੀਅਨਸ਼ਿੱਪ ਵਿਚ ਉਸਨੇ ਤਿੰਨ ਸੋਨ ਤਗਮੇ ਜਿੱਤ ਨੇ ਬਹਿਜਾ ਬਹਿਜਾ ਕਰਵਾ ਦਿੱਤੀ। ਇਸੇ ਤਰ੍ਹਾਂ 2011 ਵਿਚ ਉਹ ਚੰਡੀਗੜ੍ਹ ਵਿਖੇ ਨੈਸ਼ਨਲ ਪੱਧਰ ਦੇ ਦੋ ਸਿਲਵਰ ਤੇ ਇਕ ਗੋਲਡ ਜਿੱਤਣ ਵਿਚ ਸਫਲ ਰਹੀ। ਨਵੰਬਰ 2012 ਵਿਚ 17 ਵੀਂ ਏਸ਼ੀਅਨ ਮਾਸਟਰ ਅਥਲੈਟਿਕਸ ਮੀਟ ਵਿਚ ਦੋ ਗੋਲਡ ਤੇ ਇਕ ਚਾਂਦੀ ਦਾ ਮੈਡਲ ਜਿੱਤ ਗਈ। ਉਸਦੀ ਮਿਹਨਤ ਨੇ ਐਸਾ ਰੰਗ ਦਿਖਾਇਆ ਕਿ ਭਾਰਤ ਦੇ ਰਾਸ਼ਟਰੀ ਝੰਡੇ ਨੂੰ ਉਸਦੀ ਬਦੌਲਤ ਬੁਲੰਦੀ ਮਿਲੀ। ਇਸ ਤੋਂ





ਪਹਿਲਾਂ ਸੁਰਿੰਦਰ ਕੌਰ ਨੇ 2006 ਵਿਚ ਬੈਂਗਲੌਰ ਵਿਖੇ ਹੋਈ 14 ਵੀ ਮਾਸਟਰ ਏਸ਼ੀਆਈ ਚੈਂਪੀਅਨਸ਼ਿੱਪ ਵਿਚ ਇਕ ਗੋਲਡ ਤੇ ਦੋ ਬਰੋਨਜ਼ ਮੈਡਲ ਜਿੱਤੇ ਸਨ।ਬੈਂਕਾਕ (ਥਾਈਲੈਂਡ) ਵਿਚ ਹੋਈ 15 ਵੀ ਏਸ਼ੀਆਈ ਮੀਟ ਵਿਚ ਇਕ ਗੋਲਡ, ਇਕ ਸਿਲਵਰ ਇਕ ਬਰੋਨਜ਼ ਮੈਡਲ ਜਿੱਤਿਆ। 2011 ਵਿਚ ਅਮਰੀਕਾ ਵਿਖੇ ਹੋਈ ਵਰਲਡ ਮਾਸਟਰਜ ਅਥੈਲੈਟਿਕਸ ਮੀਟ ਵਿਚ ਉਸਨੇ ਪੂਰੀ ਦੁਨੀਆ ਵਿਚੋਂ ਅੱਠਵਾਂ ਸਥਾਨ ਹਾਸਿਲ ਕੀਤਾ। ਮਸਤੂਆਣਾ ਵਿਚ ਕਰਵਾਈ ਪੰਜਾਬ ਮਾਸਟਰਜ ਅਥਲੈਟਿਕਸ ਮੀਟ ਵਿਚ ਉਸਨੇ ਤਿੰਨ ਈਵੈਂਟਸ ਦੇ ਸੋਨ ਤਗਮੇ ਜਿੱਤਕੇ ਧਨ ਧਨ ਕਰਾਈ। ਜੂਨ,2013 ਵਿਚ ਬੰਗਲੌਰ ਵਿਖੇ ਕਰਵਾਈ ਆਲ ਇੰਡੀਆ ਮਾਸਟਰ ਅਥਲੈਟਿਕਸ ਮੀਟ ਵਿਚ ਉਸਨੇ ਦੋ ਸੋਨ ਤਗਮੇ ਅਤੇ ਇਕ ਸਿਲਵਰ ਮੈਡਲ ਜਿੱਤ ਕੇ ਪੰਜਾਬ ਦੇ ਨਾਂ ਨੂੰ ਚਾਰ ਚੰਨ ਲਾ ਦਿਤੇ। ਇੰਜ ਉਹ ਵਿਸ਼ਵ ਪੱਧਰੀ ਮੁਕਾਬਿਲਆਂ ਵਿਚ ਹੁਸ਼ਿਆਰਪੁਰ ਅਤੇ ਪੰਜਾਬ ਦੇ ਨਾਂ ਨੂੰ ਚਮਕਾ ਚੁੱਕੀ ਹੈ।ਜਿੱਥੇ ਪੰਜਾਬ ਸਰਕਾਰ ਕਬੱਡੀ ਲਈ ਐਨਾ ਦਿਲ ਦਿਖਾ ਰਹੀ ਹੈ ਉੱਥੇ ਅਥਲੈਟਿਕਸ ਤੇ ਫੁਟਬਾਲ ਵਰਗੀਆਂ ਖੇਡਾਂ ਦੀ ਪ੍ਰਫੁਲਤਾ ਲਈ ਵੀ ਉਪਰਾਲੇ ਕੀਤੇ ਜਾਣੇ ਬਣਦੇ ਹਨ।ਮਨਜੀਤ ਕੌਰ ਨੂੰ ਤਰੱਕੀ ਮਿਲਣਾ ਉਸਦਾ ਹੱਕ ਹੈ ਕਿਉਂਕਿ ਭਾਰਤ ਦਾ ਪਰਚਮ ਬੁਲੰਦ ਕਰਨ ਵਾਲੀ ਇਹ ਅਥਲੀਟ ਅਜ ਵੀ ਆਰਥਿਕ ਮਜਬੂਰੀਆਂ ਵਿਚ ਫਸੀ ਹੋਈ ਹੈ। ਸੁਰਿੰਦਰ ਕੌਰ ਦੀਆਂ ਟਰੈਕ ਦੇ ਖੇਤਰ ਦੀਆਂ ਪ੍ਰਾਪਤੀਆਂ ਦਾ ਲੇਖਾ ਜੋਖਾ ਬੜਾ ਲੰਮੇਰਾ ਹੈ। ਸੁਮੱਚਾ ਭਾਰਤੀ ਇਸਤਰੀ ਜਗਤ ਇਸ ਵੈਟਰਨ ਅਥਲੀਟ ਤੇ ਮਾਣ ਕਰਦਾ ਹੈ। ਅਜੇ ਉਸਤੋਂ ਹੋਰ ਵੀ ਉਮੀਦਾਂ ਹਨ। ਉਸਦਾ ਕਹਿਣਾ ਹੈ ਕਿ ਜੇ ਸਰਕਾਰ ਸੱਚੀ-ਮੁੱਚੀ ਇਸਤਰੀਆਂ ਦੀ ਭਲਾਈ ਚਾਹੁੰਦੀ ਹੈ ਤਾਂ ਉਹਨਾਂ ਦੀ ਪੜ੍ਹਾਈ ਅਤੇ ਖੇਡਾਂ ਦਾ ਖਰਚ ਸਰਕਾਰਾਂ ਨੂੰ ਚੁੱਕਣਾ ਚਾਹੀਦਾ ਹੈ।ਅਜਿਹਾ ਕਰਨ ਨਾਲ ਸਮਾਜ ਵਿਚ ਉਹਨਾਂ ਦਾ ਮਾਣ ਸਨਮਾਨ ਵਧੇਗਾ। ਉਹ ਹੱਡ ਬੀਤੀਆਂ ਸੁਣਾਉਂਦੀ ਆਖਦੀ ਹੈ ਕਿ ਅਜ ਤਕ ਉਸਨੂੰ ਕਿਸੇ ਸਰਕਾਰ ਨੇ ਕੋਈ ਮੱਦਦ ਨਹੀਂ ਕੀਤੀ। ਉਹ ਸਦਾ ਆਪਣੇ ਖਰਚੇ ਤੇ ਹੀ ਇਹਨਾ ਮੁਕਾਬਲਿਆਂ ਵਿਚ ਭਾਗ ਲੈਂਦੀ ਆ ਰਹੀ ਹੈ ਜਾਂ ਸਮਾਜ ਸੇਵੀ ਜਥੇਬੰਦੀਆਂ ਤੋਂ ਸਹਿਯੋਗ ਨਾਲ। ਸੋ ਅਜ ਲੋੜ ਹੈ ਨਾਰੀ ਜਾਤੀ ਦੀਆਂ ਅਜਿਹੀਆ ਅਗਾਂਹ ਵਧੂ ਇਸਤਰੀਆਂ ਦੀ ਪੂਰੀ ਸਾਂਭ ਸੰਭਾਲ ਤੇ ਆਧੁਨਿਕ ਕੋਚਿੰਗ ਕਰਾਉਣ ਦੀ। ਇੰਜ ਹੀ ਉਹ ਹੋਰ ਉਚੀਆਂ ਉਡਾਰੀਆਂ ਮਾਰ ਸਕਣਗੀਆਂ।



## ਖੁਰਾਲਗੜ੍ਹ ਦਰਸ਼ਨ

ਰੀਵਿਊਕਾਰ: ਬਲਜਿੰਦਰ ਮਾਨ
ਲੇਖਕ: ਡਾ. ਕੇਵਲ ਕੁਮਾਰ ਸੂਦ
ਪ੍ਰਕਾਸ਼ਨ: ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, ਮੁੱਲ: 150/-, ਪੰਨੇ: 168

ਡਾ. ਕੇਵਲ ਕੁਮਾਰ ਸੂਦ ਉਸ ਖਾਨਦਾਨ ਵਿਚੋਂ ਹੈ ਜਿਸਨੇ ਪੰਦਰਵੀਂ ਸਦੀ ਵਿਚ ਗੁਰੂ ਰਵਿਦਾਸ ਜੀ ਦੀ ਪੰਜਾਬ ਵਿਚ ਸੇਵਾ ਕੀਤੀ ਸੀ। ਤੱਥਾਂ ਅਨੁਸਾਰ ਗੁਰੂ ਰਵਿਦਾਸ ਜੀ ਨੇ ਚਾਰ ਸਾਲ ਦੋ ਮਹੀਨੇ ਤੇ ਗਿਆਰਾਂ ਦਿਨ ਖੁਰਾਲੀ ਵਿਖੇ ਗੁਜ਼ਾਰੇ। ਜਿੱਥੇ ਓਹਨਾਂ ਰਾਜੇ ਬੈਨ ਦੇ ਖਰਾਸ ਨੂੰ ਆਪਣੀ ਆਤਮਿਕ ਸ਼ਕਤੀ ਨਾਲ ਚਲਾਇਆ ਅਤੇ ਪਿਆਸੇ ਲੋਕਾਂ ਲਈ ਇਕ ਪਾਣੀ ਦੀ ਗੰਗਾ ਵਗਾਈ ਜੋ ਅਜ ਤਕ ਵਗ ਰਹੀ ਹੈ।ਇਸ ਖੋਜ ਭਰਪੂਰ ਪੁਸਤਕ ਵਿਚ ਡਾਕਟਰ ਸੂਦ ਨੇ ਜਿੱਥੇ ਇਤਿਹਾਸਕ ਤੱਥਾਂ ਨੂੰ ਪੇਸ਼ ਕੀਤਾ ਹੈ ਉਥੇ ਖੁਰਾਲਗੜ੍ਹ ਤਹਿਸੀਲ ਗੜ੍ਹਸ਼ੰਕਰ ਜਿਲ੍ਹਾ ਹੁਸ਼ਿਆਰਪੁਰ ਦੇ ਵਾਤਾਵਰਣ ਅਤੇ ਭੂਗੋਲਿਕ ਸਥਿਤੀ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ ਹੈ। ਪੁਸਤਕ ਦੀ ਵੱਡੀ ਖੂਬੀ ਇਹ ਹੈ ਕਿ ਖੁਰਾਲਗੜ੍ਹ ਬਾਰੇ ਲਿਖੀ ਗਈ ਇਹ ਇਕ ਉਚ ਪੱਧਰ ਦੀ ਪਹਿਲੀ ਪੁਸਤਕ ਹੈ। ਜਿਸ ਵਿਚੋਂ ਇਸ ਅਸਥਾਨ ਦੀ ਮਹਾਨਤਾ ਦਾ ਗਿਆਨ ਮਿਲਦਾ ਹੈ। ਦੂਜਾ ਵਿਚਾਰਨ ਯੋਗ ਪਹਿਲੂ ਇਸ ਪੁਸਤਕ ਵਿਚ ਦਰਜ ਗੁਰੂ ਰਵਿਦਾਸ ਜੀ ਦੀ ਬਾਣੀ ਹੈ। ਗੁਰੂ ਜੀ ਦੇ ਗੁਰੂ ਗਰੰਥ ਸਾਹਿਬ ਵਿਚ ਦਰਜ ਇਕ ਸਲੋਕ ਅਥਤ ਚਾਲ਼ੀ ਸ਼ਬਦਾਂ ਦੀ ਬੜੀ ਸਰਲ ਭਾਸ਼ਾ ਵਿਚ ਵਿਆਖਿਆ ਕੀਤੀ ਗਈ ਹੈ।ਲੇਖਕ ਨੇ ਸਿਰਫ ਵਿਆਖਿਆ ਹੀ ਨਹੀਂ ਕੀਤੀ ਸਗੋਂ ਸ਼ਬਦਾਂ ਦੇ ਅਰਥ ਵੀ ਦਰਜ ਕੀਤੇ ਹਨ। ਜੋ ਇਕ ਸਧਾਰਣ ਪਾਠਕ ਲਈ ਬੜੇ ਲਾਭਕਾਰੀ ਹਨ। ਗੁਰੂ ਜੀ ਦੀ ਬਾਣੀ ਨੂੰ ਸਮਝਣ ਲਈ ਇਹ ਪੁਸਤਕ ਹਰ ਪਾਠਕ ਨੂੰ ਪੜ੍ਹਨੀ ਚਾਹੀਦੀ ਹੈ। ਚਿੱਤਰਕਾਰ ਬਗੀਚਾ ਸਿੰਘ ਸਹੂੰਗੜਾ ਦੇ ਲਾਏ ਚਿੱਤਰ ਵੀ ਇਤਿਹਾਸਕ ਪਰਤਾਂ ਫਰੋਲਦੇ ਹਨ।




ਇਸ ਪੁਸਤਕ ਤੋਂ ਇਹ ਸਾਬਿਤ ਹੁੰਦਾ ਹੈ ਕਿ ਅਜੇ ਇਸ ਅਸਥਾਨ ਅਤੇ ਗੁਰੂ ਜੀ ਦੁਆਰਾ ਵਰਤੇ ਗਏ ਮਾਰਗ ਤੇ ਹੋਰ ਗੰਭੀਰਤਾ ਨਾਲ ਖੋਜ ਕਰਨ ਦੀ ਲੋੜ ਹੈ। ਇਸ ਪਾਏਦਾਰ ਪੁਸਤਕ ਨੂੰ ਖੋਜੀ ਬਿਰਤੀ ਵਾਲੇ ਹਰ ਇਨਸਾਨ ਨੂੰ ਪੜ੍ਹਕੇ ਲਾਹਾ ਲੈਣਾ ਚਾਹੀਦਾ ਹੈ।

ਸਰਬ ਸਾਂਝੀਵਾਲਤਾ ਦਾ ਉਪਦੇਸ਼ ਅਤੇ ਮੂਰਤੀ ਪੂਜਾ ਅਤੇ ਪਖੰਡਾ ਦਾ ਥਾਂ ਥਾਂ ਖੰਡਨ ਕੀਤਾ ਗਿਆ ਹੈ। ਇਕ ਪ੍ਰਮਾਤਮਾ ਦੀ ਅਰਾਧਨਾ ਕਰਨ ਦੀ ਗੱਲ ਕਹੀ ਗਈ ਹੈ।ਉਸ ਜਮਾਨੇ ਬਲੀ ਦੇਣ ਦਾ ਆਮ ਰਿਵਾਜ ਸੀ। ਇਸ ਅਸਥਾਨ ਤੇ 15 15 ਈਸਵੀ ਵਿਚ ਪੂਰੇ ਭਾਰਤ ਵਿਚੋਂ ਪਹਿਲਾ ਪੱਕਾ ਮੰਦਰ ਰਾਜਾ ਬੈਨ ਦੁਆਰਾ ਬਣਵਾਇਆ ਗਿਆ ਸੀ। ਸਾਰੀ ਪੁਸਤਕ ਵਿਚ ਖੁਰਾਲਗੜ੍ਹ ਬਾਰੇ ਸਾਰੇ ਪੰਦਰਾਂ ਵੀਹ ਸਫੇ ਹੀ ਹਨ ਜਦਕਿ ਬਾਕੀ ਸਾਰੀ ਪੁਸਤਕ ਬਾਣੀ ਦੀ ਵਿਆਖਿਆ ਹੀ ਕਰਦੀ ਹੈ। ਖਰਾਲਗੜ੍ਹ ਦਰਸ਼ਨ ਦੀ ਬਜਾਏ ਕੋਈ ਹੋਰ ਨਾਂ ਜਿਆਦਾ ਢੁਕਵਾਂ ਰਹਿਣਾ ਸੀ। ਫਿਰ ਵੀ ਕਾਰਜ ਬੜਾ ਸ਼ਲਾਘਾਯੋਗ ਹੈ।

## ਗਾਇਕਾ ਅੰਮ੍ਰਿਤਾ ਵਿਰਕ ਦੀ ਧਾਰਮਿਕ ਐਲਬਮ/ 'ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਕੁੰਡ'

ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਸਾਹਿਬ ਦੀ ਪਵਿੱਤਰ ਧਰਤੀ 'ਤੇ ਪੰਜਾਬ ਦੀ ਧੀ ਸੁਰੀਲੀ ਗਾਇਕਾ ਅੰਮ੍ਰਿਤਾ ਵਿਰਕ ਦੀ ਆਵਾਜ਼ 'ਚ ਪੰਜਾਬ ਦਾ ਮਾਣ ਤੇ ਸ਼ਾਨ ਰਾਜ ਗੀਤਕਾਰ ਚੰਨ ਗੁਰਾਇਆ ਵਾਲਾ ਦੇ ਲਿਖੇ ਗੀਤਾਂ ਦਾ ਗੁਲਦਸਤਾ, ਅਮਦਾਦ ਅਲੀ ਦੇ ਸੰਗੀਤ 'ਚ ਸ਼ਿੰਗਾਰਿਆ ਤੇ ਵੀਡੀਓ ਇਸ ਦਾ ਉਚੇ ਤੇ ਨਿਵੇਕਲੀ ਤਕਨੀਕ ਨਾਲ ਤਰਸੇਮ ਬੱਧਣ ਦੀ ਨਿਰਦੇਸ਼ਨਾ ਹੇਠ ਹੋਇਆ ਹੈ, ਜਿਸ 'ਚ ਸਹਾਇਕ ਸਨ ਬੀਰ ਚੰਦ ਸੁਰੀਲਾ। ਨਿਰਮਾਤਾ ਸਤਵਿੰਦਰਜੀਤ ਸਿੰਘ ਹੀਰਾ ਤੇ ਸਮੂਹ ਗੁਰੂ ਘਰ ਦੀ ਕਮੇਟੀ ਦੇ ਸਹਿਯੋਗ ਨਾਲ ਇਸ ਪਵਿੱਤਰ ਧਰਤੀ ਤੇ ਕਈ ਦਿਨ ਸ਼ੂਟਿੰਗ ਚੱਲੀ, ਜਿਥੇ ਗਾਇਕਾ ਅੰਮ੍ਰਿਤਾ ਵਿਰਕ 'ਤੇ ਵੱਖ-ਵੱਖ 9 ਗੀਤ ਫਿਲਮਾਏ ਗਏ।





ਗੀਤਕਾਰ ਚੰਨ ਗੁਰਾਇਆ ਵਾਲਿਆਂ ਨੇ ਸ੍ਰੀ ਗੁਰੂ-ਧਰਮ ਅਸਥਾਨ ਚਰਨ ਛੋਹ ਗੰਗਾ (ਅੰਮ੍ਰਿਤ ਕੁੰਡ) ਖੁਰਾਲਗੜ੍ਹ 8 ਧਾਰਮਿਕ ਗੀਤ ਗੁਰੂ ਰਵਿਦਾਸ ਜੀ ਬਾਰੇ ਤੇ ਇਕ ਗੀਤ ਡਾ. ਭੀਮ ਰਾਓ ਅੰਬੇਡਕਰ ਜੀ ਬਾਰੇ ਲਿਖ ਕੇ ਇਤਿਹਾਸ ਸਿਰਜਿਆ ਹੈ, ਗੀਤਕਾਰ ਚੰਨ ਗੁਰਾਇਆ ਵਾਲਿਆਂ ਨੇ ਕਿਹਾ ਕਿ ਸ੍ਰੀ ਚਰਨਛੋਹ ਗੰਗਾ ਅੰਮ੍ਰਿਤ ਕੁੰਡ ਦੀ ਇਸ ਯਾਤਰਾ ਨੂੰ ਅੱਠ ਗੀਤਾਂ 'ਚ ਪਰੋਇਆ ਹੈ। ਧਾਰਮਿਕ ਐਲਬਮ ਦਾ ਪਹਿਲਾ ਗੀਤ "ਗੁਰੂ ਜੀ ਪੰਜਾਬ ਵਿਚ ਕਿਹੜੀ ਥਾਂ 'ਤੇ ਆਏ ਸੀ- ਖੁਰਾਲਗੜ੍ਹ ਸਾਹਿਬ ਜੀ ਖੁਰਾਲਗੜ੍ਹ ਸਾਹਿਬ ਜੀ'' ਆਦਿ ਦੇ ਇਲਾਵਾ ਇਸ ਇਤਿਹਾਸਕ ਯਾਤਰਾ ਨੂੰ ਗੀਤਾਂ ਰਾਹੀਂ ਚੰਨ ਨੇ ਬੜੇ ਹੀ ਪਿਆਰੇ ਢੰਗ ਨਾਲ ਪੇਸ਼ ਕੀਤਾ ਹੈ।

ਨੌਂ ਧਾਰਮਿਕ ਗੀਤਾਂ ਵਾਲੀ ਐਲਬਮ ਪੰਜਾਬ ਦੀ ਮਸ਼ਹੂਰ ਗਾਇਕਾ ਅੰਮ੍ਰਿਤਾ ਵਿਰਕ ਦੀ ਆਵਾਜ਼ 'ਚ ਚਰਨ ਛੋਹ ਗੰਗਾ (ਅੰਮ੍ਰਿਤ ਕੁੰਡ) ਖੁਰਾਲਗੜ੍ਹ ਸਾਹਿਬ ਤਿਆਰੀ ਹੋਈ ਤੇ ਉਥੇ ਹੀ ਗੀਤਾਂ ਦਾ ਫਿਲਮਾਂਕਣ ਹੋਇਆ। ਇਸ ਧਾਰਮਿਕ ਐਲਬਮ ਜਿਸ ਦਾ ਨਾਂਅ "ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਕੁੰਡ'' ਰੱਖਿਆ ਗਿਆ ਹੈ। ਇਨ੍ਹਾਂ ਵਿਚ ਇਕ ਗੀਤ ਮਲਕੀਤ ਬੇਗੋਵਾਲੀਆ ਦਾ ਲਿਖਿਆ ਹੋਇਆ ਹੈ। ਇਸ ਐਲਬਮ ਨੂੰ ਤਿਆਰ ਕਰਨ ਲਈ ਅੰਮ੍ਰਿਤਾ ਵਿਰਕ ਨੇ ਖੁੱਭ ਕੇ ਕੰਮ ਕੀਤਾ। ਇਹ ਐਲਬਮ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 25 ਫਰਵਰੀ ਨੂੰ ਆ ਰਹੇ ਜਨਮ ਦਿਹਾੜੇ ਤੋਂ ਪਹਿਲਾਂ-ਪਹਿਲਾਂ ਹੀ ਰਿਲੀਜ਼ ਕੀਤੀ ਜਾ ਰਹੀ ਹੈ। ਅੰਮ੍ਰਿਤਾ ਵਿਰਕ ਦੇ ਨਾਲ ਬਾਕੀ ਟੀਮ ਨੇ ਵੀ ਜਿੰਦ-ਜਾਨ ਨਾਲ ਕੰਮ ਕੀਤਾ। ਇਸ ਐਲਬਮ ਨੂੰ ਬਹੁਤ ਹੀ ਸੋਹਣੇ ਢੰਗ ਨਾਲ ਸੰਗੀਤਬੱਧ ਕੀਤਾ ਹੈ ਮੰਨੇ ਪ੍ਰਮੰਨੇ ਸੰਗੀਤਕਾਰ ਅਮਦਾਦ ਅਲੀ ਨੇ, ਜਿਨ੍ਹਾਂ ਦੇ ਪਹਿਲਾਂ ਵੀ ਕਈ ਹਿੱਟ ਗੀਤ ਆ ਚੁੱਕੇ ਹਨ। ਇਸ ਗੁਰੂ ਘਰ ਦੀ ਅਗਲੀਆਂ ਧਾਰਮਿਕ ਐਲਬਮਾਂ 'ਤੇ ਧਾਰਮਿਕ ਫ਼ਿਲਮਾਂ ਦਾ ਸੰਗੀਤ ਵੀ ਅਮਦਾਦ ਅਲੀ ਹੀ ਦੇ ਰਹੇ ਹਨ।

ਇਸ ਐਲਬਮ ਦਾ ਨਿਰਦੇਸ਼ਨ ਤਰਸੇਮ ਬੱਧਣ ਦਾ ਹੈ, ਜਿਨ੍ਹਾਂ ਨੇ 25 ਸਾਲ ਮੁੰਬਈ 'ਚ ਲਗਾ ਕੇ ਦਸ ਭਾਸ਼ਾਵਾਂ ਦੀਆਂ ਡੇਢ ਸੌ ਫਿਲਮਾਂ ਦਾ ਸੰਪਾਦਨ ਕਰਕੇ ਤਿੰਨ ਅੰਤਰਰਾਸ਼ਟਰੀ ਐਵਾਰਡ ਵੀ ਲਏ ਹਨ। ਡੀ.ਡੀ. ਪੰਜਾਬੀ ਤੇ ਚਲ ਰਹੇ ਸਫਲ ਧਾਰਮਿਕ ਪ੍ਰੋਗਰਾਮ "ਗੁਰਬਾਣੀ ਸ੍ਰੀ ਗੁਰੂ ਰਵਿਦਾਸ ਜੀ'' ਦਾ ਨਿਰਦੇਸ਼ਨ ਵੀ ਉਨ੍ਹਾਂ ਦਾ ਹੀ ਹੈ। ਇਹ ਧਾਰਮਿਕ ਸੀਰੀਅਲ ਹਰ ਸੋਮਵਾਰ ਸਵੇਰੇ 6.45 ਤੋਂ 7.15 ਤਕ ਆ ਰਿਹਾ ਹੈ। ਨਿਰਦੇਸ਼ਕ ਤਰਸੇਮ ਬੱਧਣ ਨੇ ਕਿਹਾ, "ਇਸ ਧਾਰਮਿਕ ਐਲਬਮ ਨੂੰ ਜਿਥੇ ਸਾਥ ਨਿਰਮਾਤਾ ਸਤਵਿੰਦਰਜੀਤ ਸਿੰਘ ਹੀਰਾ ਤੇ ਸਮੂਹ ਕਮੇਟੀ ਦਾ ਹੈ, ਉਥੇ ਹੀ ਰਾਜ ਗੀਤਕਰ ਦੀ ਕਲਮ ਦਾ ਕਮਾਲ ਹੈ, ਜਿਨ੍ਹਾਂ ਨੇ ਅੱਜ ਤੱਕ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਬਾਰੇ ਸਭ ਤੋਂ ਵੱਧ ਤੇ ਵਧੀਆ ਲਿਖ ਕੇ ਇਤਿਹਾਸ ਰਚਿਆ ਹੈ। ਗਾਇਕਾ ਅੰਮ੍ਰਿਤਾ ਵਿਰਕ, ਮਲਕੀਤ ਬੇਗੋਵਾਲ, ਕੈਮਰਾਮੈਨ ਸੋਨੂੰ, ਸਹਾਇਕ ਕੁਲਵੰਤ ਕਾਂਤੀ, ਗੁਰਪ੍ਰੀਤ ਗਗਨ, ਸ੍ਰਰਤਾਲ ਸਟੂਡੀਓ ਦਾ ਬਹੁਤ ਵੱਡਾ ਹੱਥ ਤੇ ਸਾਥ ਹੈ, ਜਿਨ੍ਹਾਂ ਦੀ ਬਦੌਲਤ ਇਹ ਧਾਰਮਿਕ ਪ੍ਰੋਜੈਕਟ ਵਧੀਆ ਬਣਿਆ। ਇਸ ਧਾਰਮਿਕ ਐਲਬਮ ਨੂੰ ਸਫਲ ਬਣਾਉਣ 'ਚ ਸੰਤ ਸਰਵਣ ਦਾਸ ਜੀ, ਸੰਤ ਸ਼ਮਸ਼ੇਰ ਸਿੰਘ ਸੀਨੀਅਰ ਪ੍ਰਧਾਨ, ਸੰਤ ਹਕਮ ਦਾਸ ਜਵੰਦਾ, ਸੰਤ ਸ਼ਾਂਤੀ ਨਾਥ ਬਲਵੇਂਹੜਾ ਪਟਿਆਲਾ, ਸੰਤ ਜੋਗਿੰਦਰ ਪਾਲ ਜੌਹਰੀ, ਸੰਤ ਸ਼ਾਮ ਦਾਸ, ਸੰਤ ਸੁਰਿੰਦਰ ਦਾਸ, ਸੰਤ ਜਗਵਿੰਦਰ ਦਾਸ, ਸੰਤ ਜੋਗਿੰਦਰ ਦਾਸ ਨੇ ਸਾਥ ਦਿੱਤਾ ਹੈ। ਇਸ ਧਾਰਮਿਕ ਐਲਬਮ ਦੇ ਨਿਰਮਾਤਾ ਸਤਵਿੰਦਰਜੀਤ ਸਿੰਘ ਹੀਰਾ ਹਨ, ਜਿਨ੍ਹਾਂ ਨੇ ਇਸ ਧਾਰਮਿਕ ਕੈਸੇਟ "ਸ੍ਰੀ ਗੁਰੂ ਰਵਿਦਾਸ ਅੰਮ੍ਰਿਤ ਕੁੰਡ'' ਰਾਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਤੇ ਮਿਸ਼ਨ ਨੂੰ ਜਨ-ਜਨ ਤੱਕ ਪਹੁੰਚਾਉਣ ਲਈ ਤਨ, ਮਨ ਤੇ ਧੰਨ ਨਾਲ ਸਹਿਯੋਗ ਦਿੱਤਾ ਹੈ। ਉਨ੍ਹਾਂ ਸੰਕਲਪ ਕੀਤਾ ਹੋਇਆ ਹੈ ਕਿ ਉਹ ਆਪਣੇ ਰਹਿਬਰਾਂ ਦੇ ਸੁਪਨੇ "ਬੇਗਮਪੁਰਾ'' ਨੂੰ ਵਸਾਉਣ ਲੀ ਦੇਸ਼-ਵਿਦੇਸ਼ ਦੀ ਸੰਗਤ ਦੇ ਸਹਿਯੋਗ ਨਾਲ ਆਪਣੀ ਜ਼ਿੰਦਗੀ ਦਾ ਇਕ-ਇਕ ਪਲ ਲਾਉਣਗੇ। ਉਨ੍ਹਾਂ ਦੀ ਜੀਵਨ-ਸਾਥਣ ਸ੍ਰੀਮਤੀ ਪਰਮਜੀਤ ਕੌਰ ਤੇ ਪੂਰੇ ਪਰਿਵਾਰ ਦਾ ਇਸ ਮਹਾਂਕੁੰਭ 'ਚ ਪੂਰਾ ਯੋਗਦਾਨ ਹੈ।


# ਪ੍ਰਾਣ ਦੀ ਮੌਤ ਕਾਰਨ ਜੱਦੀ ਪਿੰਡ ਭਰੋਵਾਲ ਸਮੇਤ ਸਮੁੱਚੇ ਇਲਾਕੇ ਦੇ ਲੋਕਾਂ ਵਿਚ ਸੋਗ ਦੀ ਲਹਿਰ



## ਪਿੰਡ ਰਹਿੰਦੇ ਪ੍ਰਾਣ ਦੇ ਦੋਸਤ ਹਰੀ ਸਿੰਘ, ਧਰਮ ਸਿੰਘ ਤੇ ਰਾਜਜੀਤ ਸਿੰਘ ਵਾਲੀਆ ਰੋਅ ਪਏ

**(ਸ਼ਿਵ ਕੁਮਾਰ ਬਾਵਾ, (95929 54007)**

ਮਾਹਿਲਪੁਰ- ਸ਼ਿਵਾਲਿਕ ਪਹਾੜੀਆਂ ਦੀ ਗੋਦੀ ਵਿਚ ਵਸਿਆ ਇਤਿਹਾਸਿਕ ਪਿੰਡ ਭਰੋਵਾਲ ਅੱਜ ਉਦਾਸ ਹੈ। ਇਸ ਪਿੰਡ ਦੇ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਹਿੰਦੀ ਫਿਲਮਾਂ ਦੇ ਉਘੇ ਅਦਾਕਾਰ ਪ੍ਰਾਣ ਉਰਫ ਕ੍ਰਿਸ਼ਨ ਸਿਕੰਦ ਬੀਤੀ ਰਾਤ ਇਸ ਫਾਨੀ ਸੰਸਾਰ ਨੂੰ ਸਦਾ ਲਈ ਛੱਡਕੇ ਚਲੇ ਗਏ। ਉਸਦੀ ਮੌਤ ਦੀ ਖਬਰ ਜਦ ਰਾਤ ਪਿੰਡ ਪੁੱਜੀ ਤਾਂ ਉਸਦੇ ਪਰਿਵਾਰਕ ਮੈਂਬਰ ਬਜ਼ੁਰਗ ਰਾਜਜੀਤ ਸਿੰਘ ਵਾਲੀਆ ਦੋਵੇਂ ਪੱਟਾਂ ਤੇ ਹੱਥ ਮਾਰਕੇ ਪਿੱਟ ਪਿੱਟ ਰੋਣ ਲੱਗ ਪਏ। ਉਸਨੇ ਪ੍ਰਾਣ ਦੀ ਮੌਤ ਦੀ ਖਬਰ ਰਾਤੋ ਰਾਤ ਪਿੰਡ ਦੇ ਘਰ ਘਰ ਪਹੰਚਾ ਦਿੱਤੀ ਤੇ ਅੱਜ ਸਵੇਰੇ ਵੱਡੇ ਪੱਧਰ ਤੇ ਅਖਬਾਰਾਂ ਅਤੇ ਟੀ ਵੀ ਚੈਨਲਾਂ ਤੇ ਉਸਦੀ ਮੌਤ ਦੀਆਂ ਖਬਰਾਂ ਸੁਣਕੇ ਸਮੁੱਚੇ ਪਿੰਡ ਵਾਸੀਆਂ ਨੂੰ ਬੜਾ ਦੁੱਖ ਲੱਗਾ ਜਦ ਕਿਸੇ ਵੀ ਪੇਪਰ ਜਾਂ ਟੀ ਵੀ ਚੈਨਲ ਵਾਲਿਆਂ ਨੇ ਇਸ ਮਹਾਨ ਕਲਾਕਾਰ ਨੂੰ ਪੰਜਾਬ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਨਾਲ ਲੱਗਦੇ ਪਿੰਡ ਭਰੋਵਾਲ ਨਾਲ ਸਬੰਧ ਰੱਖਣ ਦਾ ਜਿਕਰ ਤੱਕ ਨਹੀਂ ਕੀਤਾ। ਰਾਜਜੀਤ ਸਿੰਘ ਵਾਲੀਆ ਹੀ ਇਕ ਅਜਿਹਾ ਪਰਿਵਾਰਕ ਮੈਂਬਰ ਹੈ ਜਿਸਨੇ ਪ੍ਰਾਣ ਨਾਲ ਆਪਣਾ ਬਚਪਨ ਗੁਜਾਰਿਆ। ਬਜ਼ੁਰਗ ਰਾਜਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਦੇਸ਼ ਦੀ ਵੰਡ ਤੋਂ ਪਹਿਲਾਂ ਪਾਕਿਸਤਾਨ ਪੰਜਾਬ ਵਿਚ ਰਹੇ । ਦੇਸ਼ ਦੀ ਵੰਡ ਤੋਂ ਬਾਅਦ ਪਰਿਵਾਰ ਦੇ ਕੁੱਝ ਮੈਂਬਰ ਦਿੱਲੀ ਵਿਖੇ ਰਹਿਣ ਲੱਗ ਪਏ ਤੇ ਪ੍ਰਾਣ ਨਾਲ ਸਬੰਧਤ ਪਰਿਵਾਰ ਪਿੰਡ ਭਰੋਵਾਲ ਵਿਖੇ ਆ ਵਸਿਆ। ਪਿੰਡ ਵਿਚ ਪ੍ਰਾਣ ਦੇ ਪਰਿਵਾਰ ਦੀ ਲੱਗਭਗ 70 ਕਿੱਲੇ ਜ਼ਮੀਨ ਸੀ ਪ੍ਰੰਤੂ ਜਦ ਕ੍ਰਿਸ਼ਨ ਸਿਕੰਦ ਦੀ ਹਿੰਦੀ ਫਿਲਮਾਂ ਵਿਚ ਤੂਤੀ ਬੋਲਣ ਲੱਗ ਪਈ ਤਾਂ ਇਕ ਇਕ ਕਰਕੇ ਪਰਿਵਾਰ ਦੇ ਸਾਰੇ ਮੈਂਬਰ ਦਿੱਲੀ ਅਤੇ ਮੁੰਬਈ ਪੱਕੇ ਤੌਰ ਤੇ ਰਹਿਣ ਲੱਗ ਪਏ। ਉਸਨੂੰ ਕ੍ਰਿਸ਼ਨ ਸਿਕੰਦ ਦੇ ਨਾਮ ਨਾਲ ਹੀ ਬਲਾਉਂਦੇ ਸਨ ਪ੍ਰੰਤੂ ਪ੍ਰਾਣ ਨਾਮ ਫਿਲਮਾਂ ਵਾਲਿਆਂ ਨੇ ਹੀ ਦਿੱਤਾ ਜਿਸ ਨਾਲ ਉਹ ਆਪਣੀ ਅਦਾਕਾਰੀ ਨਾਲ ਆਪਣੀ ਵੱਖਰੀ ਪਹਿਚਾਣ ਬਣਾਉਣ ਵਿਚ ਕਾਮਯਾਬ ਹੋਏ। ਉਸਨੇ ਦੱਸਿਆ ਕਿ ਪ੍ਰਾਣ ਦਾ ਜਨਮ ਫਰਵਰੀ 1920 ਵਿਚ ਦਿੱਲੀ ਵਿਖੇ ਹੋਇਆ ਸੀ। ਉਸਦੇ ਪਿਤਾ ਕੇਵਲ ਕ੍ਰਿਸ਼ਨ ਵੀ ਵਧੀਆ ਸਮਾਜ ਸੇਵੀ ਸੁਭਾਅ ਵਾਲੇ ਵਿਅਕਤੀ ਸਨ। ਉਕਤ ਪਰਿਵਾਰ ਪਿੰਡ ਭਰੋਵਾਲ ਤੋਂ ਇਲਾਵਾ ਭਾਰਤ ਦੇ ਕਈ ਮੁੱਖ ਸ਼ਹਿਰਾਂ ਵਿਚ ਵੱਖਰੇ ਵੱਖਰੇ ਤੌਰ ਤੇ ਰਹਿੰਦਾ ਰਿਹਾ ਹੈ। ਸਾਰੇ ਕਾਰੋਬਾਰ ਨਾਲ ਜੁੜੇ ਹੋਣ ਕਰਕੇ ਵੱਖੋ ਵੱਖਰੇ ਰਹਿੰਦੇ ਸਨ।



ਫਿਲਮੀ ਅਦਾਕਾਰ ਪ੍ਰਾਣ ਉਰਫ ਕ੍ਰਿਸ਼ਨ ਸਿਕੰਦ ਦੀ ਪਿੰਡ ਭਰੋਵਾਲ ਵਿਚ ਪੁਰਾਣੀ ਹਵੇਲੀ ਦਾ ਦ੍ਰਿਸ਼।



ਫਿਲਮੀ ਅਦਾਕਾਰ ਪ੍ਰਾਣ ਦੇ ਬਚਪਨ ਦੇ ਸਾਥੀ ਨੰਬਰਦਾਰ ਧਰਮ ਸਿੰਘ, ਹਰੀ ਸਿੰਘ, ਰਾਜਜੀਤ ਸਿੰਘ ਅਤੇ ਪਿੰਡ ਦੇ ਸਰਪੰਚ ਮਲਕੀਤ ਸਿੰਘ, ਚਰਨਦਾਸ, ਬਿੱਟੂ ਅਤੇ ਹੋਰ ਪਿੰਡ ਵਾਸੀ ਪ੍ਰਾਣ ਸਬੰਧੀ ਗੱਲਾਂ ਦੱਸਦੇ ਹੋਏ।

ਅੱਜ ਜਦ ਪ੍ਰਾਣ ਦੀ ਮੌਤ ਦੀਆਂ ਖਬਰਾਂ ਪੜ੍ਹਕੇ ਮੀਡੀਆ ਕਰਮਚਾਰੀ ਆਪਣੇ ਲਾਮ ਲਸ਼ਕਰ ਸਮੇਤ ਪਿੰਡ ਭਰੋਵਾਲ ਪੁੱਜੇ ਤਾਂ ਪਿੰਡ ਵਿਚ ਗਮੀ ਦਾ ਮਾਹੌਲ ਸੀ ਪ੍ਰੰਤੂ ਨਵੀਆਂ ਪੰਚਾਇਤ ਚੋਣਾਂ ਹੋਣ ਕਰਕੇ ਪਿੰਡ ਦੇ ਸਮੂਹ ਲੋਕ ਅਤੇ ਚੁਣੇ ਹੋਏ ਪੰਚਾਇਤ ਮੈਂਬਰ ਅਤੇ ਸਰਪੰਚ ਸਮੇਤ ਇਲਾਕੇ ਦੇ ਵਿਧਾਇਕ ਠੇਕੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਤੋਂ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਸਨਮਾਨ ਪ੍ਰਾਪਤ ਕਰ ਰਹੇ ਸਨ। ਵਿਧਾਇਕ ਸੁਰਿੰਦਰ ਸਿੰਘ ਨੇ ਵੀ ਪ੍ਰਾਣ ਦੀ ਮੌਤ ਹੋਣ ਕਾਰਨ ਦੁੱਖ ਦਾ ਪ੍ਰਗਟਾਵਾ ਕਰਦਿਆਂ ਬਹੁਤਾ ਕੁੱਝ ਨਹੀਂ ਬੋਲਿਆ ਸਗੋਂ ਉਹਨਾਂ ਬਾਅਦਾ ਕੀਤਾ ਕਿ ਉਹ ਉਸ ਮਹਾਨ ਕਲਾਕਾਰ ਦੀ ਪਿੰਡ ਵਿਚ ਯਾਦਗਾਰ ਬਣਾਉਣ ਲਈ ਸਰਕਾਰੀ ਪੱਧਰ ਤੇ ਪਿੰਡ ਦੇ ਹੋਰ ਵਿਕਾਸ ਕੰਮਾਂ ਨੂੰ ਤਰਜੀਹ ਨਾਲ ਨੇਪਰੇ ਚਾੜਨਗੇ।

ਪ੍ਰਾਣ ਦੇ ਦੋਸਤ ਰਹੇ ਬਜ਼ੁਰਗ ਨੰਬਰਦਾਰ ਧਰਮ ਸਿੰਘ ਨੇ ਦੱਸਿਆ ਕਿ ਪ੍ਰਾਣ ਪਿੰਡ ਬਹੁਤ ਘੱਟ ਆਇਆ ਪ੍ਰੰਤੂ ਉਹ ਗਰਮੀਆਂ ਦੀਆਂ ਛੁੱਟੀਆਂ ਬਿਤਾਉਣ ਲਈ ਬੱਚਿਆਂ ਸਮੇਤ ਪਿੰਡ ਆਉਂਦੇ ਸਨ। ਜਦ ਉਹ ਫਿਲਮਾਂ ਵਿਚ ਨਾਮਵਰ ਅਦਾਕਾਰ ਬਣ ਗਏ ਤਾਂ ਦਿੱਲੀ ਰਹਿੰਦੇ ਉਸਦੇ ਚਾਚੇ ਕਮਲਜੀਤ ਸਿੰਘ ਵਾਲੀਆ ਅਤੇ ਉਸਦੇ ਲੜਕਿਆਂ ਨੇ ਪਿੰਡ ਆਕੇ ਆਪਣੀ ਜੱਦੀ ਜਮੀਨ ਵੇਚ ਦਿੱਤੀ। ਪ੍ਰਾਣ ਦੇ ਖਾਸ ਦੋਸਤ ਰਹੇ ਬਜ਼ੁਰਗ ਹਰੀ ਸਿੰਘ ਨੇ ਦੱਸਿਆ ਕਿ ਪ੍ਰਾਣ ਦਾ ਚਾਚਾ ਕਮਲਜੀਤ ਸਿੰਘ ਪਿੰਡ ਭਰੋਵਾਲ ਦਾ ਕਈ ਸਾਲ ਸਰਪੰਚ ਚੁਣਿਆਂ ਜਾਂਦਾ ਰਿਹਾ। ਉਸਨੇ ਦੱਸਿਆ ਕਿ ਉਹ 1974 ਵਿਚ ਭਜਨ ਸਿੰਘ, ਧਰਮ ਸਿੰਘ ਅਤੇ ਪਿੰਡ ਦੇ ਹੋਰ ਬੰਦਿਆਂ ਨਾਲ ਮੁੰਬਈ ਵਿਖੇ ਪ੍ਰਾਣ ਨੂੰ ਮਿਲਣ ਉਹਨਾਂ ਦੇ ਘਰ ਗਏ ਸਨ। ਪ੍ਰਾਣ ਵਲੋਂ ਉਹਨਾਂ ਦੀ ਖ਼ੂਬ ਸੇਵਾ ਕੀਤੀ ਅਤੇ ਪਿੰਡ ਦੇ ਵਿਕਾਸ ਲਈ ਆਪਣੇ ਭਤੀਜੇ ਕਮਲਜੀਤ ਸਿੰਘ ਵਾਲੀਆ ਦੀ ਡਿਊਟੀ ਲਾਈ। ਉਹਨਾਂ ਦੱਸਿਆ ਪ੍ਰਾਣ ਉਸ ਵਕਤ ' ਫਿਲਮ ਲਾਖੋਂ ਮੇਂ ਏਕ ' ਦੀ ਸ਼ੂਟਿੰਗ ਵਿਚ ਰੁਝੇ ਹੋਏ ਸਨ।

ਉਸਦੇ ਭਤੀਜੇ ਵਲੋਂ ਉਸ ਵਕਤ ਪਿੰਡ ਦੇ ਵਿਕਾਸ ਲਈ 2 ਲੱਖ ਰੁਪਿਆ ਦਿੱਤਾ ਅਤੇ 30 ਤੋਂ 40 ਲੱਖ ਰੁਪਿਆ ਪਿੰਡ ਨੂੰ ਹੋਰ ਦੇਣ ਦਾ ਬਾਅਦਾ ਕੀਤਾ ਸੀ। ਪ੍ਰਾਣ ਦੇ ਪਰਿਵਾਰ ਵਲੋਂ ਪਿੰਡ ਦੀ ਸਰਪੰਚੀ ਕੀਤੀ ਹੋਣ ਕਾਰਨ ਉਹ ਪਿੰਡ ਨੂੰ ਹੋਰ ਵੀ ਸੁੰਦਰ ਬਣਾਉਂਣ ਦੇ ਚਾਹਵਾਨ ਸਨ ਪ੍ਰੰਤੂ ਫਿਲਮਾਂ ਵਿਚ ਮਸਰੂਫ ਰਹਿਣ ਕਾਰਨ ਉਹਨਾਂ ਨੂੰ ਪਿੰਡ ਆਉਣ ਦਾ ਸਮਾਂ ਹੀ ਨਹੀਂ ਮਿਲਿਆ।

ਪਿੰਡ ਦੇ ਮੌਜੂਦਾ ਸਰਪੰਚ ਮਲਕੀਤ ਸਿੰਘ, ਪੰਚਾਇਤ ਮੈਂਬਰਾਂ ਹਰਭਜਨਸਿੰਘ, ਪ੍ਰਭੂਸ਼ਨ ਦੱਤ ਉਰਫ ਬਿੱਟੂ, ਪਰਮਜੀਤ ਕੌਰ, ਦਲਬੀਰ ਕੌਰ, ਨੰਬਰਦਾਰ ਧਰਮ ਸਿੰਘ, ਬਲਾਕ ਸੰਮਤੀ ਮੈਂਬਰ ਕਮਲਾ ਦੇਵੀ, ਕਿਸ਼ਨ ਦਾਸ, ਸਾਬਕਾ ਬਲਾਕ ਸੰਮਤੀ ਮੈਂਬਰ ਚਰਨ ਦਾਸ ਸਮੇਤ ਪਿੰਡ ਦੇ ਬਹੁਤ ਸਾਰੇ ਲੋਕਾਂ ਨੇ ਪ੍ਰਾਣ ਦੀ ਮੌਤ ਤੇ ਦੁੱਖ ਪ੍ਰਗਟਾਇਆ ਹੈ। ਉਹਨਾਂ ਦੱਸਿਆ ਕਿ ਪਿੰਡ ਤੋਂ ਮੋਹਤਵਰ ਵਿਅਕਤੀ ਪ੍ਰਾਣ ਦੀ ਰਸਮ ਪਗੜੀ ਦੇ ਸਮਾਗਮ ਵਿਚ ਸ਼ਾਮਿਲ ਹੋਣ ਲਈ ਜਾਣਗੇ।

ਸਰਪੰਚ ਮਲਕੀਤ ਸਿੰਘ ਅਤੇ ਪੰਚਾਇਤ ਮੈਂਬਰ ਬਿੱਟੂ ਨੇ ਦੱਸਿਆ ਕਿ ਪ੍ਰਾਣ ਵਲੋਂ ਆਪਣੇ ਪਿੰਡ ਦਾ ਜਿਕਰ ਆਪਣੀ ਫਿਲਮ ' ਲਾਖੋਂ ਮੇਂ ਏਕ ' ਵਿਚ ਖੁਦ ਵਿਸਥਾਰ-ਪੂਰਵਕ ਕੀਤਾ ਹੈ।

ਸਾਬਕਾ ਸਰਪੰਚ ਗੁਰਮੇਲ ਸਿੰਘ ਅਤੇ ਚਰਨਦਾਸ ਨੇ ਕਿਹਾ ਕਿ ਪ੍ਰਾਣ ਨੇ ਆਪਣੀ ਅਦਾਕਾਰੀ ਨਾਲ ਪਿੰਡ ਭਰੋਵਾਲ ਨੂੰ ਦੁਨੀਆਂ ਵਿਚ ਮਸ਼ਹੂਰ ਕੀਤਾ ਅਤੇ ਆਪਣੇ ਵਲੋਂ ਸਮੇਂ ਸਮੇਂ ਢੁਕਵਾਂ ਆਰਥਿਕ ਸਹਿਯੋਗ ਵੀ ਦਿੱਤਾ। ਫਿਲਮ ਨਗਰੀ ਸਮੇਤ ਸਮੁੱਚੇ ਪਿੰਡ ਵਾਸੀਆਂ ਨੂੰ ਪ੍ਰਾਣ ਦੀ ਮੌਤ ਤੇ ਦੁੱਖ ਹੈ। ਇਹ ਕਦੇ ਵੀ ਨਾ ਪੂਰਿਆ ਜਾਣ ਵਾਲਾ ਘਾਟਾ ਹੈ।

ਉਹਨਾਂ ਦੱਸਿਆ ਕਿ ਮਹਾਨ ਐਵਾਰਡ 'ਦਾਦਾ ਸਾਹਿਬ ਫਾਲਕੇ ਐਵਾਰਡ' ਭਾਰਤੀ ਸਿਨੇਮਾ ਜਗਤ ਦੇ 100 ਵਰ੍ਹੇ ਪੂਰੇ ਹੋਣ ਤੇ ਸਾਡੇ ਪਿੰਡ ਦੇ ਵਾਸੀ ਰਹੇ ਪ੍ਰਾਣ ਨੂੰ ਮਿਲਿਆ ਤਾਂ ਉਹਨਾਂ ਪ੍ਰਾਣ ਨੂੰ ਫੋਨ ਤੇ ਵਧਾਈ ਦਿੱਤੀ ਸੀ ਪ੍ਰੰਤੂ ਉਹਨਾਂ ਦੀ ਉਮਰ ਅਤੇ ਯਾਦ ਸ਼ਕਤੀ ਐਨੀ ਕਮਜੋਰ ਸੀ ਕਿ ਉਹ ਬੜੀ ਮੁਸ਼ਕਲ ਨਾਲ ਜ਼ਵਾਬ ਦੇ ਰਹੇ ਸਨ। ਉਹਨਾਂ ਵਲੋਂ ਪਿੰਡ ਦੇ ਆਪਣੇ ਸਾਰੇ ਸਾਥੀਆਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਪਿੰਡ ਦੀ ਬੇਹਤਰੀ ਲਈ ਡੱਟ ਕੇ ਕੰਮ ਕਰਨ ਲਈ ਪ੍ਰਰਿਆ। ਸਰਪੰਚ ਮਲਕੀਤ ਸਿੰਘ ਨੇ ਦੱਸਿਆ ਕਿ ਪ੍ਰਾਣ ਨਾਲ ਉਸਦੀ ਅਤੇ ਉਸਦੀ ਬਲਾਕ ਸੰਮਤੀ ਬਣੀ ਪਤਨੀ ਕਮਲਾ ਦੇਵੀ ਨਾਲ ਗਲਬਾਤ ਬਹੁਤ ਹੀ ਸੀਮਤ ਸ਼ਬਦਾਂ ਵਿਚ ਕੀਤੀ ਸੀ।


ਪੰਡਿਤ ਸੁਰਿੰਦਰ ਮੋਹਨ ਜੋ ਪ੍ਰਾਣ ਦੇ ਗੁਆਂਢੀ ਹਨ ਨੇ ਦੱਸਿਆ ਕਿ ਉਹ ਪ੍ਰਾਣ ਨੂੰ ਬਚਪਨ ਤੋਂ ਹੀ ਪਸੰਦ ਕਰਦਾ ਹੈ। ਬੇਸ਼ੱਕ ਉਸਦਾ ਕਦੇ ਮੇਲ ਨਹੀਂ ਹੋਇਆ ਪ੍ਰੰਤੂ ਉਸਨੇ ਪ੍ਰਾਣ ਸਾਹਿਬ ਦੀਆਂ ਸਾਰੀਆਂ ਫਿਲਮਾਂ ਦੇਖੀਆਂ ਹਨ। ਉਹਨਾਂ ਦੱਸਿਆ ਕਿ ਇਹ ਸਬੱਬ ਹੀ ਸੀ ਕਿ ਫਗਵਾੜੇ ਤੋਂ ਰੇਲ ਗੱਡੀ ਵਿਚ ਬੈਠਕੇ ਇਕ ਨਿਵੇਕਲੇ ਅੰਦਾਜ ਵਿਚ ਸਿਗਰਟ ਪੀਂਦੇ ਨੂੰ ਦੇਖਕੇ ਕੀਲੇ ਗਏ ਨਾਲ ਬੈਠੇ ਅਣਜਾਣ ਫਿਲਮੀ ਡਾਇਰੈਕਟਰ ਨੇ ਪ੍ਰਾਣ ਨੂੰ ਆਪਣੇ ਨਾਲ ਹੀ ਲਿਜਾਉਣ ਦੀ ਜਿੱਦ ਫੜ ਲਈ ਤੇ ਉਸਨੂੰ ਮਹਾਂ ਨਗਰੀ ਦਾ ਮਹਾਨ ਨਾਇਕ ਬਣਾਕੇ ਰੱਖ ਦਿੱਤਾ।

ਸਿਗਰਟ ਮਾੜੀ ਚੀਜ ਹੈ ਸ਼ਾਇਦ ਹੁਣ ਪ੍ਰਾਣ ਪੀਂਦੇ ਵੀ ਨਹੀਂ ਸਨ ਪ੍ਰੰਤੂ ਉਹਨਾਂ ਦਾ ਸੂਟਾ ਮਾਰਨ ਅੰਦਾਜ ਖਤਰਨਾਕ ਖਲਨਾਇਕ ਲੱਗਦਾ ਸੀ। ਉਸਦੇ ਫਿਲਮੀ ਕਿਰਦਾਰਾਂ ਨੂੰ ਹਮੇਸ਼ਾਂ ਯਾਦ ਕੀਤਾ ਜਾਂਦਾ ਰਹੇਗਾ।

# ਮੁੱਗੋਵਾਲ ਦਾ ਮਾਣ ਚਿੱਤਰਕਾਰੀ ਅਤੇ ਅਦਾਕਾਰੀ ਦੀ ਸੁਮੇਲ- ਸਿਮਰਜੀਤ ਮਾਣਕ

ਲੜਕੀਆਂ ਨੂੰ ਮਿਲਣ ਵਾਲਾ ਮਾਨ ਸਨਮਾਨ ਅੱਜ ਵੀ ਨਹੀਂ ਮਿਲ ਰਿਹਾ, ਮਰਦ ਪ੍ਰਧਾਨ ਸਮਾਜ ਵਿਚ ਉਹਨਾਂ ਨੂੰ ਅਲੱਗ ਹੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਹ ਆਪਣੇ ਘਰ ਵਿਚ ਵੀ ਸਰੱਖਿਅਤ ਨਹੀਂ ਹਨ ਪ੍ਰੰਤੂ ਤਰੱਕੀ ਦੇ ਜੋ ਝੰਡੇ ਇਸ ਵਕਤ ਲੜਕੀਆਂ ਗੱਡ ਰਹੀਆਂ ਹਨ ਉਹ ਲੜਕਿਆਂ ਵਲੋਂ ਗੱਡ ਹੀ ਨਹੀਂ ਹੋਏ। ਅਜੋਕੇ ਸਮੇਂ ਦੁਨੀਆਂ ਵਿਚ ਜਿਹੜੇ ਵੀ ਮਰਜੀ ਮੁਕਾਬਲੇ ਨੂੰ ਲੈ ਲਵੋ ਉਹਨਾਂ ਵਿਚ ਜ਼ਿਆਦਾ ਤਰ





ਪਹਿਲਾ ਸਥਾਨ ਲੜਕੀਆਂ ਦਾ ਹੀ ਅੱਗੇ ਆ ਰਿਹਾ ਹੈ। ਪੰਜਾਬ ਦੀ ਜਵਾਨੀ ਨਸ਼ਿਆਂ ਨੇ ਖਾ ਲਈ, ਪਿੰਡਾਂ ਅਤੇ ਸ਼ਹਿਰਾਂ ਦੇ ਗੱਭਰੂਆਂ ਦੇ ਬੂਥੇ ਨਸ਼ਿਆਂ ਨਾਲ ਅੰਦਰ ਧੱਸ ਚੁੱਕੇ ਹਨ। ਲੜਕੇ ਪੜ੍ਹਾਈ ਸਮੇਤ ਹੋਰ ਕੰਮਾਂ ਵਿਚ ਲੜਕੀਆਂ ਨਾਲੋਂ ਬਹੁਤ ਪਿੱਛੇ ਹਨ ਜੋ ਪੰਜਾਬ ਲਈ ਵੱਡੀ ਦੁੱਖਦਾਇਕ ਗੱਲ ਬਣ ਗਈ ਹੈ। ਬਲਾਕ ਮਾਹਿਲਪੁਰ ਦੇ ਇਤਿਹਾਸਿਕ ਅਤੇ ਆਦਿ ਧਰਮ ਸਮਾਜ ਦੇ ਉਘੇ ਮਰਹੂਮ ਸਾਬਕਾ ਵਿਧਾਇਕ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਪਿੰਡ ਮੁੱਗੋਵਾਲ ਦੀ ਧਰਤ ਨੂੰ ਮਾਣ ਹੈ ਕਿ ਉਸਨੇ ਜਿਥੇ ਦੇਸ਼ ਭਗਤਾਂ ਅਤੇ ਫੁੱਟਬਾਲ ਖਿਡਾਰੀਆਂ ਨੂੰ ਜਨਮ ਦਿੱਤਾ ਉਥੇ ਲੇਖਕਾਂ, ਸੰਪਾਦਕਾਂ, ਪੱਤਰਕਾਰਾਂ, ਪੜ੍ਹਾਈ ਅਤੇ ਹੋਰ ਸਮਾਜ ਸੇਵੀ ਖੇਤਰ ਵਿਚ ਮੱਲਾਂ ਮਾਰਨ ਵਾਲੇ ਨੌਜਵਾਨ ਵੀ ਪੈਦਾ ਕੀਤੇ ਹਨ। ਚਿੱਤਰਕਾਰੀ ਵਿਚ ਮੱਲਾਂ ਮਾਰਨ ਵਾਲੀ ਲੜਕੀ ਸਿਮਰਜੀਤ ਮਾਣਕ ਵੀ ਇਸ ਪਿੰਡ ਦੀ ਵਸਨੀਕ ਹੈ ਜਿਸਨੇ ਆਪਣੀ ਨਿਵੇਕਲੀ ਅਦਾਕਾਰੀ, ਚਿੱਤਰਕਾਰੀ ਅਤੇ ਐਂਕਰਿੰਗ ਨਾਲ ਵੱਖਰੀ ਪਹਿਚਾਣ ਬਣਾਈ ਹੈ। ਮਾਹਿਲਪੁਰ ਦੇ ਸੰਤ ਬਾਬਾ ਹਰੀ ਸਿੰਘ ਮੈਮੋਰੀਅਲ ਖਾਲਸਾ ਕਾਲਜ ਆਫ ਐਜੂਕੇਸ਼ਨ ਵਿਚ ਬਤੌਰ ਕਲਾ ਅਤੇ ਸਿੱਖਿਆ ਵਿਸ਼ੇ ਨਾਲ ਸਬੰਧਤ ਲੈਕਚਰਾਰ ਸਿਮਰਜੀਤ ਮਾਣਕ ਵਲੋਂ ਮੁੱਢਲੀ ਸਿੱਖਿਆ ਆਪਣੇ ਪਿੰਡ ਦੇ ਸਕੂਲ ਤੋਂ ਪ੍ਰਾਪਤ ਕਰਕੇ ਉਚੇਰੀ ਸਿੱਖਿਆ (ਐਮ ਏ ਫਾਈਨ ਆਰਟ) ਸਰਕਾਰੀ ਕਾਲਜ ਹੁਸ਼ਿਆਰਪੁਰ ਤੋਂ ਪਹਿਲੇ ਦਰਜੇ ਵਿਚ ਹਾਸਿਲ ਕੀਤੀ। ਉਸਨੂੰ ਮਾਣ ਹੈ ਕਿ ਉਸਦੀ ਕਾਲਜ ਦੇ ਪ੍ਰਾਸਪੈਕਟ ਅਤੇ ਸਲਾਨਾ ਮੈਗਜ਼ੀਨ 'ਤ੍ਰਿਗਤ 'ਦੇ ਮੁੱਖ ਪੰਨੇ ਤੇ ਫੋਟੋ ਛਪਦੀ ਰਹੀ ਹੈ। ਬੀ ਐਡ ਦੀ ਡਿਗਰੀ ਉਸਨੇ ਰਿਆਤ ਕਾਲਜ ਆਫ ਐਜੂਕੇਸ਼ਨ ਰੇਲ ਮਾਜ਼ਰਾ(ਸ਼ਹੀਦ ਭਗਤ ਸਿੰਘ ਨਗਰ) ਤੋਂ ਕੀਤੀ।

ਪਿੰਡ ਮੁਗੋਵਾਲ ਵਿਖੇ ਪਰਵਾਸੀ ਭਾਰਤੀ ਬਖਸ਼ੀਸ਼ ਸਿੰਘ ਦੇ ਘਰ ' ਚ 28 ਨਵੰਬਰ 1989 ਨੂੰ ਜਨਮੀ



ਸਿਮਰਜੀਤ ਮਾਣਕ ਵਲੋਂ ਪੜ੍ਹਾਈ ਦੌਰਾਨ ਇੰਟਰ ਯੂਨੀਵਰਸਿਟੀ ਮੁਕਾਬਲਿਆਂ ਵਿਚ ਸਰਕਾਰੀ ਕਾਲਜ ਹੁਸ਼ਿਆਰਪੁਰ ਲਈ ਅਨੇਕਾਂ ਮੈਡਲ ਜਿੱਤੇ। ਉਸਨੇ ਆਪਣੀਆਂ ਪ੍ਰਾਪਤੀਆਂ ਦਾ ਸਿਹਰਾ ਆਪਣੀ ਮਾਤਾ ਜਗਦੀਸ਼ ਕੌਰ ਨੂੰ ਦਿੰਦਿਆਂ ਦੱਸਿਆ ਕਿ ਉਸਨੂੰ ਇਸ ਮੁਕਾਮ ਤੇ ਪਹੁੰਚਾਉਣ ਵਿਚ ਉਸਦੀ ਮਾਂ ਨੇ ਮੋਹਰੀ ਭੂਮਿਕਾ ਨਿਭਾਈ। ਪਰਿਵਾਰ ਨੇ ਉਸਨੂੰ ਲੜਕੀ ਹੋਣ ਦਾ ਕਦੇ ਵੀ ਅਹਿਸਾਸ ਨਹੀਂ ਹੋਣ ਦਿੱਤਾ। ਉਸਨੂੰ ਮੁੰਡਿਆਂ ਵਾਂਗ ਪਿਆਰਿਆ ਅਤੇ ਸਤਿਕਾਰਿਆ। ਉਸਦੇ ਪਰਿਵਾਰ ਵਿਚ ਉਸ ਤੋਂ ਇਲਾਵਾ ਇਕ ਭਰਾ ਅਤੇ ਭੈਣ ਹੈ। ਸਿਮਰ ਨੇ ਹੁਣ ਤੱਕ ਅਨੇਕਾਂ ਭੂੰਮੀ ਦ੍ਰਿਸ਼ਾਂ, ਗੁਰੂਆਂ ਪੀਰਾਂ ਦੇ ਚਿੱਤਰਾਂ ਤੋਂ ਇਲਾਵਾ ਪੰਜਾਬ ਦੇ ਮਾਣ ਗੁਰਦਾਸ ਮਾਨ ਦਾ ਚਿੱਤਰ ਬਣਾਕੇ ਆਪਣੀ ਕਲਾ ਦੀ ਧੁੰਮ ਮਚਾਈ। ਉਸਨੇ ਦੱਸਿਆ ਕਿ ਗੁਰਦਾਸ ਮਾਨ ਨੂੰ ਜਦ ਉਸਨੇ ਪਿੰਡ ਵਿਚ ਉਸਨੂੰ ਉਸਦਾ ਬਣਾਇਆ ਚਿੱਤਰ ਭੇਟ ਕੀਤਾ ਤਾਂ ਗੁਰਦਾਸ ਮਾਨ ਵਲੋਂ ਉਸਨੂੰ ਕਲਾਵੇ ਵਿਚ ਲੈ ਕੇ ਉਸਨੂੰ 500 ਰੁਪਏ ਪਿਆਰ ਵਜੋਂ ਦਿੱਤਾ ਜੋ ਉਸਨੇ ਹੁਣ ਤੱਕ ਸਾਂਭਕੇ ਰੱਖਿਆ ਹੋਇਆ ਹੈ।ਸ੍ਰੀ ਮਾਤਾ ਸਤੀ ਦਾਦੀ ਰਾਣੀ ਪ੍ਰਬੰਧਕ ਕਮੇਟੀ ਮੁੱਗੋਵਾਲ ਵਲੋਂ ਭਰਵੇਂ ਮੇਲੇ ਦੌਰਾਨ ਉਸਦਾ ਸਨਮਾਨ ਵੀ ਕੀਤਾ ਗਿਆ।

ਸਿਮਰਜੀਤ ਮਾਣਕ ਵਲੋਂ ਬਣਾਏ ਚਿੱਤਰਾਂ ਦੀਆਂ ਪ੍ਰਦਰਸ਼ਨੀਆਂ ਆਰਟ ਸੈਂਟਰ ਚੰਡੀਗੜ੍ਹ, 'ਪਰਿਆਸ ਇਕ ਕੌਸ਼ਿਸ਼ ਗਰੁੱਪ ਜਲੰਧਰ' ਤੋਂ ਇਲਾਵਾ ਕੇਟੀ ਕਾਲਾ ਅਪ ਸਟੇਅਰ ਵਲੋਂ ਆਲ ਇੰਡੀਆ ਪੱਧਰ ਦੀ ਅੰਮ੍ਰਿਤਸਰ ਵਿਖੇ ਲਾਈਆਂ ਪ੍ਰਦਰਨੀਆਂ ਵਿਚ ਚਰਚਾ ਦਾ ਵਿਸ਼ਾ ਬਣਦੇ ਰਹੇ ਹਨ। ਉਸਨੇ ਦੱਸਿਆ ਕਿ ਆਰਟ ਗੁਰੂ ਡਾ ਬਲਦੇਵ ਸਿੰਘ ਗੰਭੀਰ ਵਲੋਂ ਉਸਦੇ ਬਣਾਏ ਮਹਾਤਮਾਂ ਬੁੱਧ ਅਤੇ ਰਾਧਾ ਤੇ ਕ੍ਰਿਸ਼ਨ ਦੇ ਬਣਾਏ ਚਿੱਤਰਾਂ ਨੂੰ ਖ਼ੂਬ ਪਸੰਦ ਕੀਤਾ ਗਿਆ। ਉਸਦਾ ਕਹਿਣ ਹੈ ਕਿ ਕਿਸੇ ਵੀ ਕੰਮ ਨੂੰ ਲਗਨ ਅਤੇ ਮਿਹਨਤ ਨਾਲ ਕੀਤਾ ਜਾਵੇ ਤਾਂ ਸਫਲਤਾ ਇਕ ਦਿਨ ਉਸਨੂੰ ਜਰੂਰ ਮਿਲਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿਚ ਭਾਵੇਂ ਉਹ ਪੜ੍ਹੀ ਨਹੀਂ ਪ੍ਰੰਤੂ ਸਿੱਖ ਵਿਦਿਅਕ ਕੌਂਸਲ ਮਾਹਿਲਪੁਰ ਵਲੋਂ ਚਲਾਏ ਜਾ ਰਹੇ ਬੀ ਐਡ ਕਾਲਜ ਵਿਚ ਉਹ ਬਤੌਰ ਕਲਾ ਸਿੱਖਿਆ ਲੈਕਚਰਾਰ ਵਜੋਂ ਨੋਕਰੀ ਕਰਕੇ ਖੁਸ਼ੀ ਮਹਿਸੂਸ ਕਰ ਰਹੀ ਹੈ। ਕਾਲਜ ਦੇ ਪ੍ਰਿੰਸੀਪਲ ਡਾ ਸੁਰਜੀਤ ਸਿੰਘ ਰੰਧਾਵਾ ਅਤੇ ਪ੍ਰਿੰਸੀਪਲ ਡਾ ਸੁੱਚਾ ਸਿੰਘ ਧਾਲੀਵਾਲ ਉਸ ਅੰਦਰਲੀ ਕਲਾ ਨੂੰ ਹੋਰ ਨਿਖਾਰਨ ਲਈ ਪੂਰਾ ਸਹਿਯੋਗ ਦੇ ਰਹੇ ਹਨ।

# ਗੁਰੂ ਰਵਿਦਾਸ ਜੀ: ਭਗਤ ਜਾਂ ਗੁਰੂ
## (ਸਿੱਖ ਵਿਦਵਾਨਾਂ ਅਨੁਸਾਰ)

ਗੁਰੂ ਰਵਿਦਾਸ ਜੀ ਭਗਤ ਹਨ ਜਾਂ ਗੁਰੂ? ਇਹ ਬਹੁਤ ਚਿਰ ਤੋਂ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਗੁਰੂ ਜੀ ਭਗਤ ਤਾਂ ਹਨ ਹੀ, ਉਹ ਆਪਣੇ ਸਮੇਂ ਤੋਂ ਲੈ ਕੇ ਅੱਜ ਤੱਕ ਮਹਾਨ ਗੁਰੂ ਦੇ ਰੂਪ ਵਿਚ ਪੂਜੇ ਵੀ ਜਾਂਦੇ ਹਨ। ਉੱਚੀ ਜਾਤ ਵਾਲਿਆਂ ਨੇ ਉਹਨਾਂ ਨੂੰ ਬੜੀ ਸ਼ਾਨ ਨਾਲ ਆਪਣਾ ਗੁਰ ਸਵੀਕਾਰ ਕਰਕੇ ਪੂਜਿਆ ਹੈ। ਉਹਨਾਂ ਵਿਚੋਂ ਝਾਲੀ ਬਾਈ, ਮੀਰਾਂ ਬਾਈ ਅਤੇ ਉਹਨਾਂ ਦੇ ਪਰਿਵਾਰ ਨੇ ਉਹਨਾਂ ਨੂੰ ਰਾਜ ਗੁਰੂ ਦੀ ਪਦਵੀ ਤੇ ਸੁਸ਼ੋਭਿਤ ਕਰ ਸ਼ਾਹੀ ਠਾਠ ਬਾਠ ਨਾਲ ਪੂਜਾ ਕੀਤੀ। ਪਰ ਕੁਝ ਲੋਕ ਜਾਣ ਬੁੱਝ ਕੇ ਗੁਰੂ ਰਵਿਦਾਸ ਜੀ ਨੂੰ "ਭਗਤ" ਲਿਖਦੇ ਹਨ, ਪਰ ਸਿੱਖ ਜਗਤ ਦੇ ਲੱਗਭੱਗ ਸਾਰੇ ਵਿਦਵਾਨ ਉਹਨਾਂ ਨੂੰ ਭਗਤ ਹੀ ਲਿਖਦੇ ਹਨ ਅਤੇ 'ਭਗਤ' ਰੂਪ ਵਿਚ ਹੀ ਪ੍ਰਵਾਨ ਕਰਦੇ ਹਨ- ਗੁਰੂ ਰੂਪ ਵਿਚ ਨਹੀਂ। ਇਹ ਤੱਥ ਡੂੰਘੇ ਅਤੇ ਗੰਭੀਰ ਅਧਿਐਨ ਦੀ ਮੰਗ ਕਰਦਾ ਹੈ।

ਜਦ ਮਨੁੱਖ ਪਰਮਾਤਮਾ ਦੀ ਭਗਤੀ ਕਰਦਾ ਹੈ ਤਾਂ ਮਨੁੱਖੀ ਹਿਰਦਾ ਦੁਨੀਆਂ ਤੋਂ ਬੇਖ਼ਬਰ ਪਰਮਾਤਮਾ ਦੇ ਪਿਆਰ ਭਰੇ ਮਿਲਾਪ ਲਈ ਬਿਹਬਲ ਹੋ ਉਠਦਾ ਹੈ। ਪਰਮਾਤਮਾ ਮਨੁੱਖ ਦੀ ਪਿਆਰ ਸ਼ਕਤੀ ਅੱਗੇ ਬੇਵੱਸ ਹੋ, ਉਸ ਨੂੰ ਆਪਣਾ ਬਣਾ ਲੈਂਦਾ ਹੈ। ਇਸ ਤਰ੍ਹਾਂ ਮਨੁੱਖ ਪ੍ਰਭ ਦਾ ਭਗਤ ਹੋ ਨਿੱਬੜਦਾ ਹੈ ਅਤੇ ਮਨ ਪ੍ਰਕਾਸ਼ ਨਾਲ ਨੂਰ-ਨੂਰ ਹੋ ਜਾਂਦਾ ਹੈ। ਇਹ ਪ੍ਰਕਾਸ਼ ਪਰਮਾਤਮਾ ਦੀ ਸਿਰਜੀ ਸ੍ਰਿਸ਼ਟੀ ਦਾ ਹੀ ਗਿਆਨ ਹੁੰਦਾ ਹੈ। ਇਹੋ ਨੂਰੀ ਪ੍ਰਕਾਸ਼ ਭਗਤ ਨੂੰ ਦੁਨੀਆਂ ਵਿਚ ਉਜਾਗਰ ਕਰਦਾ ਹੈ। ਦੁਨੀਆਂ ਸ਼ਰਧਾ ਭਾਵ ਨਾਲ ਭਗਤ ਦੀ ਸੇਵਾ ਵਿਚ ਆ ਜੁੜਦੀ ਹੈ। ਫਿਰ ਭਗਤ ਜੁੜੀ ਸੰਗਤ ਨੂੰ ਜੀਵਨ ਸਫਲ ਬਣਾਉਣ ਲਈ ਬ੍ਰਹਮ ਗਿਆਨ ਰਾਹੀਂ ਸਿਮਰਨ ਕਰਕੇ ਮੁਕਤੀ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦਾ ਹੈ। ਜਦ 'ਭਗਤ' ਉਪਦੇਸ਼ ਦਿੰਦਾ ਹੈ- ਉਦੋਂ ਉਹ 'ਗੁਰੂ' ਬਣ ਜਾਂਦਾ ਹੈ। (ਮਹਾਨ ਕੋਸ਼- 311)

ਸਪੱਸ਼ਟ ਹੈ- ਜਦੋਂ ਮਨੁੱਖ ਪਰਮਾਤਮਾ ਦੀ ਭਗਤੀ ਕਰਦਾ ਹੈ, ਉਦੋਂ ਉਹ 'ਭਗਤ' ਹੈ ਅਤੇ ਜਦੋਂ ਉਹ ਬ੍ਰਹਮ-ਗਿਆਨ ਨਾਲ ਭਰਪੂਰ ਹੋ ਸੰਗਤ ਨੂੰ ਉਪਦੇਸ਼ ਦਿੰਦਾ ਹੈ- ਉਦੋਂ ਉਹ 'ਗੁਰੂ' ਹੈ।

ਉਪਰਲੇ ਵਿਚਾਰ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਵਿਚੋਂ ਬੜੀ ਆਸਾਨੀ ਨਾਲ ਹੋ ਜਾਂਦੀ ਹੈ:

(ੳ) ਸੇ ਭਗਤ ਸੇ ਭਗਤ ਭਲੇ ਜਨ ਨਾਨਕ ਜੀ,
ਜੋ ਭਾਵਹਿ ਮੇਰੇ ਹਰਿ ਭਗਵੰਤਾ।। (ਆਸਾ ਮ: 4)
(ਅ) ਜੇ ਨਾਹ ਆਪਣੇ ਸੰਗਿ ਦਾਸੀ ਮੈ
ਭਗਤਿ ਹਰਿ ਕੀ ਭਾਵਏ।।
ਅਗਾਧਿ ਬੋਧਿ ਅਕਥੁ ਸਹਜ
ਪ੍ਰਭ ਗੁਣ ਗਾਵਏ।। (ਬਿਲਾਵਲ ਮ: 1)

ਇਨ੍ਹਾਂ ਸ਼ਬਦਾਂ ਤੋਂ ਸਪੱਸ਼ਟ ਹੈ ਕਿ ਭਗਤ ਉਹੋ ਹੀ ਵਡਭਾਗੇ ਹਨ, ਜਿਹੜੇ ਪਰਮਾਤਮਾ ਨੂੰ ਸਵੀਕਾਰ ਹੋ ਜਾਂਦੇ ਹਨ ਅਤੇ ਉਸ ਦੇ ਗਿਆਨ ਨਾਲ ਭਰਪੂਰ ਹੋ, ਉਸ ਦੇ ਗੁਣ ਗਾਉਂਦੇ ਨਹੀਂ ਥੱਕਦੇ।

ਗੁਰਬਾਣੀ ਵਿਚ 'ਗੁਰੂ' ਨੂੰ ਧਰਮ-ਉਪਦੇਸ਼ਕ, ਧਰਮ ਆਚਾਰੀਆ ਆਦਿ ਕਿਹਾ ਗਿਆ ਹੈ। (ਮਹਾਨ ਕੋਸ਼-314)

ਗੁਰੁ ਈਸਰੁ ਗੁਰੁ ਗੋਰਖੁ ਬਰਮਾ।।
ਗੁਰਾ ਇਕ ਦੇਹ ਬੁਝਾਈ।। (ਜਪੁ ਸਾਹਿਬ)

"For our spiritual uplift, we need a Guru of religious preceptor, who prepares us in thought, deed and action in order to make us a loving bride of the lord."

ਅਨੁਵਾਦ: 'ਸਾਡੇ ਰੂਹਾਨੀਅਤ ਦੇ ਵਿਕਾਸ ਲਈ, ਸਾਨੂੰ ਇਕ ਗੁਰੂ ਜਾਂ ਧਾਰਮਿਕ ਉਪਦੇਸ਼ ਦੇਣ ਵਾਲੇ ਦੀ ਜ਼ਰੂਰਤ ਹੁੰਦੀ ਹੈ, ਜਿਹੜਾ ਸਾਡੇ ਵਿਚਾਰ, ਕਾਰਜ ਅਤੇ ਕਰਮ ਨੂੰ ਇਸ ਤਰੀਕੇ ਨਾਲ ਢਾਲਦਾ ਹੈ ਕਿ ਅਸੀਂ ਪਰਮਾਤਮਾ ਨੂੰ ਪਿਆਰੇ ਲੱਗਣ ਲੱਗ ਜਾਂਦੇ ਹਾਂ।"

ਜੇ ਇਹ ਵਿਚਾਰ ਦ੍ਰਿੜ੍ਹ ਹੋ ਗਿਆ ਹੈ ਕਿ ਸਾਧਕ ਜਦ ਪ੍ਰਭ ਦੀ ਭਗਤੀ ਕਰਦਾ ਹੈ- ਭਗਤ ਹੈ। ਭਗਤ ਬਣਨ ਪਿੱਛੋਂ ਜਦ ਲੋਕਾਂ ਨੂੰ ਉਪਦੇਸ਼ ਦਿੰਦਾ ਹੈ- ਗੁਰੂ ਹੈ। ਇਸ ਤੋਂ ਇਹ ਵੀ ਦ੍ਰਿੜ੍ਹ ਹੋ ਜਾਂਦਾ ਹੈ ਕਿ ਗੁਰੂ ਰਵਿਦਾਸ ਜੀ 'ਭਗਤ' ਵੀ ਹਨ ਅਤੇ 'ਗੁਰੂ' ਵੀ। ਦੂਜੇ, ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਸਮੇਂ ਗੁਰੂ ਰਵਿਦਾਸ ਜੀ ਦੀ ਬਾਣੀ ਪੰਜਾਬ ਵਿਚ ਪ੍ਰਚੱਲਿਤ ਹੋ ਚੁੱਕੀ ਸੀ। ਗੁਰੂ ਨਾਨਕ ਦੇਵ ਜੀ ਦੇ ਅੱਗੇ ਭਾਈ ਮਰਦਾਨਾ ਗੁਰੂ ਰਵਿਦਾਸ ਜੀ ਦੀ ਬਾਣੀ ਗਾਉਂਦਾ ਸੀ: "ਮਰਦਾਨਾ- ਤਲਵੰਡੀ ਰਾਇ ਭੋਇ ਕੀ ਰਹਦਾ, ਰਬਾਬ ਵਜਾਇਦਾ, ਨਾਮ (ਨਾਮਦੇਵ) ਕਬੀਰ, ਤਿਲੋਚਨ ਰਵਿਦਾਸ, ਧੰਨੇ, ਬੇਣੀ ਕੇ ਪਦੇ ਗਾਵਤਾ," (ਪੰਜਾਬੀ ਦੁਨੀਆਂ ਗੁਰੂ ਰਵਿਦਾਸ ਅੰਕ (1971)-15)

ਇਸ ਪ੍ਰਮਾਣ ਤੋਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਦੀ ਬਾਣੀ ਗੁਰੂ ਨਾਨਕ ਦੇਵ ਜੀ ਪਾਸ ਸੀ ਅਤੇ ਭਾਈ ਮਰਦਾਨਾ, ਉਹਨਾਂ ਦੀ ਹਾਜ਼ਰੀ ਵਿਚ, ਗੁਰੂ ਰਵਿਦਾਸ ਜੀ ਦੀ ਬਾਣੀ ਗਾਉਂਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਣ ਪਿੱਛੋਂ, ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ 'ਗੁਰਤਾ' ਦਿੱਤੀ। ਉਸ ਸਮੇਂ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ 'ਸ਼ਬਦ-ਗੁਰੂ' ਦੇ ਤੌਰ ਤੇ ਪ੍ਰਵਾਨ ਕਰ ਲਿਆ ਗਿਆ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਦੇ 'ਗੁਰੂ' ਹੋਣ ਦੀ ਇਤਿਹਾਸਕ ਸਚਾਈ 'ਤੇ ਫੁੱਲ ਚੜ੍ਹਾਏ ਗਏ।

ਗੁਰੂ ਨਾਨਕ ਦੇਵ ਜੀ, ਗੁਰੂ ਰਵਿਦਾਸ ਜੀ ਦੀ ਬਾਣੀ ਰਾਹੀਂ ਪਰਮਾਤਮਾ ਦੀ ਪ੍ਰਾਪਤੀ ਲਈ ਗਾ ਗਾ ਕੇ ਲੋਕਾਂ ਨੂੰ ਉਪਦੇਸ਼ ਦਿੰਦੇ ਸਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ, ਗੁਰੂ ਰਵਿਦਾਸ ਦੇ ਗਿਆਨ ਨਾਲ ਲੋਕਾਂ ਨੂੰ ਮੁਕਤ ਕਰਦੇ ਸਨ ਅਤੇ ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਉਸ ਸਮੇਂ ਗੁਰੂ ਰਵਿਦਾਸ ਗੁਰੂ ਰੂਪ ਹੁੰਦੇ ਸਨ। ਇਕ ਵਾਰੀ ਲੋਕਾਂ ਨੇ ਗੁਰੂ ਨਾਨਕ ਦੇਵ ਜੀ ਤੋਂ ਪੂਜਾ, ਸਿਮਰਨ ਆਦਿ ਬਾਰੇ ਪੁੱਛਿਆ ਤਾਂ ਉਹਨਾਂ ਨੇ ਪਰਮੇਸ਼ਵਰ ਦੇ ਸਿਮਰਨ ਲਈ ਗੁਰੂ ਰਵਿਦਾਸ ਦੀ ਬਾਣੀ ਨੂੰ ਅਪਣਾਉਣ ਦੀ ਅਤੇ ਇਸ ਬਾਣੀ ਦੀ ਅਗਵਾਈ ਹੇਠ ਅਸਲੀ ਜੀਵਨ ਜਿਉਣ ਦੀ ਪ੍ਰੇਰਨਾ ਦਿੱਤੀ। ਲੋਕਾਂ ਪੁੱਛਿਆ:-

"ਬਾਬਾ ਜੀ, ਸਿ ਕਵਣੁ ਸਿਮਰਣੁ ਜਿ ਕੀਜੀਐ? ਕਹੇ ਪੁਰਖਾ- ਪਰਮੇਸਰ ਕਾ ਸਿਮਰਣੁ ਕਰਹੁ। ਤਬ ਸ੍ਰੀ ਨਾਮੇ, ਕਬੀਰ ਰਵਿਦਾਸ ਕੇ ਪਦੇ ਬਾਬੇ ਜੀ ਕਾ ਬਾਣੀ ਸੈਨ, ਬੇਣੀ ਕੀ ਬਾਣੀ ਲਾਗੈ ਗਾਵਣੈ, ਪ੍ਰੇਮ ਕਰਿ ਕਰਿ। (ਸੋਢੀ ਮਿਹਰਬਾਨ, ਪੋਥੀ ਸੱਚਖੰਡ ਜਨਮ ਸਾਖੀ ਗੁਰੂ ਨਾਨਕ ਦੇਵ-73, ਪੋਥੀ 137-38)


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਸਪੱਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸ਼ਬਦ- ਗੁਰੂ ਦੇ ਰੂਪ ਵਿਚ ਗੁਰੂ ਰਵਿਦਾਸ ਜੀ ਦੀ ਬਾਣੀ ਨੂੰ ਉਚਤਮ ਸਤਿਕਾਰ ਦਿੱਤਾ।

ਜਦ ਗੁਰੂ ਨਾਨਕ ਦੇਵ ਜੀ ਨੇ, ਗੁਰੂ ਰਵਿਦਾਸ ਜੀ ਦੀ ਬਾਣੀ ਨੂੰ 'ਸ਼ਬਦ-ਗੁਰੂ' ਦੇ ਰੂਪ ਵਿਚ ਪ੍ਰਵਾਨ ਕਰ ਲਿਆ ਹੈ ਤਾਂ ਫਿਰ ਸਿੱਖ ਜਗਤ ਗੁਰੂ ਰਵਿਦਾਸ ਜੀ ਨੂੰ ਗੁਰੂ ਕਿਉਂ ਨਹੀਂ ਮੰਨਦਾ? ਕੀ ਗੁਰੂ ਗ੍ਰੰਥ ਸਾਹਿਬ ਨੂੰ 'ਗੁਰਤਾ' ਮਿਲਣ ਪਿੱਛੋਂ ਵੀ ਇਸ ਵਿਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ 'ਗੁਰੂ' ਦੀ ਪਦਵੀ ਨਹੀਂ ਮਿਲੀ? ਜੋ ਵੀ ਕੋਈ ਉਪਦੇਸ਼ ਦਿੰਦਾ ਹੈ, ਉਹ ਗੁਰੂ ਹੈ। ਕੀ ਇਹ ਕਥਨ ਗਲਤ ਹੈ? ਜੇ ਇਸ ਕਥਨ ਨੂੰ ਗਲਤ ਮੰਨ ਲਈਏ ਤਾਂ ਜਪੁ ਸਾਹਿਬ ਵਿਚ ਆਈ "ਗੁਰਾਂ ਇਕ ਦੇਹ ਬੁਝਾਈ" ਦੀ ਵਿਚਾਰਧਾਰਾ ਵੀ ਗਲਤ ਹੋ ਜਾਂਦੀ ਹੈ। ਜਪੁ ਸਾਹਿਬ ਵਿਚ ਆਏ ਇਸ ਵਿਚਾਰਧਾਰਾ ਦੇ ਗਲਤ ਹੋਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚ ਬਿਰਾਜਮਾਨ ਮਹਾਂਪੁਰਸ਼ਾਂ ਨੂੰ ਹਰ ਹਾਲਤ ਵਿਚ ਗੁਰੂ ਮੰਨਣਾ ਹੀ ਪਵੇਗਾ।

ਐਨੇ ਠੋਸ ਅਤੇ ਪ੍ਰਮਾਣਿਕ ਸਬੂਤ ਹੁੰਦਿਆਂ ਹੋਇਆਂ ਵੀ ਲੋਕ, ਖਾਸ ਕਰਕੇ ਸਿੱਖ ਜਗਤ ਦੇ ਵਿਦਵਾਨ ਗੁਰੂ ਰਵਿਦਾਸ ਜੀ ਨੂੰ 'ਗੁਰੂ' ਮੰਨਣਾ ਤਾਂ ਇਕ ਪਾਸੇ ਰਿਹਾ, ਉਹ ਗੁਰੂ ਲਿਖਣ ਲਈ ਵੀ ਤਿਆਰ ਨਹੀਂ ਹਨ।

ਕੀ ਗੁਰੂ ਰਵਿਦਾਸ ਜੀ ਨੂੰ ਕਿਸੇ ਨੇ ਵੀ ਰਹੁ ਰੀਤਾਂ ਨਾਲ 'ਗੁਰੂ' ਧਾਰਨ ਕਰਕੇ ਉਹਨਾਂ ਦੀ ਪੂਜਾ ਨਹੀਂ ਕੀਤੀ? ਕੀ ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਉਪਦੇਸ਼ ਦੇ ਕੇ ਲੋਕਾਂ ਨੂੰ ਚੁਰਾਸੀ ਦੇ ਚੱਕਰ ਤੋਂ ਮੁਕਤ ਨਹੀਂ ਕੀਤਾ? ਗੁਰੂ ਰਵਿਦਾਸ ਜੀ ਨੂੰ ਰਹੁ ਰੀਤਾਂ ਨਾਲ ਰਾਣੀ ਝਾਲੀ ਬਾਈ, ਮੀਰਾਂ ਬਾਈ, ਰਾਜਾ ਰਾਣਾ ਕੁੰਭਾ, ਰੀਵਾ-ਨਰੇਸ਼ ਵੀਰ ਸਿੰਘ ਦੇਵ ਬਘੇਲਾ ਅਤੇ ਅਨੇਕਾਂ ਹੋਰਾਂ ਨੇ ਉਹਨਾਂ ਨੂੰ 'ਗੁਰੂ' ਧਾਰ ਕੇ ਪੂਜਿਆ ਅਤੇ ਆਪਣਾ ਜਨਮ ਸਫਲ ਕੀਤਾ। ਇਸ ਤੱਥ ਦੀ ਗਵਾਹੀ ਗੁਰੂ ਗ੍ਰੰਥ ਸਾਹਿਬ ਵਿਚ ਉਪਲਬਧ ਹੈ ਕਿ ਅਣਗਿਣਤ ਬ੍ਰਾਹਮਣਾਂ, ਖੱਤਰੀਆਂ, ਵੈਸ਼ਾਂ ਅਤੇ ਸ਼ੂਦਰਾਂ ਨੇ ਗੁਰੂ ਰਵਿਦਾਸ ਜੀ ਨੂੰ ਪੂਰਨ ਧਾਰਮਿਕ ਰਹੁ-ਰੀਤਾਂ ਅਤੇ ਪੂਰੇ ਸਨਮਾਨਾਂ ਨਾਲ ਗੁਰੂ ਧਾਰਨ ਕੀਤਾ ਤੇ ਧੰਨ ਹੋ ਗਏ:

(ੳ) ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ।
(ਰਾਗ ਮਲਾਰ- ਗੁਰੂ ਰਵਿਦਾਸ)
(ਅ) ਆਚਾਰ ਸਹਿਤ ਬਿਪ੍ਰ ਕਰਹਿ ਡੰਡਉਤਿ
ਤਿਨ ਤਨੈ ਰਵਿਦਾਸ ਦਾਸਾਨ ਦਾਸਾ।।
(ਰਾਗ ਮਲਾਰ- ਗੁਰੂ ਰਵਿਦਾਸ)

ਗੁਰੂ ਰਾਮਦਾਸ ਜੀ ਦੀ ਗਵਾਹੀ ਇਸ ਦੀ ਪ੍ਰੋੜਤਾ ਕਰਦੀ ਹੈ:

ਰਵਿਦਾਸੁ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ ਇਕ ਗਾਇ।।
ਪਤਿਤ-ਜਾਤਿ ਉਤਮੁ ਭਇਆ
ਚਾਰਿ ਵਰਨ ਪਏ ਪਗਿ ਆਇ।।2।। (ਸੂਹੀ- ਮ: 4)

ਰਾਣੀ ਮੀਰਾਂ ਬਾਈ ਦੀ ਆਪਣੀ ਬਾਣੀ ਹੀ ਗੁਰੂ ਰਵਿਦਾਸ ਨੂੰ ਉਹਨਾਂ ਦਾ 'ਗੁਰੂ' ਹੋਣਾ ਪ੍ਰਮਾਣਿਤ ਕਰਦੀ ਹੈ:

"ਮੀਰਾ ਨੇ ਗੋਬਿੰਦ ਮਿਲਿਆ ਜੀ
ਗੁਰੂ ਮਿਲਿਆ ਰੈਦਾਸ।" (ਮੀਰਾ ਪਦਾਵਲੀ-4)

ਸੋ ਗੁਰੂ ਰਵਿਦਾਸ ਜੀ ਨੂੰ ਪੂਰੇ ਸਨਮਾਨਾਂ ਨਾਲ 'ਗੁਰੂ' ਦੇ ਤੌਰ ਤੇ ਪੂਜਿਆ ਗਿਆ। ਗੁਰੂ ਰਵਿਦਾਸ ਜੀ ਦੀ ਆਪਣੀ ਗਵਾਹੀ ਅਤੇ ਗੁਰੂ ਰਾਮਦਾਸ ਜੀ ਦੀ ਇਸ ਗਵਾਹੀ ਦੀ ਪ੍ਰੋੜਤਾ ਦੇ ਹੁੰਦਿਆਂ ਹੋਇਆਂ ਵੀ ਸਿੱਖ-ਜਗਤ ਕਿਉਂ ਗੁਰੂ ਨਹੀਂ ਕਹਿੰਦਾ ਅਤੇ ਲਿਖਦਾ?

ਕਈ ਵਿਦਵਾਨਾਂ ਦਾ ਖਿਆਲ ਹੈ ਕਿ ਭਗਤੀ ਲਹਿਰ ਦੇ ਮੋਢੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿਚ 'ਭਗਤ ਲਿਖਿਆ ਗਿਆ ਹੈ', ਇਸ ਕਰਕੇ ਲੋਕ ਅਤੇ ਲੇਖਕ ਉਹਨਾਂ ਨੂੰ ਭਗਤ ਹੀ ਕਹਿੰਦੇ ਅਤੇ ਲਿਖਦੇ ਹਨ। (ਭਗਤਾ ਕੀ ਬਾਣੀ ਕਿਉਂ ਲਿਖਿਆ ਗਿਆ, ਇਸ ਬਾਰੇ ਅੱਗੇ ਪ੍ਰਕਾਸ਼ਿਤ ਕੀਤਾ ਜਾਵੇਗਾ) ਇਹ ਸਰਾਸਰ ਗਲਤ ਹੈ ਕਿ ਕੇਵਲ ਭਗਤੀ ਲਹਿਰ ਦੇ ਮੋਢੀਆਂ ਨੂੰ ਹੀ ਲੋਕਾਂ ਨੇ ਭਗਤ ਕਿਹਾ ਹੈ, ਗੁਰੂ ਨਾਨਕ ਨੂੰ ਵੀ ਲੋਕਾਂ ਨੇ ਭਗਤ ਕਿਹਾ ਹੈ। ਇਸ ਦਾ ਅਰਥ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ 'ਭਗਤ' ਲਿਖਣ ਵਾਲੀ ਗੱਲ ਨੂੰ ਉਹਨਾਂ ਵਿਦਵਾਨਾਂ ਅਤੇ ਜਾਤ ਪਾਤ ਨੂੰ ਮੰਨਣ ਵਾਲਿਆਂ ਨੇ ਪ੍ਰਚਾਰਿਆ ਹੈ, ਜਿਹੜੇ ਸ਼ੂਦਰਾਂ ਨੂੰ ਨਫ਼ਰਤ ਕਰਦੇ ਸਨ। ਦੂਜੇ, ਪਹਿਲਾਂ ਪਹਿਲਾਂ ਆਮ ਲੋਕ ਸਭ ਨੂੰ ਹੀ ਭਗਤ ਕਹਿੰਦੇ ਸਨ। ਜਿਹੜੇ ਲੋਕ ਗੁਰੂ ਧਾਰ ਲੈਂਦੇ ਸਨ, ਉਹੋ ਹੀ ਗੁਰੂ ਕਹਿੰਦੇ ਸਨ। ਬਹੁਤੀ ਵਾਰ ਉਹ ਵੀ 'ਭਗਤ ਜੀ' ਦੇ ਉਚਾਰਣ ਨਾਲ ਹੀ ਨਿਵਾਜਦੇ ਸਨ। ਗੁਰੂ ਰਵਿਦਾਸ ਜੀ ਬਾਰੇ ਅਸੀਂ ਵਿਚਾਰਿਆਂ ਹੈ ਕਿ ਰਾਣੀ ਮੀਰਾਂ ਬਾਈ ਨੇ ਉਹਨਾਂ ਨੂੰ ਗੁਰੂ ਦੇ ਤੌਰ ਤੇ ਪੂਜਿਆ ਹੈ ਅਤੇ ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੂੰ ਗੁਰੂ ਅੰਗਦ ਜੀ ਨੇ। ਪਰ ਆਮ ਲੋਕ ਦੋਹਾਂ ਮਹਾਂਪੁਰਸ਼ਾਂ ਨੂੰ 'ਭਗਤ' ਹੀ ਕਹਿੰਦੇ ਸਨ। ਗੁਰੂ ਰਵਿਦਾਸ ਜੀ ਨੂੰ ਖਾਸ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਨਾਮ-ਲੇਵਾ ਉਹਨਾਂ ਨੂੰ ਜਾਣ ਬੁੱਝ ਕੇ ਭਗਤ ਕਹਿੰਦੇ ਅਤੇ ਲਿਖਦੇ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਕੀ ਗੁਰੂ ਨਾਨਕ ਦੇਵ ਜੀ ਨੂੰ ਵੀ ਕਿਧਰੇ ਭਗਤ ਕਿਹਾ ਅਤੇ ਲਿਖਿਆ ਗਿਆ ਹੈ? ਜਨਮ ਸਾਖੀਆਂ ਵਿਚ ਗੁਰੂ ਨਾਨਕ ਦੇਵ ਜੀ ਨੂੰ 'ਬਾਬਾ', 'ਤਪਾ', 'ਪੀਰ', ਆਦਿ ਕਿਹਾ ਗਿਆ ਹੈ।

ਧਾਰਮਿਕ ਖੇਤਰ ਨੂੰ ਛੱਡ ਕੇ ਲੋਕਾਂ ਦੀਆਂ ਭਾਵਨਾਵਾਂ ਵਿਚ ਜੇ ਕਿਧਰੇ ਸੱਚ ਪ੍ਰਗਟ ਹੁੰਦਾ ਹੈ, ਤਾਂ ਕੇਵਲ ਲੋਕ-ਗੀਤਾਂ ਵਿਚ। ਲੋਕ-ਗੀਤਾਂ ਵਿਚ ਸਮਾਜ ਵਿਚ ਚੱਲ ਰਹੀਆਂ ਲਹਿਰਾਂ ਦਾ ਜ਼ਿਕਰ ਕੁਦਰਤੀ ਹੀ ਆਪ ਮੁਹਾਰੇ ਆ ਪ੍ਰਵੇਸ਼ਦਾ ਹੈ। ਲੋਕ-ਗੀਤ ਜਨ-ਸਮੂਹ ਦੀ ਕਿਰਤ ਹੁੰਦੇ ਹਨ। ਕੋਈ ਵੀ ਲੋਕ-ਗੀਤ ਮਿਹਨਤ ਕਰਕੇ ਜਾਂ ਕੋਸ਼ਿਸ਼ ਕਰਕੇ ਨਹੀਂ ਲਿਖਿਆ ਹੁੰਦਾ। ਇਹ ਤਾਂ ਸਮਾਜ ਦੇ ਰਚੇ ਹੋਏ, ਸਮਾਜ ਦੀ ਹੀ ਆਵਾਜ਼ ਨੂੰ ਰੂਪਮਾਨ ਕਰਦੇ ਹਨ। ਇਨ੍ਹਾਂ ਰਾਹੀਂ ਸੱਚ ਸਮਾਜ ਵਿਚ ਆਪ-ਮੁਹਾਰੇ ਹੀ ਫੁੱਟ ਨਿਕਲਦਾ ਹੈ। ਦੂਜੇ ਅਰਥਾਂ ਵਿਚ ਇਹ ਸਮੂਹ ਲੋਕਾਂ ਦੀ ਆਵਾਜ਼ ਰੱਬ ਦੀ ਆਵਾਜ਼ ਹੋ ਨਿੱਬੜਦੀ ਹੈ। ਇਸ ਕਰਕੇ ਇਸ ਨੂੰ ਸਭਿਆਚਾਰ ਦਾ ਸੱਚਾ ਅਤੇ ਸੁੱਚਾ ਸਰਮਾਇਆ ਕਿਹਾ ਜਾਂਦਾ ਹੈ। ਇਸ ਨੂੰ ਰਾਜ ਪਲਟਾ ਜਾਂ ਹੇਰਾਫੇਰੀ- ਤੋੜ ਨਹੀਂ ਸਕਦੇ। (ਆਧੁਨਿਕ ਗੱਦ ਰਤਨਾਕਰ ਸੰਪਾਦਕ ਪ੍ਰਿਤਪਾਲ ਸਿੰਘ ਲੇਖਕਾਰ- ਪ੍ਰਿੰਸੀਪਲ ਤੇਜਾ ਸਿੰਘ- 39)। ਇਹਨਾਂ ਲੋਕ ਗੀਤਾਂ ਵਿਚ ਗੁਰੂ ਨਾਨਕ ਦੇਵ ਜੀ ਦਾ ਜ਼ਿਕਰ 'ਭਗਤ' ਦੇ ਤੌਰ ਤੇ ਆਇਆ ਹੈ:

ਬਾਬੇ ਨਾਨਕ ਜੇਡਾ ਭਗਤ ਨਾ ਕੋਈ,
ਜਿਨ ਹਰਿ ਕਾ ਨਾਮ ਪਛਾਤਾ।
ਦੁਨੀਆਂ ਮਾਣ ਕਰਦੀ ਰੱਬ ਸਭਨਾਂ ਦਾ ਦਾਤਾ
ਦੁਨੀਆਂ ਮਾਣ ਕਰਦੀ- (ਪੁਰਾਣਾ ਮਾਖਿਉ- ਸੰਪਾਦਕ ਡਾ: ਹਰਨਾਮ ਸਿੰਘ ਸ਼ਾਨ-1)

ਸਪੱਸ਼ਟ ਹੈ ਕਿ ਸਮੂਹ ਸਮਾਜ ਗੁਰੂ ਨਾਨਕ ਦੇਵ ਜੀ ਨੂੰ "ਭਗਤ" ਕਹਿ ਕੇ ਸਨਮਾਨਦਾ ਰਿਹਾ ਹੈ। ਲੋਕ ਗੀਤਾਂ ਨੇ ਇਸ ਵਿਚ ਕੋਈ ਸ਼ੱਕ ਨਹੀਂ ਰਹਿਣ ਦਿੱਤਾ। ਵਿਦਵਾਨਾਂ ਦੀ ਇਹ ਧਾਰਨਾ ਵੀ ਗਲਤ ਸਿੱਧ ਹੋ ਗਈ ਕਿ ਰਿਵਾਜਨ ਹੀ ਗੁਰੂ ਰਵਿਦਾਸ ਨੂੰ ਭਗਤ ਲਿਖਿਆ ਜਾਣ ਲੱਗ ਪਿਆ। ਫਿਰ ਕੀ ਕਾਰਨ ਹੈ? ਕਿ ਗੁਰੂ ਰਵਿਦਾਸ ਜੀ ਨੂੰ ਭਗਤ ਲਿਖਿਆ ਜਾਣ ਲੱਗ ਪਿਆ ਅਤੇ ਗੁਰੂ ਨਾਨਕ ਦੇਵ ਜੀ ਨੂੰ ਗੁਰੂ। ਜਦਕਿ ਗੁਰੂ ਰਵਿਦਾਸ ਜੀ ਹਰ ਪੱਖੋਂ ਹੀ ਗੁਰੂ ਸਿੱਧ ਹੁੰਦੇ ਹਨ। ਇਸ ਦਾ ਕਾਰਨ ਕੇਵਲ ਨਫ਼ਰਤ ਅਤੇ ਪੱਖਪਾਤੀ ਭਾਵਨਾ ਹੀ ਹੈ।

ਪੰਜਾਬ ਦੇ (ਸਿੱਖ) ਗੁਰੂ ਸਾਹਿਬਾਨ ਨੇ ਪੰਜਾਬ ਤੋਂ ਬਾਹਰਲੇ ਗੁਰੂ ਸਾਹਿਬਾਨ- ਜਿਹੜੇ ਲੱਗਭੱਗ ਸਾਰੇ ਹੀ ਸ਼ੂਦਰ ਸਨ- ਦੀ ਬਾਣੀ ਨੂੰ ਪਿਆਰਿਆ, ਸਤਿਕਾਰਿਆ ਅਤੇ ਇਸ ਰਾਹੀਂ ਸੰਗਤਾਂ ਨੂੰ ਉਪਦੇਸ਼ ਵੀ ਦਿੱਤਾ। ਜਿੱਥੇ ਪੰਜਾਬ ਦੇ ਗੁਰੂ ਸਾਹਿਬਾਨ ਨੇ, ਪੰਜਾਬ ਤੋਂ ਬਾਹਰਲੇ ਗੁਰੂ ਸਾਹਿਬਾਨ ਨੂੰ ਬਰਾਬਰ ਦਾ ਦਰਜਾ ਦੇ ਕੇ ਮਨੁੱਖਤਾ ਨੂੰ ਪਿਆਰਨ ਦਾ ਸਬੂਤ ਦਿੱਤਾ ਹੈ, ਉਥੇ ਉਹਨਾਂ ਦੇ ਪੈਰੋਕਾਰਾਂ ਨੇ ਮਨੁੱਖਤਾ ਦੇ ਟੁਕੜੇ ਕਰ ਮਨੂਵਾਦ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। ਗੁਰੂ ਅਰਜਨ ਦੇਵ ਜੀ ਜਦੋਂ 'ਭਗਤਾਂ' ਦੀ ਬਾਣੀ ਆਦਿ ਗ੍ਰੰਥ ਵਿਚ ਚੜ੍ਹਾਉਣ ਲੱਗੇ ਤਾਂ ਭਾਈ ਗੁਰਦਾਸ ਨੇ ਇਤਰਾਜ਼ ਕੀਤਾ ਕਿ "ਭਗਤ ਆਏ ਤਾਂ ਕੋਈ ਨਹੀਂ ਹਨ।" ਭਾਈ ਗੁਰਦਾਸ ਦੇ ਮਨ ਵਿਚ ਭਗਤਾਂ ਦੀ ਮਹਾਨਤਾ ਬਾਰੇ ਸ਼ੰਕਾ ਉਤਪੰਨ ਹੋ ਗਿਆ ਸੀ। ਗੁਰੂ ਅਰਜਨ ਦੇਵ ਜੀ ਜਾਣੀ ਜਾਣ ਸਨ, ਇਸ ਗੱਲ ਨੂੰ ਭਾਂਪ ਗਏ। ਇਸ ਲਈ ਉਨ੍ਹਾਂ ਨੇ ਭਾਈ ਗੁਰਦਾਸ ਨੂੰ ਭਗਤਾਂ ਦੇ ਦਰਸ਼ਨ ਕਰਵਾ ਕੇ, ਭਗਤਾਂ ਦੀ ਮਹਾਨਤਾ ਦਾ ਅਹਿਸਾਸ ਕਰਵਾਇਆ ਅਤੇ ਸ਼ੰਕਾ ਦੂਰ ਕੀਤਾ। ਅਤੇ ਬਾਣੀ ਲਿਖਾਣੀ ਸ਼ੁਰੂ ਕੀਤੀ। ਹੁਣ ਭਾਈ ਗੁਰਦਾਸ ਜੀ ਦੇ ਮਹਾਂਪੁਰਸ਼ਾਂ ਪ੍ਰਤੀ ਸਤਿਕਾਰ ਦੀ ਭਾਵਨਾ ਨੂੰ ਵਿਚਾਰੋ:

"ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗ ਚਾਨਣ ਹੋਆ।।"

ਭਾਈ ਗੁਰਦਾਸ ਦੇ ਮਨ ਵਿਚ ਗੁਰੂ ਨਾਨਕ ਦੇਵ ਜੀ ਲਈ ਸਤਿਕਾਰ ਅਤੇ ਪਿਆਰ ਦੀ ਕੋਈ ਹੱਦ ਨਹੀਂ ਹੈ। ਪਰ ਜਦੋਂ ਗੁਰੂ ਰਵਿਦਾਸ ਜੀ ਬਾਰੇ ਲਿਖਦੇ ਹਨ ਤਾਂ ਦਿਖਾਵੇ ਦਾ ਸਤਿਕਾਰ ਹੀ ਮਹਿਸੂਸ ਹੁੰਦਾ ਹੈ:

"ਭਗਤ ਭਗਤ ਜਗ ਵਜਿਆ
ਚਹੁੰ ਚਕਾਂ ਦੇ ਵਿਚ ਚਮਰੇਟਾ।।"

ਦੋਹਾਂ ਮਹਾਂਪੁਰਸ਼ਾਂ ਬਾਰੇ ਕਥਨ ਕਰਨ ਵਾਲੇ ਐਨੀ ਭਿੰਨਤਾ ਕਿਉਂ? ਕੀ ਗੁਰੂ ਰਵਿਦਾਸ ਜੀ ਦੇ ਸਤਿਕਾਰ ਲਈ ਇਹੋ ਹੀ ਸਭ ਤੋਂ ਵਧੀਆ ਢੰਗ ਰਹਿ ਗਿਆ ਸੀ? ਵਿਦਵਾਨ ਕਹਿਣਗੇ ਕਿ ਇਹ ਤਾਂ ਭਗਤ ਦੀ ਉਸਤਤ ਕੀਤੀ ਹੈ। ਅਸੀਂ ਇਸ ਨਾਲ ਸਹਿਮਤ ਨਹੀਂ ਹਾਂ। ਗੁਰੂ ਰਵਿਦਾਸ ਜੀ ਦਾ ਦਰਜਾ ਗੁਰੂ ਨਾਨਕ ਦੇਵ ਜੀ ਦੇ ਬਰਾਬਰ ਹੈ, ਫਿਰ ਦੋਹਾਂ ਮਹਾਂਪੁਰਸ਼ਾਂ ਦੀ ਉਸਤੱਤ ਕਰਨ ਵਿਚ ਅੰਤਰ ਕਿਉਂ? ਗੁਰੂ ਰਵਿਦਾਸ ਜੀ ਦਾ ਦਰਜਾ, ਭਾਈ ਗੁਰਦਾਸ ਤੋਂ ਉਪਰ ਹੈ ਉਹ ਗੁਰੂ ਰਵਿਦਾਸ ਜੀ ਦੇ ਨਾਮ ਨਾਲ ਗੁਰੂ ਦੀ ਥਾਂ ਭਗਤ ਸ਼ਬਦ ਵਰਤਣ ਦਾ ਹੱਕ ਨਹੀਂ ਰੱਖਦੇ। ਇਹ ਹੱਕ ਤਾਂ, ਤਾਂ ਮਿਲਦਾ, ਜੇਕਰ ਉਹਨਾਂ ਦੀ ਬਾਣੀ ਵੀ ਆਦਿ ਗ੍ਰੰਥ ਵਿਚ ਦਰਜ ਹੁੰਦੀ। (ਇਸ ਦੀ ਹੋਰ ਵਿਆਖਿਆ ਅਗਲੇ ਅਧਿਆਏ ਵਿਚ ਕੀਤੀ ਜਾਵੇਗੀ।) ਜੇ ਅਸੀਂ ਕੁਝ ਛਿਣ ਲਈ ਵਿਦਵਾਨਾਂ ਨਾਲ ਸਹਿਮਤ ਹੋ ਜਾਈਏ, ਤਾਂ ਪ੍ਰਸ਼ਨ ਉਠਦਾ ਹੈ ਕਿ ਇਹੋ ਤਰੀਕਾ ਗੁਰੂ ਨਾਨਕ ਦੇਵ ਜੀ ਦੀ ਉਸਤੱਤ ਕਰਨ ਵੇਲੇ ਕਿਉਂ ਨਾ ਵਰਤਿਆ ਗਿਆ? ਕਾਰਨ ਇਹ ਹੈ ਕਿ ਭਾਈ ਗੁਰਦਾਸ ਬੌਧਿਕ ਤੌਰ ਤੇ ਤਾਂ ਗੁਰੂ ਰਵਿਦਾਸ ਜੀ ਦੇ ਕਾਇਲ ਸਨ, ਪਰ ਮਾਨਸਿਕ ਤੌਰ ਤੇ ਉਹ ਆਪਣੇ ਆਪ ਨਾਲ ਸਮਝੌਤਾ ਕਰਨ ਵਿਚ ਅਸਮਰੱਥ ਰਹੇ। ਬਿਲਕੁਲ ਹੂਬਹੂ ਇਹੋ ਅਵਸਥਾ ਅੱਜ ਦੇ ਸਿੱਖ ਜਗਤ ਦੀ ਹੈ।

ਇਸ ਪਿੱਛੋਂ ਦੂਜੇ ਮਹਾਨ ਵਿਦਵਾਨ ਡਾ: ਭਾਈ ਵੀਰ ਸਿੰਘ ਆਉਂਦੇ ਹਨ। ਵਿਦਵਾਨ ਤਾਂ ਉਹ ਹਨ, ਪਰ ਨਿਰਪੱਖ ਨਹੀਂ। ਉਹ ਨਿਰਪੱਖ ਹੋ ਵੀ ਨਹੀਂ ਸਨ ਸਕਦੇ ਕਿਉਂਕਿ ਉਹ ਗੁਰੂ ਘਰ ਦੇ ਕੱਟੜ ਸ਼ਰਧਾਲੂ ਸਨ। 'ਗੱਦੀ' ਮਿਲਣ ਬਾਰੇ ਉਹ ਲਿਖਦੇ ਹਨ:

"ਉਧਰ ਗੜ੍ਹੀ ਵਿਚ ਸਿੰਘਾਂ ਨੇ ਗੁਰਮਤਾ ਕਰਕੇ ਭਾਈ ਸੰਤ ਸਿੰਘ ਨੂੰ ਗੁਰੂ ਕੀ ਥਾਵੇਂ ਜਥੇਦਾਰ..." (ਸ੍ਰੀ ਕਲਗੀਧਰ ਚਮਤਕਾਰ- ਦੂਜਾ ਭਾਗ- ਭਾਈ ਵੀਰ ਸਿੰਘ- 99)

ਪਰ ਭਾਈ ਵੀਰ ਸਿੰਘ ਨੇ ਭਾਈ ਸੰਗਤ ਸਿੰਘ ਜਿਹੜਾ ਸ਼ੂਦਰ ਸੀ, ਉਸ ਬਾਰੇ ਨਹੀਂ ਲਿਖਿਆ। ਜਦਕਿ ਭਾਈ ਸੰਤ ਸਿੰਘ ਦਾ ਸ੍ਰੋਤ ਵੀ ਉਹੋ ਹੀ ਹੈ ਅਤੇ ਭਾਈ ਸੰਗਤ ਸਿੰਘ ਦਾ ਵੀ ਉਹੋ ਹੀ ਹੈ। ਪਰ ਉਹ ਭਾਈ ਸੰਗਤ ਸਿੰਘ ਬਾਰੇ ਫੁੱਟ ਨੋਟ ਵਿਚ ਲਿਖਦੇ ਹਨ।

"(ਸੂ: ਪ੍ਰ:) ਪਰ ਗੁ: ਬਿ: (ਸ: ਸਿੰਘ) ਵਿਚ ਭਾਈ ਸੰਗਤ ਸਿੰਘ ਜੀ ਨੂੰ ਗੱਦੀ ਦਿੱਤੀ ਲਿਖਿਆ ਹੈ। ਗੁਰ ਪ੍ਰਤਾਪ ਸੂਰਜ ਦੇ ਇਕ ਪੁਰਾਤਨ ਛਾਪੇ ਦੇ ਨੁਸਖੇ ਵਿਚ ਇਸ ਥਾਵੇਂ ਇਕ ਟੂਕ ਭਾਈ ਸੰਤ ਸਿੰਘ ਜੀ ਸਬੰਧੀ ਹੇਠਾਂ ਦਿੱਤੀ ਹੋਈ ਹੈ:- "ਸੰਤ ਸਿੰਘ ਅਰੋੜਾ ਮਾਝੇ ਦੇਸ ਪੱਟੀ ਨਗਰ ਦਾ ਨਿਵਾਸੀ ਸੀ। ਇਸ ਦੇ ਪੁਤ੍ਰ ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ਿਸ਼ ਹੋਇਆ, ਜੋ ਹੁਣ ਤੱਕ ਤਿਸਦੀ ਸੰਤਾਨ ਪਾਸ ਹੈ।"

ਹੋਰ ਖੋਜ ਇਸ ਸਬੰਧੀ ਇਹ ਹੈ ਕਿ ਹਾੜਾ ਸਿੰਘ ਪਸ਼ੌਰ ਜਾ ਵਸਿਆ ਸੀ, ਉਥੇ ਇਹ ਹੁਕਮਨਾਮਾ ਹੈ, ਜੋ ਹੁਣ ਮਾਈ ਬੁਤਕੀ ਪਾਸ ਹੈ, ਘਰ ਉਤਮ ਸਿੰਘ ਦਾ ਹੈ ਕੂਚਾ ਭਾਈਆਂ, ਮਹੱਲਾ ਗੰਜ। ਅਸਾਂ ਨੇ ਇਸ ਹੁਕਮ ਨਾਮੇ ਦੇ ਦਰਸ਼ਨ ਕੀਤੇ ਹਨ, ਇਸ ਤੋਂ ਪਤਾ ਭਾਈ ਸੰਤ ਸਿੰਘ ਜੀ ਦਾ ਹੀ ਚਲਦਾ ਹੈ- "

ਭਾਈ ਵੀਰ ਸਿੰਘ ਦੇ ਉਪਰੋਕਤ ਫੁੱਟ ਨੋਟ ਤੋਂ ਦੋ ਸ੍ਰੋਤਾਂ ਦਾ ਪਤਾ ਲੱਗਦਾ ਹੈ;

(1) ਗੁਰ ਬਿਲਾਸ ਪਾਤਸ਼ਾਹੀ 10 ਕ੍ਰਿਤ ਸੁਖਾ ਸਿੰਘ। ਇਸ ਅਨੁਸਾਰ ਗੱਦੀ ਭਾਈ ਸੰਗਤ ਸਿੰਘ ਨੂੰ ਮਿਲੀ।
(2) ਸੰਤ ਸਿੰਘ ਦੇ ਪੁਤਰ ਹਾੜਾ ਸਿੰਘ ਨੂੰ ਹੁਕਮਨਾਮਾ ਪ੍ਰਾਪਤ ਹੋਇਆ।

ਦੋਹਾਂ ਸ੍ਰੋਤਾਂ ਵਿਚ ਹੀ ਭਾਈ ਵੀਰ ਸਿੰਘ ਨਿਰਪੱਖ ਨਹੀਂ ਰਹੇ। ਹੁਣ ਗੁਰ ਬਿਲਾਸ ਪਾਤਸ਼ਾਹੀ 10 ਤੇ ਚਰਚਾ ਕਰਦੇ ਹਾਂ, ਜਿਸ ਦਾ ਭਾਈ ਵੀਰ ਸਿੰਘ ਨੇ ਜ਼ਿਕਰ ਨਹੀਂ ਕੀਤਾ;

"ਦੇਇ ਰਹੇ ਇਕ ਸੰਗਤ ਸਿੰਘਹਿ,
ਤਾਇ ਕੇ ਪੇਖ ਕਹੀ ਗੁਰ ਬਾਨੀ।।
ਸੰਤਹਿ ਸਿੰਘ ਕੋ ਆਪ ਜੁਝਾਇ ਕੈ,
ਬੋਲ ਲਿਯੋ ਜੁ ਬੰਗੇਸਰ ਮਾਨੀ।।"

(ਬਾਕ ਅਗਲੇ ਸਫੇ ਤੇ)

# ਗੁਰੂ ਰਵਿਦਾਸ ਜੀ: ਭਗਤ ਜਾਂ ਗੁਰੂ
## (ਸਿੱਖ ਵਿਦਵਾਨਾਂ ਅਨੁਸਾਰ)

ਜੇਤ ਦਈ ਤਿਹ ਅਪਨੀ ਪੁਨਿ,
ਦੀ ਕਲਗੀ ਔਰ ਜਿਗਾ ਸੁਖਦਾਨੀ।।
ਸੰਗਤ ਸਿੰਘ ਨਾਮ ਜਿਸੈ ਕਛੁ,
ਤਾ ਬਪ ਹੈ ਕਰਿ ਸ੍ਰੀ ਗੁਰਸਾਨੀ।।29।। (160)
ਮੁਕਟ ਦਿਯੋ ਅਸ ਬੈਠ ਕਹੈ,
"ਤੁਮ ਮੋ ਪਰਜਾਇ ਅਬੈ ਸੁਨ ਪਾਹੀ।।
ਮੈ ਪਛ ਆਵਹੁ ਕਾਮ ਰਹੈ ਕਛੁ'',
ਥਾਪ ਦਈ ਤਿਨ ਕੇ ਬਰ ਬਾਹੀ।।
ਆਪਨੇ ਆਸਨ ਤਾਹਿ ਬੈਠਾਇ ਕੈ,
ਕੀਨ ਖੁਸ਼ੀ ਅਤਿਸੈ ਸੁਖ ਮਾਹੀ।।
ਦ੍ਵੈ ਕਰ ਬਾਨ ਕਰੋ ਖਲ ਖੰਡਨ,
ਜਾਵਤ ਹੈਂ ਹਮ ਮਾਲਵ ਤਾਹੀ।। 30।। (16)

ਅਰਥ:- ਦੋਏ ਬਚੇ ਹੋਏ ਯੋਧੇ- ਇਕ ਸੰਗਤ ਸਿੰਘ ਨੂੰ ਦੇਖਦੇ ਹੋਏ, ਭਾਈ ਸੰਤ ਸਿੰਘ ਨੂੰ ਯੁੱਧ ਕਰਨ ਦਾ ਹੁਕਮ ਦੇ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੁਝ ਵੀ ਭਾਈ ਸੰਗਤ ਸਿੰਘ ਬੰਗੇਸਰ ਨੂੰ ਬਚਨ ਬੋਲੇ, ਉਹ ਉਸ ਨੇ ਸਿਰ ਮੱਥੇ ਪ੍ਰਵਾਨ ਕਰ ਲਏ। ਫਿਰ ਗੁਰੂ ਜੀ ਨੇ ਭਾਈ ਬੰਗੇਸਰ ਨੂੰ ਆਪਣੀ ਜੋਤਿ ਦੇ ਕੇ ਸੁੱਖਾਂ ਦਾ ਖ਼ਜ਼ਾਨਾ ਕਲਗੀ ਅਤੇ ਜਿਗ੍ਹਾ ਪਹਿਨਾਈ। ਜਿਸ ਦਾ ਨਾਮ ਸੰਗਤ ਸਿੰਘ ਹੈ ਉਸ ਨੂੰ ਜੋਤਿ ਭਰਪੂਰ ਸੁੰਦਰ ਸਰੀਰ ਪ੍ਰਦਾਨ ਕਰ, ਗੁਰੂ ਜੀ ਨੇ ਆਪਣੇ ਬਰਾਬਰ ਦਾ ਬਣਾ ਲਿਆ। ਫਿਰ ਮੁਕਟ ਸਜਾ ਕੇ ਗੁਰੂ ਜੀ ਨੇ ਇਹ ਪਵਿੱਤਰ ਬਚਨ ਬੋਲੇ, "ਤੁਸੀਂ ਇਸੇ ਵਕਤ ਜ਼ਰੂਰੀ ਹੀ ਮੇਰੀ ਗੱਲ ਸੁਣੋ, ਮੇਰੇ ਪਿੱਛੋਂ ਕੁਝ ਕੰਮ ਬਚੇ ਹੋਏ ਹਨ, ਉਨ੍ਹਾਂ ਨੂੰ ਪੂਰਾ ਕਰੋ।'' ਇਹ ਬਚਨ ਉਚਾਰ ਕੇ ਗੁਰੂ ਜੀ ਨੇ ਉਸ ਨੂੰ ਥਾਪੜਾ ਦੇ ਕੇ ਆਪਣਾ ਬਾਹੂਬਲ ਪ੍ਰਦਾਨ ਕੀਤਾ। ਫਿਰ ਭਾਈ ਸੰਗਤ ਸਿੰਘ ਨੂੰ ਸਤਿਕਾਰ ਨਾਲ ਆਪਣੀ ਗੱਦੀ ਤੇ ਬਿਠਾ ਕੇ ਬਹੁਤ ਹੀ ਆਤਮਕ ਆਨੰਦ ਮਹਿਸੂਸ ਕੀਤਾ, ਅਥਾਹ ਖੁਸ਼ੀ ਕੀਤੀ ਅਤੇ ਹੁਕਮ ਕੀਤਾ ਕਿ ਦੋਹੀਂ ਹੱਥੀਂ ਤੀਰ ਵਰ੍ਹਾ ਕੇ ਪਾਪੀਆਂ ਦਾ, ਮੂਰਖਾਂ ਦਾ ਬੱਧ ਕਰੋ, ਅਸੀਂ ਮਾਲਵੇ ਵੱਲ ਜਾ ਰਹੇ ਹਾਂ।

ਸੋ ਭਾਈ ਕੁਇਰ ਸਿੰਘ ਕਰਤਾ ਗੁਰ ਬਿਲਾਸ ਪਾਤਸ਼ਾਹੀ 10 ਅਨੁਸਾਰ ਵੀ ਗੱਦੀ ਭਾਈ ਸੰਗਤ ਸਿੰਘ ਨੂੰ ਹੀ ਮਿਲੀ ਹੈ ਅਤੇ ਗੁਰ ਬਿਲਾਸ ਪਾਤਸ਼ਾਹੀ 10 ਕਰਤਾ ਭਾਈ ਸੁਖਾ ਸਿੰਘ ਅਨੁਸਾਰ ਵੀ।

ਇਹ ਗੁਰ ਬਿਲਾਸ ਪਾਤਸ਼ਾਹੀ 10 ਬਾਰੇ ਸੀ। ਹੁਣ ਹੁਕਮਨਾਮੇ ਬਾਰੇ ਚਰਚਾ ਕਰਦੇ ਹਾਂ। ਇਸੇ ਹੁਕਮਨਾਮੇ ਦੇ ਆਧਾਰ ਤੇ ਸ੍ਰੀ ਕਲਿਆਣ ਦਾਸ ਵੈਦ ਨਾਭਾ ਲਿਖਦੇ ਹਨ: "- ਹਾੜਾ ਸਿੰਘ ਨੂੰ ਹੁਕਮਨਾਮਾ ਬਖਸ਼ੀਸ਼ ਹੋਇਆ। ਇਸ ਹੁਕਮਨਾਮੇ ਦੇ ਅਸਾਂ ਦਰਸ਼ਨ ਕੀਤੇ ਨੇ। ਸੋ ਏਸ ਲਿਖਤ ਅਨੁਸਾਰ ਗੁਰਿਆਈ ਭਾਈ ਸੰਗਤ ਸਿੰਘ ਨੂੰ ਮਿਲੀ ਹੈ ਤੇ ਭਾਈ ਵੀਰ ਸਿੰਘ ਨੇ ਹੁਕਮਨਾਮੇ ਦੇ ਦਰਸ਼ਨ ਕੀਤੇ ਨੇ। (ਵਿਸ਼ਵਕਰਮਾ ਬੰਸ ਬਿੰਦੀ ਬ੍ਰਾਹਮਣ ਜਗਤ ਗੁਰੂ, ਗੁਰੂ ਨਾਨਕ ਸ਼ਾਹੀ 500 ਮਹੀਨਾ ਭਾਦਰੋਂ (ਇਕੋ ਪੁਸਤਕ-ਭਾਗ ਦੂਜਾ)-93

ਜਿਸ ਹੁਕਮਨਾਮੇ ਦੇ ਆਧਾਰ ਤੇ ਸ੍ਰੀ ਕਲਿਆਣ ਦਾਸ ਵੈਦ ਗੁਰਿਆਈ ਭਾਈ ਸੰਗਤ ਸਿੰਘ ਨੂੰ ਮਿਲੀ ਦੱਸਦੇ ਹਨ, ਉਸੇ ਹੁਕਮਨਾਮੇ ਵਿਚ ਭਾਈ ਵੀਰ ਨੂੰ, ਭਾਈ ਸੰਤ ਸਿੰਘ ਤੋਂ ਬਿਨਾਂ, ਹੋਰ ਕੁਝ ਲੱਭਿਆ ਹੀ ਨਹੀਂ। ਸਪਸ਼ਟ ਹੈ ਕਿ ਭਾਈ ਵੀਰ ਸਿੰਘ ਨੇ ਜਾਣ ਬੁੱਝ ਕੇ ਗੁਰ ਬਿਲਾਸ ਪਾਤਸ਼ਾਹੀ 10 ਅਤੇ ਹੁਕਮਨਾਮੇ ਵਿਚੋਂ ਭਾਈ ਸੰਗਤ ਸਿੰਘ ਦੇ ਤੱਥ ਨੂੰ ਛੱਡ ਦਿੱਤਾ ਹੈ।

ਸੋ ਉਪਰੋਕਤ ਚਰਚਾ ਤੋਂ ਸਪਸ਼ਟ ਹੋ ਗਿਆ ਹੈ ਕਿ ਭਾਈ ਵੀਰ ਸਿੰਘ ਪੱਖਪਾਤੀ ਹਨ, ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਹੈ। ਭਾਈ ਸੰਗਤ ਸਿੰਘ ਸ਼ੂਦਰ ਸਨ। ਹੋ ਸਕਦਾ ਹੈ ਨਫ਼ਰਤ ਕਾਰਨ ਹੀ ਉਹਨਾਂ ਨੇ ਹੁਕਮਨਾਮਾ ਵਾਚ ਕੇ ਸਪਸ਼ਟ ਨਾ ਕੀਤਾ ਹੋਵੇ। ਇਕ ਹੋਰ ਤੱਥ ਤੋਂ ਵੀ ਇਹ ਭਾਵਨਾ ਉਭਰ ਕੇ ਸਾਹਮਣੇ ਆਉਂਦੀ ਹੈ।

ਭਾਈ ਵੀਰ ਸਿੰਘ ਨੇ "ਗੁਰੂ ਨਾਨਕ ਚਮਤਕਾਰ'', 'ਅਸ਼ਟ ਗੁਰੂ ਚਮਤਕਾਰ' ਅਤੇ ਕਲਗੀਧਰ ਚਮਤਕਾਰ ਦੀ ਰਚਨਾ ਕੀਤੀ। ਪਰ ਗੁਰੂ (ਭਗਤਾਂ) ਬਾਰੇ ਉਹਨਾਂ ਦੀ ਰਚਨਾ ਵਿਚ ਇਕ ਸ਼ਬਦ ਵੀ ਨਹੀਂ ਆਉਂਦਾ। ਕਾਰਨ ਕੇਵਲ ਨਫ਼ਰਤ ਹੀ ਹੈ।

ਸਿੰਘ ਸਭਾ ਲਹਿਰ ਅਛੂਤਾਂ ਦੇ ਹੱਕਾਂ ਦੀ ਰਾਖੀ ਕਰਦੀ ਸੀ। ਇਸ ਮੰਤਵ ਲਈ ਸਭਾ ਨੇ ਧਰਮ ਪ੍ਰਚਾਰ ਕੀਤਾ। ਇਸ ਪਿੱਛੋਂ ਭਾਈ ਵੀਰ ਸਿੰਘ ਨੇ ਵੀ ਧਰਮ ਪ੍ਰਚਾਰ ਕੀਤਾ। ਹਰਿ ਮੰਦਰ ਸਾਹਿਬ ਅੰਮ੍ਰਿਤਸਰ ਵਿਚ 1920 ਤੱਕ ਅਛੂਤਾਂ ਦੇ ਪ੍ਰਸ਼ਾਦ ਨੂੰ ਸਵੀਕਾਰ ਨਹੀਂ ਸੀ ਕੀਤਾ ਜਾਂਦਾ ਅਤੇ ਨਾਹੀ ਉਹਨਾਂ ਦੇ ਹੱਕ ਵਿਚ ਅਰਦਾਸ ਕੀਤੀ ਜਾਂਦੀ ਸੀ। ਭਾਈ ਵੀਰ ਸਿੰਘ ਚੀਫ਼ ਖਾਲਸਾ ਦੀਵਾਨ ਦੇ ਕਰਤਾ ਧਰਤਾ ਅਤੇ ਸਿੱਖਾਂ ਦੀ ਰੂਹਾਨੀ ਅਗਵਾਈ ਕਰਦੇ ਸਨ। ਪਰ ਹਰਿਮੰਦਰ ਸਾਹਿਬ ਵਿਚ ਅਛੂਤਾਂ ਦੀ ਹੋ ਰਹੀ ਦੁਰਦਸ਼ਾ ਤੋਂ ਉਹ ਅੱਖਾਂ ਮੀਟੀ ਬੈਠੇ ਸਨ।

ਦੂਜੇ ਅਰਥਾਂ ਵਿਚ ਸਿੰਘ ਸਭਾ ਦੇ ਆਸ਼ੇ ਤੋਂ ਉਲਟ, ਉਹ ਅਛੂਤਾਂ ਦੀ ਹੋ ਰਹੀ ਦੁਰਦਸ਼ਾ ਦੇ ਹਾਮੀ ਬਣ ਗਏ। ਕੀ ਇਹ ਗੁਰਮੱਤ ਦੇ ਵਿਰੁੱਧ ਨਹੀਂ ਹੈ?

ਭਾਈ ਵੀਰ ਸਿੰਘ ਤਾਂ ਅੰਦਰ ਖਾਤੇ ਹੀ ਅਛੂਤਾਂ ਦੇ ਵਿਰੁੱਧ ਸਨ। ਪਰ "ਪੰਚ ਖਾਲਸਾ ਦੀਵਾਨ (ਭਸੌੜ) ਅਨੁਸਾਰ ਤਾਂ ਗੁਰੂ (ਭਗਤਾਂ) ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੀ ਨਹੀਂ ਸੀ। ਇਹ ਨਫ਼ਰਤ ਦੀ ਸਿਖਰ ਹੈ ਅਤੇ ਇਹ ਨਫ਼ਰਤ ਗੁਰਬਾਣੀ ਦੇ ਆਸ਼ੇ ਤੋਂ ਵਿਰੁੱਧ ਹੈ। ਗਿਆਨੀ ਲਾਲ ਸਿੰਘ (ਸੰਗਰੂਰ) ਲਿਖਦੇ ਹਨ:

"ਗੁਰੂ ਅਰਜਨ ਸਾਹਿਬ ਜੀ- ਮਹਾਰਾਜ ਨੇ ਪਹਿਲੇ ਹੀ ਚਾਰ ਗੁਰੂ ਸਾਹਿਬਾਨ ਅਤੇ ਆਪਣੀ ਬਾਣੀ ਨੂੰ ਇਕ ਥਾਂ ਕੱਠਾ ਕਰਕੇ ਪੋਥੀ ਸਾਹਿਬ ਤਿਆਰ ਕੀਤਾ।

ਭਾਵ ਇਹ ਕਿ ਗੁਰੂ ਅਰਜਨ ਦੇਵ ਜੀ ਨੇ ਗੁਰੂ ਸਾਹਿਬਾਨ ਤੋਂ ਬਿਨਾਂ ਕਿਸੇ ਹੋਰ ਦੀ ਬਾਣੀ 'ਪੋਥੀ ਸਾਹਿਬ' ਵਿਚ ਦਰਜ ਨਹੀਂ ਸੀ ਕੀਤੀ। ਉਹ ਲਿਖਦੇ ਹਨ:

"ਨਿਰੋਲ ਬਾਣੀ ਅੰਦਰ ਹਿੰਦੂ, ਮੁਸਲਮਾਨ, ਭਗਤਾਂ, ਭੱਟਾਂ ਅਤੇ ਡੂਮਾਂ ਦੀ ਰਚਨਾ ਮਿਲਾ ਕੇ 'ਸਤਿਗੁਰ ਬਿਨਾਂ ਹੋਰ ਕੱਚੀ ਹੈ ਬਾਣੀ' ਦੀ ਉਲੰਘਣਾ ਕਰਕੇ ਹਮੇਸ਼ਾ ਵਾਸਤੇ ਗੁਰਬਾਣੀ ਨੂੰ ਮਿਲਗੋਭਾ ਬਾਣੀ ਬਣਾ ਦਿੱਤਾ।''

ਸੋ ਸਿੱਖ ਜਗਤ ਦੇ ਧਰਮ ਪ੍ਰਚਾਰਕਾਂ ਅਤੇ ਵਿਦਵਾਨਾਂ ਦਾ ਬਹੁਤਾ ਹਿੱਸਾ ਭਗਤਾਂ ਨੂੰ ਨਫ਼ਰਤ ਕਰਦਾ ਸੀ। ਇਸੇ ਕਾਰਨ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਪੰਚ ਖਾਲਸਾ ਦੀਵਾਨ ਭਸੌੜ ਅਛੂਤਾਂ ਨੂੰ ਨਫ਼ਰਤ ਕਰਦੇ ਸਨ। ਉਹ ਨਹੀਂ ਸਨ ਚਾਹੁੰਦੇ ਕਿ ਇਹ ਲੋਕ ਹਰਿਮੰਦਰ ਸਾਹਿਬ ਅੰਦਰ ਦਾਖਲ ਹੋਣ।

ਜਿਵੇਂ ਸਿੰਘ ਸਭਾ ਨੇ ਅਛੂਤਾਂ ਨੂੰ ਪਤਿਤ ਹੋਣ ਤੋਂ ਬਚਾਇਆ ਪਰ ਪਿੱਛੋਂ ਆ ਕੇ ਇਹ ਅਛੂਤਾਂ ਦੇ ਵਿਰੋਧੀ ਬਣ ਗਏ। ਐਨ ਉਸੇ ਤਰ੍ਹਾਂ ਅਕਾਲੀ ਲਹਿਰ (1920) ਵੀ ਪਹਿਲਾਂ ਪਹਿਲ ਅਛੂਤਾਂ ਦੇ ਹੱਕ ਵਿਚ ਸੀ। ਇਸ ਦੀ ਸਥਾਪਨਾ ਤੋਂ ਇਕ ਮਹੀਨਾ ਪਹਿਲਾਂ, ਇਨ੍ਹਾਂ ਲੋਕਾਂ ਨੇ ਹੀ ਅਛੂਤਾਂ ਨੂੰ ਹਰਿਮੰਦਰ ਸਾਹਿਬ ਵਿਚ ਲੈ ਜਾ ਕੇ ਇਨ੍ਹਾਂ ਦਾ ਪ੍ਰਸ਼ਾਦ ਪ੍ਰਵਾਨ ਕਰਵਾਇਆ ਸੀ। ਪਰ 1938 ਤੱਕ ਇਹੋ ਅਕਾਲੀ ਆਗੂ ਆਪਣੀ ਪਰੰਪਰਾਵਾਦੀ ਨਫ਼ਰਤ ਨਾਲ ਨੱਕੋ ਨੱਕ ਭਰ ਗਏ।

ਇਸ ਅਕੱਥ ਨਫ਼ਰਤ ਦੀ ਗਵਾਹੀ ਲਈ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਦਕਰ ਸਾਹਿਬ ਦੇ ਸਿੱਖ ਸਜਣ ਦੀ ਇੱਛਾ ਵਾਲੀ ਘਟਨਾ ਹੀ ਕਾਫੀ ਹੈ। ਇਹ ਰੌਂਗਟੇ ਖੜ੍ਹੇ ਕਰ ਦੇਣ ਵਾਲੀ ਨਫ਼ਰਤ ਦੀ ਸਿਖਰ ਵਾਲੀ ਘਟਨਾ ਦੀ ਗਵਾਹੀ ਪਿੱਛੋਂ ਹੋਰ ਸਬੂਤ ਦੀ ਉੱਕਾ ਹੀ ਜ਼ਰੂਰਤ ਨਹੀਂ ਰਹਿ ਜਾਂਦੀ। ਹੇਠ ਦਿੱਤੀਆਂ ਸੱਤਰਾਂ ਦਾ ਲਿਖਾਰੀ ਲਿਖਦਾ ਹੈ, "ਇਨ੍ਹਾਂ ਸੱਤਰਾਂ ਦਾ ਲਿਖਾਰੀ,'' ਸੰਨ 1964 ਵਿਚ ਇਕ ਦਿਨ ਚੰਡੀਗੜ੍ਹ ਹਾਈਕੋਰਟ ਦੇ ਬਾਥਰੂਮ ਵਿਚ ਬੈਠਾ ਸੀ ਕਿ ਸਰਦਾਰ ਇੰਦਰ ਸਿੰਘ ਕਰਵਾਲ ਐਡਵੋਕੇਟ, ਹਾਈ ਕੋਰਟ ਨੇ ਬਹੁਤ ਸਾਰੇ ਸੱਜਣਾਂ ਦੇ ਸਾਹਮਣੇ ਇਹ ਕਥਾ ਸੁਣਾਈ ਕਿ ਉਹਨਾਂ ਦਿਨਾਂ ਵਿਚ ਜਦੋਂ ਕਿ ਡਾ: ਅੰਬੇਦਕਰ ਦੇ ਅਕਾਲੀ ਲੀਡਰਾਂ ਨਾਲ ਮਤਭੇਦ ਦੇ ਕਾਰਨ, ਅਛੂਤਾਂ ਨੇ ਸਿੱਖ ਮੱਤ ਵਿਚ ਦਾਖਲ ਹੋਣ ਦਾ ਖਿਆਲ ਖੁੱਲ੍ਹਮ ਖੁੱਲ੍ਹਾ ਛੱਡ ਦਿੱਤਾ ਤਾਂ ਉਹਨਾਂ ਨੇ ਲਾਹੌਰ ਵਿਚ ਆਪਣੇ ਗੁਆਂਢੀ ਸਰਦਾਰ ਹਰਨਾਮ ਸਿੰਘ ਜੀ, ਐਮ. ਏ., ਐਲ. ਐਲ. ਬੀ. ਐਡਵੋਕੇਟ (ਹਾਈ ਕੋਰਟ ਜੱਜ) ਜੋ ਕਿ ਉਸ ਸਮੇਂ ਅਕਾਲੀਆਂ ਵਿਚ ਸਿਰਕੱਢ ਸਨ, ਕੋਲੋਂ ਇਸ ਦੁਰਘਟਨਾ ਦਾ ਸਹੀ ਕਾਰਨ ਪੁੱਛਿਆ, ਤਾਂ ਸਰਦਾਰ ਹਰਨਾਮ ਸਿੰਘ ਜੀ ਨੇ ਉਤਰ ਦਿੱਤਾ; "ਓਏ ਤੈਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ। ਛੇ ਕਰੋੜ ਅਛੂਤ ਸਿੱਖ ਬਣਾ ਕੇ, ਦਰਬਾਰ ਸਾਹਿਬ ਚੂਹੜਿਆਂ ਨੂੰ ਦੇ ਛੱਡੀਏ?'' ਇਉਂ ਛੇ ਕਰੋੜ "ਰੰਘਰੇਟੇ ਗੁਰੂ ਕੇ ਬੇਟੇ'' ਗੁਰੂ ਘਰ ਦੇ ਦਰ ਉਤੇ ਆਏ ਧੱਕੇ ਮਾਰ ਕੇ ਪਰਤਾ ਦਿੱਤੇ ਗਏ, ਜਿਵੇਂ ਗੁਰੂ ਤੇਗ ਬਹਾਦਰ ਨੂੰ ਹਰਿਮੰਦਰ ਸਾਹਿਬ ਵਿਚ ਵੜਨ ਨਹੀਂ ਸੀ ਦਿੱਤਾ ਗਿਆ।

ਸੋ ਅਕਾਲੀਆਂ ਦੇ ਇਸ ਹੰਕਾਰੀ ਅਤੇ ਨਫ਼ਰਤ ਭਰੇ ਫੈਸਲੇ ਨੇ ਗੁਰੂ ਗੋਬਿੰਦ ਸਿੰਘ ਜੀ ਦੇ 'ਰੰਘਰੇਟੇ ਗੁਰੂ ਕੇ ਬੇਟਿਆਂ' ਨੂੰ ਸਿੱਖ ਧਰਮ ਅਤੇ ਸਮਾਜ ਵਿਚੋਂ ਤਾਂ ਕੱਢਿਆ ਹੀ ਹੈ ਉਹਨਾਂ ਨੇ ਤਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਬੇਦਾਵਾ ਦੇ ਦਿੱਤਾ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਸਾਂਝੀਵਾਲਤਾ ਦੀ ਬੁਨਿਆਦ ਨੂੰ ਵੀ ਮਿੱਟੀ ਵਿਚ ਮਿਲਾ ਦਿੱਤਾ।

ਜਦੋਂ ਸਿੱਖ ਮੱਤ ਦੇ ਸਿਰਕੱਢ ਅਕਾਲੀ ਆਗੂਆਂ ਦਾ ਇਹ ਹਾਲ ਹੈ ਤਾਂ ਫਿਰ ਆਮ ਜਨਤਾ ਦੇ ਜਾਤ ਪਾਤ ਤੋਂ ਉਪਰ ਉੱਠਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦੋਂ ਅਕਾਲੀ ਆਗੂ, ਅਛੂਤਾਂ ਨੂੰ ਹਰਿਮੰਦਰ ਸਾਹਿਬ ਵਿਚ ਵੜਨ ਹੀ ਨਹੀਂ ਦੇਣਾ ਚਾਹੁੰਦੇ, ਫਿਰ ਉਹ ਅਛੂਤਾਂ ਦੇ "ਸ਼੍ਰੋਮਣੀ ਗੁਰੂ'' ਗੁਰੂ ਰਵਿਦਾਸ ਨੂੰ ਗੁਰੂ ਕਿਵੇਂ ਮੰਨ ਸਕਦੇ ਹਨ? ਸਪਸ਼ਟ ਹੈ ਕਿ ਅਕਾਲੀ ਅਛੂਤਾਂ ਨੂੰ ਨਫ਼ਰਤ ਕਰਦੇ ਹਨ ਇਸ ਕਰਕੇ ਉਹ ਗੁਰੂ ਰਵਿਦਾਸ ਜੀ ਨੂੰ ਗੁਰੂ ਨਹੀਂ ਕਹਿੰਦੇ ਅਤੇ ਨਾ ਹੀ ਮੰਨਦੇ ਹਨ।

ਉਪਰਲੀ ਚਰਚਾ ਤੋਂ ਸਪਸ਼ਟ ਹੈ ਕਿ ਗੁਰੂ ਦੇ ਤਿੰਨ ਰੂਪ ਹਨ:-

1. ਨਿਰਗੁਣ (ਬ੍ਰਹਮ ਗੁਰੂ) ਨਿਰੰਕਾਰ, ਪਰਮਾਤਮਾ
2. ਸਰਗੁਣ (ਦੇਹਧਾਰੀ ਗੁਰੂ) ਗੁਰੂ ਰਵਿਦਾਸ, ਗੁਰੂ ਨਾਨਕ
3. ਸ਼ਬਦ ਗੁਰੂ (ਗੁਰੂ ਗ੍ਰੰਥ ਸਾਹਿਬ) 'ਬਾਣੀ ਗੁਰੂ, ਗੁਰੂ ਹੈ ਬਾਣੀ।'

ਪਹਿਲੇ ਨੰਬਰ ਦੀ ਪਦਵੀ ਕੇਵਲ ਪਰਮਾਤਮਾ ਦੇ ਲਈ ਹੀ ਹੈ, ਉਸ ਦਾ ਹੋਰ ਕੋਈ ਸਾਨੀ ਨਹੀਂ। ਦੂਜੇ ਅਤੇ ਤੀਜੇ ਨੰਬਰ ਦੀ ਪਦਵੀ ਗੁਰੂ ਰਵਿਦਾਸ ਜੀ ਨੂੰ ਪ੍ਰਾਪਤ ਹੈ। ਇਹ ਉਪਰ ਵਿਚਾਰ ਆਏ ਹਾਂ।

ਇਸ ਅਨੁਸਾਰ ਗੁਰੂ ਰਵਿਦਾਸ ਜੀ ਨੂੰ 'ਭਗਤ' ਲਿਖਣਾ ਘੋਰ ਅੱਨਿਆ ਹੈ ਕਿਉਂਕਿ ਹਰ ਪੱਖ ਤੋਂ ਹੀ ਗੁਰੂ ਰਵਿਦਾਸ ਜੀ ਗੁਰੂ ਸਿੱਧ ਹੁੰਦੇ ਹਨ। ਉਹ ਭਗਤ ਕੇਵਲ ਪਰਮਾਤਮਾ ਦੇ ਹੀ ਹਨ, ਲੋਕਾਂ ਦੇ ਨਹੀਂ। ਭਗਤ ਦਾ ਸਬੰਧ ਲੋਕਾਂ ਨਾਲੋਂ ਟੁੱਟਾ ਹੋਇਆ ਹੁੰਦਾ ਹੈ, ਕਿਉਂਕਿ ਆਪਣੇ ਪਰਮਾਤਮਾ ਦੀ ਸਮਾਧੀ ਵਿਚ ਮਗਨ, ਉਹ ਲੋਕਾਂ ਤੋਂ ਬੇਪ੍ਰਵਾਹ ਹੁੰਦਾ ਹੈ। ਪਰਮਾਤਮਾ ਨਾਲ ਸਬੰਧ ਤਾਂ ਗੁਰੂ ਦਾ ਵੀ ਹੁੰਦਾ ਹੈ, ਪਰ ਗੁਰੂ ਦੇ ਤੌਰ ਤੇ ਉਹ ਸੰਗਤ ਨੂੰ ਉਪਦੇਸ਼ ਦਿੰਦਾ ਹੈ। ਜਿਸ ਦਾ ਸਦਕਾ ਭਾਵਕ ਤੌਰ ਤੇ ਗੁਰੂ ਤੇ ਸੰਗਤ ਇਕਮਿਕ ਹੋ ਜਾਂਦੇ ਹਨ। ਸੰਗਤ ਹੀ ਪ੍ਰਭ ਰੂਪ ਹੈ। ਇਸ ਕਰਕੇ ਗੁਰੂ ਉਪਦੇਸ਼ ਦਿੰਦਾ ਹੋਇਆ ਵੀ ਰੱਬ ਨਾਲ ਜੁੜਿਆ ਹੁੰਦਾ ਹੈ। ਇਸ ਤਰ੍ਹਾਂ ਗੁਰੂ ਰਵਿਦਾਸ ਜੀ ਨੂੰ ਗੁਰੂ ਨਾ ਮੰਨਣਾ ਉਹਨਾਂ ਦੇ ਸੰਗਤ ਨੂੰ ਉਪਦੇਸ਼ ਦੇਣ ਦੇ ਹੱਕ ਤੋਂ ਮੁਨਕਰ ਹੋਣਾ ਹੈ ਅਤੇ ਗੁਰੂ ਜੀ ਦੀ ਸੰਗਤ ਨਾਲ ਭਾਵਕ ਸਾਂਝ ਅਤੇ ਇਕਮਿਕਤਾ ਦਾ ਗਲ਼ਾ ਘੁੱਟ ਕੇ ਉਹਨਾਂ ਨੂੰ ਹਰਮਨ-ਪਿਆਰਾ ਹੋਣ ਤੇ ਰੋਕ ਲਾਉਣਾ ਹੈ।

ਜਿਹੜੇ ਲੋਕ ਗੁਰੂ ਰਵਿਦਾਸ ਜੀ ਨੂੰ ਗੁਰੂ ਕਹਿਣਾ ਤੇ ਮੰਨਣਾ ਨਹੀਂ ਚਾਹੁੰਦੇ, ਉਹ ਦਰਅਸਲ, ਉਹਨਾਂ ਤੋਂ ਉਪਦੇਸ਼ ਲੈਣਾ ਹੀ ਨਹੀਂ ਚਾਹੁੰਦੇ। ਉਪਦੇਸ਼ ਦੇਣ ਦੇ ਕਰਮ ਤੋਂ ਬਿਨਾਂ, ਕੋਈ ਗੁਰੂ ਬਣ ਹੀ ਨਹੀਂ ਸਕਦਾ। ਇਸ ਤਰ੍ਹਾਂ ਉਹ ਇਹ ਸਿੱਧ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਨੇ ਸੰਗਤਾਂ ਨੂੰ ਕਦੇ ਉਪਦੇਸ਼ ਦਿੱਤਾ ਹੀ ਨਹੀਂ। ਗੁਰੂ ਰਵਿਦਾਸ ਜੀ ਦੇ ਸੰਗਤਾਂ ਨੂੰ ਉਪਦੇਸ਼ ਦੇਣ ਤੋਂ ਮੁਨਕਰ ਹੋਣ ਵਾਲੇ ਸੱਜਣ ਇਹ ਭੁੱਲ ਜਾਂਦੇ ਹਨ ਕਿ ਗੁਰੂ ਜੀ 'ਸ਼ਬਦ-ਗੁਰੂ' ਦੇ ਰੂਪ ਵਿਚ ਸੰਗਤਾਂ ਨੂੰ ਉਪਦੇਸ਼ ਦਿੰਦੇ ਹਨ ਕਿਉਂਕਿ ਉਹਨਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ। ਸੋ ਸਪਸ਼ਟ ਰੂਪ ਵਿਚ ਗੁਰੂ ਰਵਿਦਾਸ ਜੀ ਗੁਰੂ ਹਨ।

ਇਤਿਹਾਸ ਗਵਾਹ ਹੈ ਕਿ ਇਤਿਹਾਸ ਹੀ ਕੌਮਾਂ ਨੂੰ ਅਮਰ ਬਣਾਉਂਦਾ ਹੈ। ਜੇ ਕਿਸੇ ਕੌਮ ਦਾ ਇਤਿਹਾਸ ਤਬਾਹ ਕਰ ਦਿੱਤਾ ਜਾਵੇ ਤਾਂ ਉਹ ਕੌਮ ਤਬਾਹ ਹੋ ਜਾਂਦੀ ਹੈ। ਅਨਾਰੀਆ ਕੌਮ ਦੇ ਇਤਿਹਾਸ ਨੂੰ ਆਰੀਆਂ ਨੇ ਤਬਾਹ ਕਰ ਦਿੱਤਾ ਸੀ, ਜਿਸ ਕਾਰਨ ਬਹਾਦਰ ਅਤੇ ਅਣਖੀਲੀ ਅਨਾਰੀਆ ਕੌਮ ਬਾਦਸ਼ਾਹਤ ਅਤੇ ਧਾਰਮਿਕ ਮਹਾਨਤਾ ਦੀ ਸਿਖਰ ਤੋਂ ਪਟਕਾ ਕੇ ਅਛੂਤ ਬਣਾ, ਮਿੱਟੀ ਵਿਚ ਮਿਲਾ ਦਿੱਤੀ ਗਈ। ਪੰਜਾਬ ਵਿਚ ਅਛੂਤਾਂ ਦੇ ਮੁੜ ਮਹਾਨਤਾ ਦੀ ਟੀਸੀ ਤੇ ਪਹੁੰਚੇ ਇਤਿਹਾਸ ਨੂੰ ਕੁਝ ਲੋਕ- ਖਾਸ ਕਰਕੇ ਗੁਰੂ ਗ੍ਰੰਥ ਸਾਹਿਬ ਦੇ ਅਖੌਤੀ ਨਾਮ-ਲੇਵਾ ਤਬਾਹ ਕਰਨ ਤੇ ਤੁਲੇ ਹੋਏ ਹਨ। ਇਸ ਤਬਾਹੀ ਦੀ ਘਿਨਾਉਣੀ ਸਕੀਮ ਅਧੀਨ ਹੀ ਗੁਰੂ ਰਵਿਦਾਸ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕੀਤਾ ਜਾਂਦਾ ਹੈ ਤਾਂ ਕਿ ਹਿੰਦੂ ਧਾਰਮਿਕ ਗ੍ਰੰਥਾਂ ਦੇ ਝੂਠ ਨੂੰ ਸੱਚ ਬਣਾਇਆ ਜਾ ਸਕੇ ਕਿ ਅਛੂਤ ਨਾ ਤਾਂ ਧਰਮ-ਉਪਦੇਸ਼ ਦੇ ਸਕਦੇ ਹਨ ਅਤੇ ਨਾ ਹੀ ਧਰਮ-ਉਪਦੇਸ਼ ਦੇਣ ਦੇ ਕਾਬਲ ਹਨ। ਇਸ ਲਈ ਜਿਹੜਾ ਕੰਮ ਆਰੀਆਂ ਨੇ ਅਨਾਰੀਆ ਦੇ ਇਤਿਹਾਸ ਨੂੰ ਤਬਾਹ ਕਰਨ ਲਈ ਕੀਤਾ ਸੀ, ਉਹੋ ਕੰਮ ਹੁਣ ਗੁਰੂ ਗ੍ਰੰਥ ਸਾਹਿਬ ਦੇ ਇਹਨਾਂ ਨਾਮ-ਲੇਵਾ ਨੇ ਸੰਭਾਲ ਲਿਆ ਹੈ। ਜਦਕਿ ਸਿੱਖ-ਗੁਰੂ ਸਾਹਿਬਾਨ ਨੇ ਅਛੂਤਾਂ ਦੇ ਇਤਿਹਾਸ ਨੂੰ ਸਤਿਕਾਰਿਆ ਅਤੇ ਇਸ ਨੂੰ 'ਸ਼ਬਦ-ਗੁਰੂ' ਦੇ ਰੂਪ ਵਿਚ ਪ੍ਰਵਾਨ ਕਰਕੇ, ਨਵੇਂ ਸਿਰੇ ਤੋਂ ਸਿਰਜਿਆ ਹੈ।

ਅਸੀਂ ਵਿਚਾਰ ਆਏ ਹਾਂ ਕਿ ਗੁਰੂ ਰਵਿਦਾਸ ਜੀ ਨੇ ਉਪਦੇਸ਼ ਵੀ ਦਿੱਤਾ ਹੈ ਅਤੇ ਉਹਨਾਂ ਦੀ ਗੁਰੂ ਦੇ ਤੌਰ ਤੇ ਪੂਜਾ ਵੀ ਹੋਈ ਹੈ। ਉਨ੍ਹਾਂ ਨੂੰ ਗੁਰੂ ਨਾ ਮੰਨਣ ਅਤੇ ਨਾ ਲਿਖਣ ਦਾ ਕਾਰਨ ਕੇਵਲ ਨਫ਼ਰਤ ਅਤੇ ਪੱਖਪਾਤ ਹੈ।

ਉਪਰਲੀ ਚਰਚਾ ਤੋਂ ਸਿੱਧ ਹੋ ਗਿਆ ਹੈ ਕਿ ਗੁਰੂ-ਸਾਹਿਬਾਨ ਦੇ ਵੇਲੇ ਤੋਂ ਹੁਣ ਤੱਕ ਸਿੱਖ ਵਿਦਵਾਨ ਅਛੂਤਾਂ ਨੂੰ ਹਿੰਦੂਆਂ ਵਾਂਗ ਹੀ ਨਫ਼ਰਤ ਕਰਦੇ ਆਏ ਹਨ। ਇਸ ਕਰਕੇ, ਗੁਰੂ ਜੀ ਨੂੰ ਗੁਰੂ ਮੰਨਣਾ ਤਾਂ ਇਕ ਪਾਸੇ ਰਿਹਾ, ਗੁਰੂ ਲਿਖਣਾ ਵੀ ਸ਼ਾਨ ਦੇ ਵਿਰੁੱਧ ਸਮਝਦੇ ਹਨ।

ਹੋਰ ਕੋਈ ਗੁਰੂ ਰਵਿਦਾਸ ਜੀ ਨੂੰ ਗੁਰੂ ਮੰਨੇ ਜਾਂ ਨਾ ਮੰਨੇ, ਪਰ ਗੁਰੂ ਗ੍ਰੰਥ ਸਾਹਿਬ ਦੇ ਨਾਮ-ਲੇਵਾ, ਜੋ ਇਨ੍ਹਾਂ ਨੂੰ ਗੁਰੂ ਨਹੀਂ ਮੰਨਦੇ ਤਾਂ ਫਿਰ ਇਸ ਦਾ ਸਿੱਧਾ ਅਰਥ "ਗੁਰੂ ਗ੍ਰੰਥ ਸਾਹਿਬ'' ਦੀ ਵਿਚਾਰਧਾਰਾ ਅਤੇ ਭਾਵਨਾ "ਬਾਣੀ ਗੁਰੂ, ਗੁਰੂ ਹੈ ਬਾਣੀ'' ਤੋਂ ਇਨਕਾਰ ਕਰਨਾ ਹੈ।

ਸਿੱਟਾ ਬਿਨਾਂ ਸ਼ੱਕ ਤੋਂ ਸਪਸ਼ਟ ਹੈ ਕਿ ਗੁਰੂ ਰਵਿਦਾਸ ਜੀ ਰੱਬ ਦੇ ਭਗਤ ਤਾਂ ਹਨ ਹੀ, ਉਹ ਸੰਗਤਾਂ ਦੇ ਮਹਾਨ ਗੁਰੂ ਵੀ ਹਨ।

# ਡਾ. ਕੁਲਵੰਤ ਕੌਰ ਦੀ ਪੁਸਤਕ 'ਸ਼ਤਾਬਦੀਆਂ ਦਾ ਸੁਨੇਹਾ' ਨਿਊਯਾਰਕ ਵਿਖੇ ਰਿਲੀਜ਼

ਨਿਊਯਾਰਕ (ਬਿਊਰੋ) ਪੰਜਾਬ ਅਤੇ ਪੰਜਾਬੀ ਦੀ ਸੁਪ੍ਰਸਿੱਧ ਲੇਖਕਾ ਅਤੇ ਸਮਾਜ ਸੇਵਿਕਾ ਡਾ. ਕੁਲਵੰਤ ਕੌਰ ਦੀ ਤਾਜ਼ਾ-ਤਰੀਨ ਪੁਸਤਕ, 'ਸ਼ਤਾਬਦੀਆਂ ਦਾ ਸੁਨੇਹਾ' ਸ੍ਰੀ ਗੁਰੂ ਰਵਿਦਾਸ ਸਭਾ ਨਿਊਯਾਰਕ ਵਿਖੇ ਇਕ ਵੱਡੇ ਸੈਮੀਨਾਰ ਅਤੇ ਸੰਗਤੀ-ਇਕੱਠ ਵਿਚ ਜਨਤਕ ਕੀਤੀ ਗਈ। ਇਸ ਪੁਸਤਕ ਵਿਚ ਬੀਤੇ ਦਹਾਕੇ ਵਿਚ ਮਨਾਈਆਂ ਗਈਆਂ ਦਰਜਨਾਂ ਹੀ ਸ਼ਤਾਬਦੀਆਂ ਸਬੰਧੀ ਗੰਭੀਰ ਚਿੰਤਨ ਕੀਤਾ ਗਿਆ ਹੈ ਅਤੇ ਚਿੰਤਾ ਵੀ ਕੀਤੀ ਗਈ ਹੈ ਕਿ ਅਰਬਾਂ ਖਰਬਾਂ ਰੁਪਏ ਖਰਚ ਕਰਨ ਉਪਰੰਤ ਵੀ ਇਹਨਾਂ ਸ਼ਤਾਬਦੀਆਂ ਸਬੰਧੀ ਸਾਹਿਤਕ ਅਤੇ ਅਧਿਆਤਮਕ ਯਤਨ ਨਾਂਹ ਦੇ ਬਰਾਬਰ ਕੀਤੇ ਗਏ ਹਨ।



ਡਾਕਟਰ ਸਾਹਿਬਾ ਦਾ ਮੰਨਣਾ ਹੈ ਕਿ ਵੱਡੇ ਵੱਡੇ ਕੀਰਤਨ ਦਰਬਾਰ, ਲੰਮੇ ਲੰਮੇ ਨਗਰ ਕੀਰਤਨ, ਆਲੀਸ਼ਾਨ ਧਾਰਮਿਕ ਸਮਾਗਮ, ਵੱਡ ਆਕਾਰੇ ਹੋਰਡਿੰਗਜ਼, ਸਵਾਦੀ ਪਕਵਾਨਾਂ ਵਾਲੇ ਲੰਗਰ ਅਤੇ ਰੱਜ ਰੱਜ ਕੇ ਕੀਤੇ ਵਿਖਾਵੇ ਇਨ੍ਹਾਂ ਸ਼ਤਾਬਦੀਆਂ ਦਾ ਗਲਤ ਸੁਨੇਹਾ ਦੇ ਕੇ ਗੁਜ਼ਰ ਗਏ ਹਨ। ਜ਼ਿਕਰਯੋਗ ਹੈ ਕਿ ਬੀਬੀ ਕੁਲਵੰਤ ਕੌਰ ਗੁਰ ਰਵਿਦਾਸ ਸਭਾ ਨਿਊਯਾਰਕ ਦੇ ਸੱਦੇ 'ਤੇ ਅਮਰੀਕਾ ਆਏ ਹੋਏ ਹਨ, ਜਿੱਥੇ ਮਹਾਰਾਜ ਜੀ ਦਾ 636ਵਾਂ ਪ੍ਰਕਾਸ਼ ਦਿਹਾੜਾ ਆਲੀਸ਼ਾਨ ਨਗਰ ਕੀਰਤਨ ਕੱਢ ਕੇ ਮਨਾਇਆ ਗਿਆ ਹੈ। ਫਰਵਰੀ ਮਹੀਨੇ ਵਿਚ ਬਹੁਤ ਜ਼ਿਆਦਾ ਬਰਫੀਲਾ ਮੌਸਮ ਹੋਣ ਕਰਕੇ ਇਹ ਪ੍ਰਕਾਸ਼-ਦਿਹਾੜਾ ਉਦੋਂ ਮੁਲਤਵੀ ਕਰ ਦਿੱਤਾ ਗਿਆ ਸੀ, ਜਿਸਨੂੰ ਹੁਣ ਪੂਰੇ ਧੂੰਮ ਧਾਮ ਨਾਲ ਹਜ਼ਾਰਾਂ ਸੰਗਤਾਂ ਨੇ ਮਨਾਇਆ।



ਉਲੰਪੀਅਨ ਵੇਟਲਿਫਟਰ ਜਸਵੀਰ ਸਿੰਘ ਬੰਗੜ ਆਪਣੀ ਮਾਤਾ ਸ਼੍ਰੀਮਤੀ ਕਰਮੀ ਬੰਗੜ, ਪਤਨੀ ਮਨਦੀਪ ਕੌਰ ਤੇ ਬੇਟੇ ਜਸ਼ਨ ਬੰਗੜ ਨਾਲ ਜਨਮ ਦਿਨ ਮਨਾਉਂਦੇ ਹੋਏ।

ਫੋਟੋ ਦਾ ਵੇਰਵਾ- ਰੇਸ਼ਮ ਕਰਨਾਣਵੀ

# ਪ੍ਰਵਾਸੀ ਲੇਖਕ ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਦੀ ਪੁਸਤਕ 'ਜੀਵਨ-ਜੁਗਤਾਂ' ਅੱਪਰਾਂ 'ਚ ਲੋਕ ਅਰਪਣ









ਜਲੰਧਰ ਜ਼ਿਲ੍ਹੇ ਦੇ ਮਸ਼ਹੂਰ ਪਿੰਡ ਅੱਪਰਾਂ ਵਿਖੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) (ਸੇਖੋਂ) ਦੇ ਸਹਿਯੋਗ ਨਾਲ ਸਮਾਜਿਕ, ਸਾਹਿਤਕ ਅਤੇ ਸਭਿਆਚਾਰਕ ਕੇਂਦਰ (ਰਜਿ:) ਅੱਪਰਾਂ ਵੱਲੋਂ ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ ਦੀ ਪੰਜਵੀਂ ਪੁਸਤਕ 'ਜੀਵਨ ਜੁਗਤਾਂ' ਲੋਕ ਅਰਪਣ ਕਰਨ ਲਈ ਇਕ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਪ੍ਰਧਾਨਗੀ ਮੰਡਲ ਵਿਚ ਡਾ. ਤੇਜਵੰਤ ਸਿੰਘ ਮਾਨ, ਪਵਨ ਹਰਚੰਦਪੁਰੀ ਜਨਰਲ ਸਕੱਤਰ, ਪ੍ਰੋ. ਸੰਧੂ ਵਰਿਆਣਵੀ, ਹਰਕੇਸ਼ ਸੋਢੀ ਭਾਰਦਵਾਜ਼, ਨਵਰਾਹੀ ਘੁਗਿਆਣਵੀ ਅਤੇ ਡੀ. ਐਰੀ ਸਰਪੰਚ ਅੱਭਰਾਂ (ਗਾਇਕ ਅਤੇ ਸੰਗੀਤਕਾਰ) ਸੁਸ਼ੋਭਿਤ ਸਨ।

ਪ੍ਰੋ. ਸੰਧੂ ਵਰਿਆਣਵੀ ਨੇ ਇਸ ਸਮਾਗਮ ਵਿਚ ਦੂਰੋਂ ਨੇੜਿਉਂ ਪਹੁੰਚੇ ਸਾਹਿਤਕਾਰਾਂ, ਪਤਵੰਤਿਆਂ ਅਤੇ ਸਰੋਤਿਆਂ ਨੂੰ ਜੀ ਆਇਆਂ ਕਿਹਾ। ਪ੍ਰੋਫੈਸਰ ਸ਼ਿੰਗਾਰਾ ਸਿੰਘ ਢਿੱਲੋਂ (ਯੂ. ਕੇ.) ਦੀ ਪੰਜਵੀਂ ਵਾਰਤਕ ਪੁਸਤਕ ਡਾਕਟਰ ਤੇਜਵੰਤ ਸਿੰਘ ਮਾਨ ਨੇ ਪ੍ਰਧਾਨਗੀ ਮੰਡਲ ਸਮੇਤ ਲੋਕ ਅਰਪਣ ਕੀਤੀ।

ਪੁਸਤਕ ਜੀਵਨ ਜੁਗਤਾਂ ਸਬੰਧੀ ਪ੍ਰੋ. ਜੀ. ਬੀ. ਸੇਖੋਂ ਨੇ ਆਲੋਚਨਾਤਮਕ ਵਿਚਾਰ ਪੇਸ਼ ਕੀਤੇ। ਉਪਰੰਤ ਡਾਕਟਰ ਤੇਜਵੰਤ ਸਿੰਘ ਮਾਨ ਨੇ ਪੁਸਤਕ ਜੀਵਨ ਜੁਗਤਾਂ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ, ਪ੍ਰੋ. ਢਿੱਲੋਂ ਵੱਲੋਂ ਕਈ ਹੋਰ ਦੇਸ਼ਾਂ ਦੀਆਂ ਸਭਿਆਚਾਰਕ ਕਥਾਵਾਂ, ਲੋਕ ਕਹਾਣੀਆਂ ਨੂੰ ਪੁਸਤਕ ਵਿਚ ਦਰਜ ਕਰਕੇ ਸੇਧਮਈ ਬਣਾਉਣ ਨੂੰ ਜਾਇਜ਼ ਠਹਿਰਾਇਆ ਅਤੇ ਉਹਨਾਂ ਪੁਸਤਕ ਦੇ ਉਸਾਰੂ ਪੱਖਾਂ ਤੇ ਚਾਨਣਾ ਪਾਇਆ।

ਇਸ ਸਮਾਗਮ ਵਿਚ ਪ੍ਰਭਾਵਸ਼ਾਲੀ ਕਵੀ ਦਰਬਾਰ ਦੌਰਾਨ ਹਾਜ਼ਰ ਕਵੀਆਂ ਪ੍ਰੋ. ਸੰਧੂ ਵਰਿਆਣਵੀ, ਪਵਨ ਹਰਚੰਦਪੁਰੀ, ਇਕਬਾਲ ਘਾਰੂ ਫਰੀਦਕੋਟ, ਕ੍ਰਿਸ਼ਨ ਬੇਤਾਬ, ਨਵਰਾਹੀ ਘੁਗਿਆਣਵੀ, ਗੁਲਜ਼ਾਰ ਸਿੰਘ ਸ਼ੌਂਕੀ, ਕਰਤਾਰ ਸਿੰਘ ਰੁੱਲੀਵਾਲ, ਕਰਮ ਸਿੰਘ ਜ਼ਖਮੀ, ਅਵਤਾਰ ਸਿੰਘ ਸੰਧੂ, ਅਮਰਜੀਤ ਅਮਨ, ਮੱਖਣ ਕ੍ਰਾਂਤੀ, ਸੋਢੀ ਰਾਣਾ, ਸ਼ੁਮਨ ਸ਼ਾਮ ਪੁਰੀ, ਰੇਸ਼ਮ ਕਰਨਾਣਵੀ, ਜਸਵੀਰ ਮੋਰੋਂ, ਹਰਬੰਸ ਕੈਂਥ, ਸਾਧੂ ਸਿੰਘ ਜੱਸਲ, ਸੋਢੀ ਸਿੰਘ ਚੀਮਾ, ਸਾਬੀ ਈਸਪੁਰੀ, ਲਾਲ ਕਮਲ ਅੱਪਰਾ, ਮਾਸਟਰ ਬਿਹਾਰ ਲਾਲ, ਦੇਸ਼ ਬੰਧੂ ਉਪਲ, ਚਰਨਜੀਤ ਕੌਰ ਬਸਰਾ, ਡੀ ਐਰੀ ਅੱਪਰਾ, ਰਾਜੇਸ਼ ਕੁਮਾਰ, ਮੁਨੀਸ਼ ਮਸਾਣੀ, ਸਿਮਰਨਜੀਤ ਸਿੰਮੀ, ਅਮ੍ਰਿਤਾ ਰਾਣੀ, ਅਰਸ਼ਮੀਤ ਆਸ਼ੂ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਹਾਜ਼ਰੀ ਲਗਵਾਈ।



ਡਾ. ਤੇਜਵੰਤ ਸਿੰਘ ਮਾਨ ਨੇ ਪ੍ਰੋ. ਢਿੱਲੋਂ ਦੀ ਪੁਸਤਕ ਦੇ ਸੰਦਰਭ ਵਿਚ ਗੱਲਬਾਤ ਕਰਦੇ ਹੋਏ ਜਿੱਥੇ ਉਹਨਾਂ ਨੇ ਨਵੀਂ ਪੀੜ੍ਹੀ ਦੇ ਗਜ਼ਲਕਾਰਾਂ, ਗੀਤਕਾਰਾਂ ਤੇ ਕਵੀਆਂ ਦੀਆਂ ਰਚਨਾਵਾਂ ਨੂੰ ਸਲਾਹਿਆ ਅਤੇ ਵਡਮੁੱਲੀ ਸੇਵਾ ਦਿੰਦੇ ਹੋਏ ਵਿਚਾਰਾਂ ਦੀ ਜਦੀਦੀਅਤ ਰਾਹੀਂ ਰਵਾਇਤੀ ਲੀਹਾਂ ਤੋਂ ਹਟ ਕੇ ਲਿਖਣ ਲਈ ਪ੍ਰੇਰਿਤ ਵੀ ਕੀਤਾ। ਉਹਨਾਂ ਆਪਣੇ ਵਿਚਾਰਾਂ ਵਿਚ ਪੰਜਾਬੀ ਭਾਸ਼ਾ ਨੂੰ ਸੰਭਾਵੀ ਖਤਰਿਆਂ ਅਤੇ ਸਮਾਜਿਕ ਅਤੇ ਭਾਸ਼ਾਈ ਨਿਘਾਰ ਤੇ ਚਿੰਤਾ ਪ੍ਰਗਟ ਕੀਤੀ। ਉਹਨਾਂ ਨੇ ਉਤਪਾਦਕੀ ਅਤੇ ਖਪਤਵਾਦੀ ਸਭਿਆਚਾਰ ਨੂੰ ਇਸ ਗੱਲ ਦੇ ਜ਼ਿੰਮੇਵਾਰ ਠਹਿਰਾਉਂਦੇ ਹੋਏ ਇਸ ਸਭਿਆਚਾਰ ਤੋਂ ਬਚਣ ਅਤੇ ਸਮਾਜਿਕ, ਸਭਿਆਚਾਰਕ, ਕਲਾਤਮਕ ਨਰੋਈਆਂ ਰਵਾਇਤੀ ਕਦਰਾਂ ਕੀਮਤਾਂ ਨੂੰ ਅਪਣਾਉਣ ਤੇ ਜ਼ੋਰ ਦਿੱਤਾ।

ਉਹਨਾਂ ਕਿਹਾ ਕਿ ਪੂੰਜੀਵਾਦੀ ਤਾਕਤਾਂ ਵੱਲੋਂ ਦੁਨੀਆਂ ਨੂੰ ਵਪਾਰਕ ਮੰਡੀ ਬਣਾ ਕੇ ਉਸ ਤਹਿਤ ਦਰਸ਼ਨ, ਇਤਿਹਾਸ, ਸਮਾਜ, ਸ਼ਬਦ (ਭਾਸ਼ਾ) ਨੂੰ ਖਤਮ ਕਰਨ ਦੀਆਂ ਸੋਚੀਆਂ ਸਮਝੀਆਂ ਚਾਲਾਂ ਤੋਂ ਬਚ ਕੇ ਸਿਰਫ ਤੇ ਸਿਰਫ ਉਤਪਾਦਕੀ ਅਤੇ ਖਪਤਵਾਦੀ ਸੱਭਿਆਚਾਰ ਫੈਲਾਉਣ ਦੀਆਂ ਸਾਜਿਸ਼ਾਂ ਤੋਂ ਬਚਣ ਲਈ ਸਤਰਕ ਰਹਿਣ ਅਤੇ ਮਾਨਵੀ ਕਦਰਾਂ ਕੀਮਤਾਂ, ਕਲਾਵਾਂ ਨੂੰ ਕਾਇਮ ਰੱਖਣ ਲਈ ਸੁਚੇਤ ਤੌਰ ਤੇ ਅਮਲ ਕਰਨ ਦੀ ਲੋੜ ਤੇ ਜ਼ੋਰ ਦਿੱਤਾ।

ਇਸ ਸਮਾਗਮ ਵਿਚ ਜਰਨੈਲ ਸਿੰਘ ਗਿੱਲ, ਮਾਸਟਰ ਬਲਵੰਤ ਸਿੰਘ, ਚਿੱਤਰਕਾਰ ਕੁਲਪ੍ਰੀਤ ਰਾਣਾ, ਹਰਪਾਲ ਸਿੰਘ ਰਹਿਪਾ, ਅਜਮੇਰ ਸਿੰਘ ਚਾਨਾ, ਹਰਭਜਨ ਸਿੰਘ ਢਿੱਲੋਂ, ਦਵਿੰਦਰ ਸਿੰਘ ਭੁੱਚੂ, ਲੱਕੀ ਅੱਪਰਾ, ਮਨਜਿੰਦਰ ਸਿੰਘ ਸਹੋਤਾ, ਸੁਹਿੰਦਰ ਸਿੰਘ ਗਿੱਲ, ਕੁਲਵੰਤ ਕ੍ਰਿਸ਼ਨ, ਅਸ਼ਵਨੀ ਕੁਮਾਰ ਆਦਿ ਵਿਸ਼ੇਸ਼ ਤੌਰ ਤੇ ਪਹੁੰਚੇ। ਮਾਸਟਰ ਮੱਖਣ ਕ੍ਰਾਂਤੀ ਨੇ ਸਟੇਜ ਸੰਚਾਲਨ ਬਾਖੂਬੀ ਨਿਭਾਇਆ। ਅਖੀਰ ਵਿਚ ਦੇਸ਼ ਬੰਧੂ ਉਪਲ ਨੇ ਪ੍ਰਧਾਨਗੀ ਮੰਡਲ ਸਮੂਹ ਸ਼ਾਇਰਾਂ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ।

- ਰੇਸ਼ਮ ਕਰਨਾਣਵੀ (98158- 80104)

# ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਧਰਮ ਸਿੰਘ ਭਾਰਤੀ ਦੀ ਪਹਿਲੀ ਬਰਸੀ ਮਨਾਈ ਗਈ

ਫਰਿਜ਼ਨੋ (ਡੀ. ਡੀ. ਬੀ.)- ਆਈ. ਬੀ. ਓ. (ਕੈਲੇਫੋਰਨੀਆ) ਦੇ ਸੀਨੀਅਰ ਮੈਂਬਰ ਸਵਰਗੀ ਸ. ਧਰਮ





ਸਿੰਘ ਭਾਰਤੀ (ਪਟਵਾਰੀ) ਜੀ ਦੀ ਪਹਿਲੀ ਬਰਸੀ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ (ਕੈਲੇਫੋਰਨੀਆ) ਵਿਖੇ 14 ਜੁਲਾਈ ਨੂੰ ਮਨਾਈ ਗਈ।

ਇਸ ਮੌਕੇ ਸਰਵ ਸ੍ਰੀ ਕਰਮ ਸਿੰਘ ਬੰਗੜ ਅਤੇ ਦੇਸ ਰਾਜ ਬੰਗੜ ਨੇ ਸਵਰਗੀ ਸ੍ਰੀ ਭਾਰਤੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਹਨਾਂ ਦੇ ਜੀਵਨ ਅਤੇ ਕੰਮਾਂ ਬਾਰੇ ਵਿਸਥਾਰ ਪੂਰਵਕ ਸੰਗਤਾਂ ਨੂੰ ਜਾਣੂ ਕਰਵਾਇਆ। ਇਸੇ ਦਿਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੇ ਹੋਣਹਾਰ ਬੱਚਿਆਂ ਨੂੰ, ਜਿਹਨਾਂ ਦੀ ਜੀ. ਪੀ. ਏ. ਸਾਢੇ ਤਿੰਨ ਜਾਂ ਇਸ ਤੋਂ ਉਪਰ ਸੀ, ਹਰੇਕ ਵਿਦਿਅਰਥੀ ਨੂੰ ਸਨਮਾਨ ਪੱਤਰ ਅਤੇ ਇਕ ਸੌ ਇਕ ਡਾਲਰ ਨਾਲ ਸਨਮਾਨਿਤ ਕੀਤਾ ਗਿਆ।

ਇਸ ਤੋਂ ਇਲਾਵਾ ਇਨ੍ਹਾਂ ਸਾਰੇ ਬੱਚਿਆਂ, ਜਿਹਨਾਂ ਦੇ ਨਾਂ ਹਰਪ੍ਰੀਤ ਕੌਰ ਬੰਗੜ, ਅਮਨਦੀਪ ਸਿੰਘ ਬੰਗੜ, ਹਰਪ੍ਰੀਤ ਕੌਰ, ਰਮਨ ਕੌਰ ਮੋਮੀ, ਨਿਸ਼ਾ ਅਬੇਦੀ, ਪ੍ਰਤੇਸ਼ ਚੰਦ ਦਾਦਰਾ ਅਤੇ ਸੁਰਮਜੀਤ ਕੌਰ ਹਨ, ਨੂੰ ਭਾਰਤੀ ਸਾਹਿਬ ਦੀ ਯਾਦ ਵਿਚ ਉਹਨਾਂ ਦੇ ਸਮੂਹ ਪਰਿਵਾਰ ਵੱਲੋਂ, ਉਹਨਾਂ ਦੀ ਧਰਮ ਪਤਨੀ ਕਰਤਾਰ ਕੌਰ ਭਾਰਤੀ ਨੇ ਹਰੇਕ ਬੱਚੇ ਨੂੰ 51 ਡਾਲਰ ਹੌਂਸਲਾ ਅਫਜ਼ਾਈ ਵਜੋਂ ਦਿੰਦਿਆਂ ਅੱਗੇ ਤੋਂ ਵੀ ਉਚੇਰੀ ਵਿੱਦਿਆ ਲਈ ਆਸ਼ੀਰਵਾਦ ਦਿੱਤਾ।

ਇੱਥੇ ਇਹ ਵਰਣਨਯੋਗ ਹੈ ਕਿ ਗੁਰੂ ਘਰ ਦੇ ਚੇਅਰਮੈਨ ਸ੍ਰੀ ਮਲਕੀਤ ਸਿੰਘ ਬੰਗੜ ਦੇ ਸਪੁੱਤਰ ਅਮਨਦੀਪ ਸਿੰਘ ਬੰਗੜ ਨੇ ਕਿੰਗਜ਼ਬਰਗ ਸ਼ਹਿਰ ਦੇ ਕਿੰਗਜ਼ਬਰਗ ਹਾਈ ਸਕੂਲ 'ਚੋਂ ਅੱਵਲ ਪੁਜੀਸ਼ਨ ਹਾਸਲ ਕਰਕੇ ਆਪਣਾ, ਆਪਣੇ ਮਾਤਾ ਪਿਤਾ ਤੇ ਸਮਾਜ ਦਾ ਨਾਂ ਉੱਚਾ ਕੀਤਾ।

ਅਦਾਰਾ "ਦੇਸ਼ ਦੁਆਬਾ" ਇਨ੍ਹਾਂ ਸਾਰੇ ਹੋਣਹਾਰ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਜਿੱਥੇ ਹਾਰਦਿਕ ਵਧਾਈ ਦਿੰਦਾ ਹੈ, ਉਥੇ ਭਵਿੱਖ 'ਚ ਹੋਰ ਵਧੇਰੇ ਮੱਲਾਂ ਮਾਰਨ ਲਈ ਸ਼ੁਭ ਕਾਮਨਾਵਾਂ ਕਰਦਾ ਹੈ।

'ਸਾਉਣ ਦਾ ਮਹੀਨਾ ਮਾਹੀ ਆ ਗਿਆ ਗੱਡੀ ਜੋੜ ਕੇ, ਮੈ ਨੀ ਜਾਣਾ ਸਹੁਰੇ ਗੱਡੀ ਲੈ ਜਾ ਖਾਲੀ ਮੋੜ ਕੇ'

Entry Free

Entry Free

# PUNJABI CULTURAL SOCIETY SACRAMENTO (U.S.A.)

ਵਲੋਂ ਪੇਸ਼ ਹੈ 14ਵੀਆਂ

# ਤੀਆਂ

# TEEYAN



## On Sunday, the 11th AUGUST 2013 At 1.00 P. M.

## AT S.E.S. Hall

**10427 E. STOCKTON BLVD. ELK GROVE, CA 95624**

**Featuring : Songs, Gidha, Dances, Skits, D.J. and Much More**

## ALL LADIES AND GIRLS ARE INVITED

**ORGANIZING COMMITTEE**

Baldev Kaur, Rashpal Kaur, Harpreet Sahota, Aman Rangi, Rajwinder Pooni, Pardeep Pooni, Kamal Dhillon, Bhavandeep Kaur, Rajbir Kaur, Balbir Pooni, Jaswinder Chohan, Jasvir Gill, Harinder Kaur, Laddi Thandi (Henna Beauty Parlour), Balwinder Garcha, Sonia Dhillon, Rani Sarhadi, Rupinder Kaur, Tajinder Kaur, Harminder Kaur, Parmjit Kaur, Inderpal Kahlon, Parmjit Aulakh, Harpreet Kaur, Rupinder Malhi & Mandeep Pharwala

**For Participation & Stalls Please Call :**

Mandeep Pharwala @ 916-682-7321, Rashpal Parhar @ 730-7191, Baldev Kaur @ 996-2010, Email: palpharwala@yahoo.com

**ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ ।**

ਐਂਟਰੀ ਬਿਲਕੁਲ ਮੁਫਤ **No Cameras Will Be Allowed Inside The Hall** ਵੱਲੋਂ : ਪ੍ਰਬੰਧਕ ਕਮੇਟੀ

Printer : Barapind Printing Press, Email: barapindpress@gmail.com